@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 9 February 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 9 ਫਰਵਰੀ 2025, 25 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 90, qpatrika@gmail.com ਫੋਨ : 9971359517 www.qaumipatrika.org

## 27 ਸਾਲਾਂ ਬਾਅਦ 'ਦਿੱਲੀ ਦੇ ਲੋਕਾਂ ਨੇ ਸਾਨੂੰ ਦਿਲ ਖੋਲ੍ਹ ਕੇ ਪਿਆਰ ਦਿੱਤਾ': ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 8 ਫਰਵਰੀ। ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ ਬਹੁਮਤ ਹਾਸਲ ਕਰ ਲਿਆ ਹੈ। ਨਵੀਂ ਦਿੱਲੀ ਸੀਟ ਤੋਂ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਜੰਗਪੁਰਾ ਤੋਂ ਮਨੀਸ਼ ਸਿਸੋਦੀਆ ਵਰਗੇ ਦਿੱਗਜ ਨੇਤਾ ਚੋਣਾਂ ਹਾਰ ਗਏ ਹਨ। ਦਿੱਲੀ ਵਿੱਚ ਕੁੱਲ 70 ਸੀਟਾਂ ਹਨ ਅਤੇ ਬਹੁਮਤ ਹਾਸਲ ਕਰਨ ਲਈ 36 ਸੀਟਾਂ ਜਿੱਤਣੀਆਂ ਜ਼ਰੂਰੀ ਹਨ। ਭਾਜਪਾ ਦੇ 'ਕਮਲ' ਨੇ ਬਹੁਮਤ ਹਾਸਲ ਕਰ ਲਿਆ ਹੈ ਅਤੇ 48 ਸੀਟਾਂ 'ਤੇ ਲੀਡ ਲੈ ਲਈ ਹੈ। ਆਮ ਆਦਮੀ ਪਾਰਟੀ ਦਾ 'ਝਾੜੂ' ਖਿੱਲਰ ਗਿਆ ਹੈ। 'ਆਪ' ਨੂੰ ਸਿਰਫ਼ 22 ਸੀਟਾਂ 'ਤੇ ਜਿੱਤ ਮਿਲੀ ਹੈ। ਜਦੋਂ ਕਿ ਕਾਂਗਰਸ ਲਗਾਤਾਰ ਤੀਜੀ ਵਾਰ 'ਜ਼ੀਰੋ' 'ਤੇ ਸਿਮਟ ਗਈ ਹੈ। ਭਾਜਪਾ ਨੇ ਪਹਿਲੀ ਵਾਰ 1993 ਵਿੱਚ ਦਿੱਲੀ ਜਿੱਤੀ। ਹੁਣ ਭਾਜਪਾ ਨੇ 27 ਸਾਲਾਂ ਮਗਰੋਂ ਰਾਸ਼ਟਰੀ ਰਾਜਧਾਨੀ ਵਿੱਚ ਵੱਡੀ ਜਿੱਤ ਹਾਸਲ ਕੀਤੀ ਹੈ। ਦਿੱਲੀ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਰਿਕਾਰਡਤੋੜ ਜਿੱਤ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਦਫਤਰ 'ਚ ਪਾਰਟੀ ਵਰਕਰਾਂ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ਦੀ ਸ਼ੁਰੂਆਤ ਉਨ੍ਹਾਂ ਨੇ 'ਯਮੁਨਾ ਮਈਆ' ਦੇ ਜੈਕਾਰੇ ਨਾਲ ਕੀਤੀ ਅਤੇ ਦਿੱਲੀ ਵਾਸੀਆਂ ਦਾ ਧੰਨਵਾਦ ਕੀਤਾ। ਪੀ.ਐੱਮ. ਮੋਦੀ ਨੇ ਕਿਹਾ ਕਿ ਦਿੱਲੀ ਨੇ ਦਿਲ ਖੋਲ੍ਹ ਕੇ ਸਾਨੂੰ ਆਪਣਾ ਪਿਆਰ ਅਤੇ ਸਮਰਥਨ ਦਿੱਤਾ ਹੈ। ਪੀ.ਐੱਮ. ਮੋਦੀ ਨੇ ਕਿਹਾ, "ਮੈਂ ਦਿੱਲੀ ਨੂੰ ਅਪੀਲ ਕੀਤੀ ਸੀ ਕਿ ਉਹ ਭਾਜਪਾ



ਨੂੰ 21ਵੀਂ ਸਦੀ ਵਿੱਚ ਸੇਵਾ ਕਰਨ ਦਾ ਮੌਕਾ ਦੇਣ ਅਤੇ ਭਾਜਪਾ ਨੂੰ ਦਿੱਲੀ ਨੂੰ ਵਿਕਸਤ ਭਾਰਤ ਦੀ ਰਾਜਧਾਨੀ ਬਣਾਉਣ ਦਾ ਮੌਕਾ ਦੇਣ। ਦਿੱਲੀ ਦੇ ਲੋਕਾਂ ਨੇ ਮੇਰੇ 'ਤੇ ਭਰੋਸਾ ਕੀਤਾ, ਇਸ ਲਈ ਮੈਂ ਆਪਣਾ ਸਿਰ ਝੁਕਾਉਂਦਾ ਹਾਂ ਅਤੇ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਦਿੱਲੀ ਨੇ ਸਾਨੂੰ ਆਪਣਾ ਪਿਆਰ ਅਤੇ ਸਮਰਥਨ ਪੂਰੇ ਦਿਲੋਂ ਦਿੱਤਾ। ਆਪਣੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਦਿੱਲੀ ਦੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਿੱਲੀ ਨੂੰ ਹੋਰ ਖੁਸ਼ਹਾਲ ਅਤੇ ਵਿਕਸਤ ਬਣਾਏਗੀ। ਪੀ.ਐੱਮ. ਮੋਦੀ ਨੇ ਕਿਹਾ, 'ਦਿੱਲੀ ਦੇ ਲੋਕਾਂ ਦਾ ਵਿਸ਼ਵਾਸ ਅਤੇ ਪਿਆਰ ਸਾਡੇ ਲਈ ਇੱਕ ਵੱਡਾ ਕਰਜ਼ ਹੈ। ਹੁਣ ਦਿੱਲੀ ਵਿੱਚ ਇੱਕ ਡਬਲ ਇੰਜਣ ਸਰਕਾਰ ਹੋਵੇਗੀ ਜੋ ਸੂਬੇ ਦਾ ਤੇਜ਼ੀ ਨਾਲ ਵਿਕਾਸ ਕਰੇਗੀ। ਪ੍ਰਧਾਨ ਮੰਤਰੀ ਨੇ ਇਸਨੂੰ ਇਤਿਹਾਸਕ ਜਿੱਤ ਦੱਸਿਆ ਅਤੇ ਕਿਹਾ ਕਿ ਦਿੱਲੀ ਦੇ ਲੋਕਾਂ ਨੇ 'ਆਪ-ਦਾ' ਸਰਕਾਰ ਨੂੰ ਬਾਹਰ ਕੱਢ ਦਿੱਤਾ ਹੈ। ਉਨ੍ਹਾਂ ਦੇ ਅਨੁਸਾਰ, ਅੱਜ ਹੰਕਾਰ ਅਤੇ ਅਰਾਜਕਤਾ ਹਾਰ ਗਈ ਹੈ ਅਤੇ ਦਿੱਲੀ ਦੇ ਲੋਕ 'ਆਪ-ਦਾ' ਤੋਂ ਮੁਕਤ ਹੋ ਗਏ ਹਨ। ਭਾਜਪਾ ਦੀ ਜਿੱਤ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, ÷ਮੈਂ ਦੇਖ ਰਿਹਾ ਸੀ ਕਿ ਦੇਸ਼ ਭਰ ਦੇ ਭਾਜਪਾ ਵਰਕਰਾਂ ਦੇ ਦਿਲਾਂ ਵਿੱਚ ਇੱਕ ਦਰਦ ਸੀ। ਇਹ ਦਿੱਲੀ ਦੀ ਪੂਰੀ ਤਰ੍ਹਾਂ ਸੇਵਾ ਨਾ ਕਰ ਸਕਣ ਦਾ ਦਰਦ ਸੀ ਪਰ ਅੱਜ ਦਿੱਲੀ ਨੇ ਸਾਡੀ ਇਸ ਪ੍ਰਾਰਥਨਾ ਨੂੰ ਸਵੀਕਾਰ ਕਰ ਲਿਆ ਹੈ। 21ਵੀਂ ਸਦੀ ਵਿੱਚ ਪੈਦਾ ਹੋਏ ਨੌਜਵਾਨ ਹੁਣ ਪਹਿਲੀ ਵਾਰ ਦਿੱਲੀ ਵਿੱਚ ਭਾਜਪਾ ਦਾ ਸੁਸ਼ਾਸਨ ਦੇਖਣਗੇ।

## ਦਿੱਲੀ 'ਚ ਨਹੀਂ ਮਿਲੀ ਇਕ ਵੀ ਸੀਟ ਪੰਜਾਬ ਦੇ ਕਾਂਗਰਸੀ ਖ਼ੁਸ਼ੀ 'ਚ ਪਾ ਰਹੇ 'ਭੰਗੜੇ'

ਪਟਿਆਲਾ 8 ਫਰਵਰੀ। ਦਿੱਲੀ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਇਤਿਹਾਸਕ ਜਿੱਤ ਮਿਲੀ ਹੈ, ਪਰ ਕਾਂਗਰਸ ਦਾ ਉਥੇ ਖਾਤਾ ਵੀ ਨਹੀਂ ਖੁੱਲ੍ਹ ਸਕਿਆ ਹੈ। ਦਿੱਲੀ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੂੰ ਇਕ ਵੀ ਸੀਟ ਨਾ ਮਿਲਣ ਦੇ ਬਾਵਜੂਦ ਵੀ ਪੰਜਾਬ ਦੇ ਕਾਂਗਰਸੀ ਖ਼ੁਸ਼ੀ ਵਿਚ ਭੰਗੜੇ ਪਾ ਰਹੇ ਹਨ। ਪੰਜਾਬ ਕਾਂਗਰਸ ਦੇ ਆਗੂ ਦਿੱਲੀ ਵਿਚ 'ਆਮ ਆਦਮੀ ਪਾਰਟੀ' ਦੀ ਹਾਰ ਵਿਚ ਆਪਣਾ ਭਵਿੱਖ ਉੱਜਵਲ ਦੇਖ ਰਹੇ ਹਨ। ਵਿਧਾਨ ਸਭਾ ਚੋਣਾਂ ਵਿਚ ਜਿਥੇ 'ਆਮ ਆਦਮੀ ਪਾਰਟੀ' ਪੰਜਾਬ ਦੇ ਵਲੰਟੀਅਰਾਂ ਨੇ 'ਆਪ' ਦੇ ਹੱਕ ਵਿਚ ਪ੍ਰਚਾਰ ਕੀਤਾ, ਉਥੇ ਹੀ ਵੱਡੀ



ਗਿਣਤੀ ਵਿਚ ਪੰਜਾਬ ਕਾਂਗਰਸ ਦੇ ਆਗੂ ਤੇ ਵਰਕਰ ਦਿੱਲੀ ਵਿਚ ਤਿੰਨ ਹਫਤੇ ਦੇ ਲਗਭਗ ਡਟੇ ਰਹੇ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਲੋਂ ਵੱਖ-ਵੱਖ ਟੀਮਾਂ ਬਣਾ ਕੇ ਆਪਣੇ ਵਿਧਾਇਕਾਂ, ਸਾਂਸਦਾਂ, ਸਾਬਕਾ ਵਿਧਾਇਕਾਂ, ਪੰਜਾਬ ਕਾਂਗਰਸ ਅਤੇ ਯੂਥ ਕਾਂਗਰਸ ਦੇ ਆਗੂਆਂ ਦੀਆਂ ਡਿਊਟੀਆਂ ਲਾਈਆਂ ਹੋਈਆਂ ਸਨ। ਵੱਡੀ ਗਿਣਤੀ ਵਿਚ ਵਰਕਰ ਪੰਜਾਬ ਕਾਂਗਰਸ ਦੇ ਇੰਚਾਰਜ ਅਤੇ ਦਿੱਲੀ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਦਵਿੰਦਰ ਯਾਦਵ ਦੀ ਚੋਣ ਵਿਚ ਡਟੇ ਹੋਏ ਸਨ। ਸੂਤਰਾਂ ਅਨੁਸਾਰ ਪੰਜਾਬ ਦੇ ਕਾਂਗਰਸੀਆਂ ਨੇ ਦਿੱਲੀ ਚੋਣਾਂ ਵਿਚ ਬਹੁਤ ਜ਼ਿਆਦਾ ਮਿਹਨਤ ਕੀਤੀ, ਉਨ੍ਹਾਂ ਦਾ ਮਕਸਦ ਕਾਂਗਰਸ ਨੂੰ ਜਿਤਾਉਣਾ ਨਹੀਂ, 'ਆਮ ਆਦਮੀ ਪਾਰਟੀ' ਦੇ ਵੋਟ ਬੈਂਕ ਵਿਚ ਡੈਂਟ ਪਾਉਣਾ ਸੀ, ਜਿਸ ਵਿਚ ਉਹ ਸਫਲ ਵੀ ਰਹੇ ਹਨ। ਪੰਜਾਬ ਦੇ ਕਾਂਗਰਸੀਆਂ ਨੇ ਦਿੱਲੀ ਵਿਚ 'ਆਮ ਆਦਮੀ ਪਾਰਟੀ' ਨੂੰ ਹਰਾਉਣ ਲਈ ਕੰਮ ਕੀਤਾ ਕਿਉਂਕਿ ਉਨ੍ਹਾਂ ਨੂੰ ਦਿਖਾਈ ਦੇ ਰਿਹਾ ਸੀ ਕਿ ਜੇਕਰ ਦਿੱਲੀ ਵਿਚ 'ਆਪ' ਦਾ ਕਿਲ੍ਹਾ ਢਹਿ ਢੇਰੀ ਕਰ ਦਿੱਤਾ ਗਿਆ ਤਾਂ ਇਸ ਦਾ ਲਾਭ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਵਿਚ ਕਾਂਗਰਸ ਪਾਰਟੀ ਨੂੰ ਮਿਲੇਗਾ। ਜੇਕਰ ਦਿੱਲੀ ਵਿਚ 'ਆਪ' ਜਿੱਤ ਜਾਂਦੀ ਤਾਂ ਇਸ ਦਾ ਅਸਰ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਪੈਣਾ ਸੀ ਅਤੇ ਪੰਜਾਬ ਵਿਚ ਵੀ 'ਆਮ ਆਦਮੀ ਪਾਰਟੀ' ਦੀ ਸਰਕਾਰ ਰਿਪੀਟ ਕਰਦੀ। ਲੰਘੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਵਿਚ ਕਾਂਗਰਸ ਪਾਰਟੀ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ ਅਤੇ ਪਾਰਟੀ ਨੇ 7 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਪੰਜਾਬ ਦੇ ਮੌਜੂਦਾ ਸਿਆਸੀ ਵਾਤਾਵਰਣ ਵਿਚ ਕਾਂਗਰਸ ਨੂੰ ਉਮੀਦ ਹੈ ਕਿ ਭਾਜਪਾ, ਸ਼?ਰੋਮਣੀ ਅਕਾਲੀ ਦਲ ਅਤੇ 'ਆਮ ਆਦਮੀ ਪਾਰਟੀ' ਦੇ ਵਿਰੋਧ ਵਿਚ ਲੋਕ ਕਾਂਗਰਸ ਪਾਰਟੀ ਨੂੰ ਜਿਤਾਉਣਗੇ। ਇਸੇ ਕਾਰਨ ਦਿੱਲੀ ਵਿਚ ਉਨ੍ਹਾਂ 'ਆਮ ਆਦਮੀ ਪਾਰਟੀ' ਨੂੰ ਹਰਾਉਣ ਲਈ ਦਿਨ ਰਾਤ ਮਿਹਨਤ ਕੀਤੀ। ਚੋਣ ਨਤੀਜੇ ਆਉਣ ਤੋਂ ਬਾਅਦ ਪੰਜਾਬ ਕਾਂਗਰਸ ਦੇ ਆਗੂ ਸਭ ਤੋਂ ਵੱਧ ਖ਼ੁਸ਼ ਦਿਖਾਈ ਦਿੱਤੇ ਅਤੇ ਸਮੁੱਚੇ ਕਾਂਗਰਸੀ ਆਗੂਆਂ ਨੇ 'ਆਮ ਆਦਮੀ ਪਾਰਟੀ' ਦੀ ਹਾਰ 'ਤੇ ਖ਼ੁਸ਼ੀ ਜਤਾਈ।

### ਮੈਨੂੰ ਤੇ ਮੇਰੀ ਮਾਂ ਮਹਿਬੂਬਾ ਮੁਫ਼ਤੀ ਨੂੰ ਕੀਤਾ ਗਿਆ ਹੈ ਨਜ਼ਰਬੰਦ : ਇਲਤਿਜਾ ਮੁਫ਼ਤੀ

ਸ਼੍ਰੀਨਗਰ 8 ਫਰਵਰੀ। ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੀ ਨੇਤਾ ਇਲਤਿਜਾ ਮੁਫ਼ਤੀ ਨੇ ਸ਼ਨੀਵਾਰ ਨੂੰ ਦਾਅਵਾ ਕੀਤਾ ਕਿ ਉਸ ਨੂੰ ਅਤੇ ਉਸ ਦੀ ਮਾਂ ਤੇ ਪਾਰਟੀ ਮੁਖੀ ਮਹਿਬੂਬਾ ਮੁਫ਼ਤੀ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਹੈ। ਇਲਤਿਜਾ ਮੁਫ਼ਤੀ ਨੇ ਸੋਸ਼ਲ ਮੀਡੀਆ ਪੋਸਟ 'ਚ ਕਿਹਾ ਕਿ ਉਨ੍ਹਾਂ ਨੇ ਕਠੂਆ ਜਾਣਾ ਸੀ, ਜਦੋਂ ਕਿ ਮਹਿਬੂਬਾ ਮੁਫ਼ਤੀ ਨੇ ਬੁੱਧਵਾਰ ਨੂੰ ਫ਼ੌਜ ਦੀ ਗੋਲੀਬਾਰੀ 'ਚ ਮਾਰੇ ਗਏ ਟਰੱਕ ਡਰਾਈਵਰ ਦੇ ਸੋਗ ਪੀੜਤ ਪਰਿਵਾਰ ਨੂੰ ਮਿਲਣ ਲਈ ਸੋਪੋਰ ਜਾਣ ਦੀ ਯੋਜਨਾ ਬਣਾਈ ਸੀ। ਇਲਤਿਜਾ ਮੁਫ਼ਤੀ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਮੈਨੂੰ ਅਤੇ ਮੇਰੀ ਮਾਂ ਦੋਵਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਹੈ। ਸਾਡੇ ਘਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਹਨ, ਕਿਉਂਕਿ ਉਨ੍ਹਾਂ ਨੇ ਸੋਪੋਰ ਜਾਣਾ ਸੀ, ਜਿੱਥੇ ਵਸੀਮ ਮੀਰ ਨੂੰ ਫ਼ੌਜ ਨੇ ਗੋਲੀ ਮਾਰ ਦਿੱਤੀ ਸੀ।" ਉਸ ਨੇ ਕਿਹਾ,"ਮੈਂ ਮਾਖਨ ਦੀਨ ਦੇ ਪਰਿਵਾਰ ਨੂੰ ਮਿਲਣ ਲਈ ਕਠੂਆ ਜਾਣਾ ਚਾਹੁੰਦੀ ਸੀ ਪਰ ਮੈਨੂੰ ਬਾਹਰ ਨਿਕਲਣ ਦੀ ਵੀ ਮਨਜ਼ੂਰੀ ਨਹੀਂ ਦਿੱਤੀ ਜਾ ਰਹੀ। ਚੋਣਾਂ ਤੋਂ ਬਾਅਦ ਵੀ ਕਸ਼ਮੀਰ 'ਚ ਕੁਝ ਨਹੀਂ ਬਦਲਿਆ। ਹੁਣ ਪੀੜਤਾਂ ਦੇ ਪਰਿਵਾਰਾਂ ਨੂੰ ਹਮਦਰਦੀ ਦੇਣਾ ਵੀ ਅਪਰਾਧ ਮੰਨਿਆ ਜਾ ਰਿਹਾ ਹੈ।"

## 'ਹੋਰ ਲੜੋ ਆਪਸ 'ਚ...', ਦਿੱਲੀ ਚੋਣ ਨਤੀਜਿਆਂ ਵਿਚਾਲੇ ਉਮਰ ਅਬਦੁੱਲਾ ਨੇ ਕਿਉਂ ਕਿਹਾ ਅਜਿਹਾ

ਨਵੀਂ ਦਿੱਲੀ 8 ਫਰਵਰੀ। ਦਿੱਲੀ ਵਿਧਾਨ ਸਭਾ ਚੋਣਾਂ 'ਚ ਵੋਟਾਂ ਦੀ ਗਿਣਤੀ ਜਾਰੀ ਹੈ। ਚੋਣ ਕਮਿਸ਼ਨ ਨੇ 70 ਸੀਟਾਂ ਦੇ ਰੁਝਾਨ ਜਾਰੀ ਕੀਤੇ ਹਨ। ਇਸ ਅਨੁਸਾਰ ਭਾਜਪਾ 41 ਅਤੇ ਆਮ ਆਦਮੀ ਪਾਰਟੀ (ਆਪ) 29 ਸੀਟਾਂ 'ਤੇ ਅੱਗੇ ਹੈ। ਚੋਣ ਕਮਿਸ਼ਨ ਅਨੁਸਾਰ ਵੀ ਰੁਝਾਨਾਂ 'ਚ ਭਾਜਪਾ ਨੂੰ ਬਹੁਮਤ ਮਿਲ ਰਿਹਾ ਹੈ। ਇਸ ਵਿਚ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ




ਟਵੀਟ ਕਰ ਕੇ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) 'ਤੇ ਨਿਸ਼ਾਨਾ ਵਿੰਨ੍ਹ?ਆ ਹੈ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ 'ਮਹਾਭਾਰਤ' ਸੀਰੀਅਲ ਦਾ ਇਕ ਸੀਨ ਸ਼ੇਅਰ ਕਰਦੇ ਹੋਏ ਅਬਦੁੱਲਾ ਨੇ ਸਿਰਫ਼ ਇੰਨਾ ਲਿਖਿਆ,"ਹੋਰ ਲੜੋ ਆਪਸ 'ਚ!"... ਸਾਫ਼ ਹੈ ਕਿ ਉਨ੍ਹਾਂ ਦਾ ਇਸ਼ਾਰਾ ਦਿੱਲੀ 'ਚ ਕਾਂਗਰਸ ਅਤੇ 'ਆਪ' ਦੇ ਵੱਖ-ਵੱਖ ਚੋਣ ਲੜਨ ਦੇ ਫ਼ੈਸਲੇ 'ਤੇ ਹੈ। ਦੱਸਣਯੋਗ ਹੈ ਕਿ ਕਾਂਗਰਸ ਅਤੇ 'ਆਪ' 'ਇੰਡੀਆ' ਬਲਾਕ ਦਾ ਹਿੱਸਾ ਹੈ ਪਰ ਵਿਧਾਨ ਸਭਾ ਚੋਣਾਂ 'ਚ ਇਹ ਗਠਜੋੜ ਕੰਮ ਨਹੀਂ ਕਰਦਾ ਹੈ। ਪਹਿਲੇ ਹਰਿਆਣਾ ਅਤੇ ਫਿਰ ਦਿੱਲੀ 'ਚ ਕਾਂਗਰਸ ਅਤੇ 'ਆਪ' ਨੇ ਇਕ-ਦੂਜੇ ਖ਼?ਲਾਫ਼ ਚੋਣਾਂ ਲੜੀਆਂ ਅਤੇ ਦੋਵੇਂ ਹੀ ਜਗ?ਹਾ ਭਾਜਪਾ ਨੂੰ ਫਾਇਦਾ ਹੋਇਆ। ਦਿੱਲੀ 'ਚ 5 ਫਰਵਰੀ ਨੂੰ 70 ਸੀਟਾਂ 'ਤੇ 60.54 ਫੀਸਦੀ ਵੋਟਿੰਗ ਹੋਈ ਸੀ। 14 ਐਗਜ਼ਿਟ ਪੋਲ ਆਏ। 12 'ਚ ਭਾਜਪਾ ਅਤੇ 2 'ਚ ਕੇਜਰੀਵਾਲ ਦੀ ਸਰਕਾਰ ਬਣਨ ਦਾ ਅਨੁਮਾਨ ਜਤਾਇਆ ਗਿਆ। ਦੁਪਹਿਰ 12 ਵਜੇ ਤੱਕ ਦਿੱਲੀ 'ਚ ਕਿਸ ਦੀ ਸਰਕਾਰ ਬਣੇਗੀ, ਇਹ ਸਾਫ਼ ਹੋ ਜਾਵੇਗਾ।

## 'ਮਿਲਕੀਪੁਰ ਦੀ ਜਿੱਤ 'ਤੇ ਕਈ ਗੁਣਾ ਭਾਰੀ ਰਹੇਗੀ ਲੋਕ ਸਭਾ 'ਚ ਅਯੁੱਧਿਆ ਤੋਂ ਮਿਲੀ ਜਿੱਤ'

**ਏਜੰਸੀਆਂ**

ਉੱਤਰ ਪ੍ਰਦੇਸ਼ 8 ਫਰਵਰੀ। ਉੱਤਰ ਪ੍ਰਦੇਸ਼ ਦੀ ਮਿਲਕੀਪੁਰ ਵਿਧਾਨ ਸਭਾ ਸੀਟ 'ਤੇ ਹੋਈ ਜ਼ਿਮਨੀ ਚੋਣ 'ਚ ਭਾਜਪਾ ਨੇ 60 ਹਜ਼ਾਰ ਵੋਟਾਂ ਨਾਲ ਵੱਡੀ ਜਿੱਤ ਦਰਜ ਕੀਤੀ ਹੈ। ਭਾਜਪਾ ਉਮੀਦਵਾਰ ਚੰਦਰਭਾਨੂ ਪਾਸਵਾਨ ਨੇ ਸਪਾ ਉਮੀਦਵਾਰ ਅਜੀਤ ਪ੍ਰਸਾਦ ਨੂੰ ਕਰਾਰੀ ਹਾਰ ਦਿੱਤੀ ਹੈ। ਅਖਿਲੇਸ਼ ਯਾਦਵ ਨੇ ਉਪ ਚੋਣਾਂ 'ਚ ਸਮਾਜਵਾਦੀ ਪਾਰਟੀ ਦੀ ਹਾਰ ਨੂੰ ਲੈ ਕੇ ਭਾਜਪਾ 'ਤੇ ਚੁਟਕੀ ਲਈ ਹੈ। ਸਰਕਾਰ 'ਤੇ ਧਾਂਦਲੀ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਹੈ ਕਿ ਇਹ 'ਚਾਰ ਸੌ ਬੀਸੀ' ਸਾਰੀਆਂ 403 ਵਿਧਾਨ ਸਭਾਵਾਂ ਵਿੱਚ ਨਹੀਂ ਚੱਲੇਗੀ। ਅਖਿਲੇਸ਼ ਯਾਦਵ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲ 'ਤੇ ਲਿਖਿਆ ' ਭਾਜਪਾ ਵੋਟਾਂ ਦੇ ਜ਼ੋਰ 'ਤੇ ਪੀਡੀਏ ਦੀ ਵਧਦੀ ਤਾਕਤ ਦਾ ਸਾਹਮਣਾ ਨਹੀਂ ਕਰ ਸਕਦੀ, ਇਸੇ ਲਈ ਉਹ ਚੋਣ ਪ੍ਰਣਾਲੀ ਦੀ ਦੁਰਵਰਤੋਂ ਕਰਕੇ ਜਿੱਤਣ ਦੀ ਕੋਸ਼ਿਸ਼ ਕਰਦੀ ਹੈ। ਅਜਿਹੀ ਚੋਣ ਧਾਂਦਲੀ ਨੂੰ ਅੰਜਾਮ ਦੇਣ ਲਈ ਅਧਿਕਾਰੀਆਂ ਨੂੰ ਜਿਸ ਪੱਧਰ 'ਤੇ ਹੇਰਾਫੇਰੀ ਕਰਨੀ ਪੈਂਦੀ ਹੈ, ਉਹ ਕਿਸੇ ਤਰ੍ਹਾਂ 1 ਵਿਧਾਨ ਸਭਾ ਵਿੱਚ ਸੰਭਵ ਹੋ ਸਕਦਾ ਹੈ, ਪਰ ਇਹ 'ਚਾਰ ਸੌ ਬੀ ਸੀ' 403 ਵਿਧਾਨ ਸਭਾਵਾਂ ਵਿੱਚ ਕੰਮ ਨਹੀਂ ਕਰੇਗੀ। ਇਹ ਗੱਲ ਭਾਜਪਾ ਵਾਲੇ ਵੀ ਜਾਣਦੇ ਹਨ, ਇਸੇ ਕਰਕੇ ਭਾਜਪਾ ਵਾਲਿਆਂ ਨੇ ਮਿਲਕੀਪੁਰ ਦੀ ਉਪ ਚੋਣ ਮੁਲਤਵੀ ਕਰ ਦਿੱਤੀ ਸੀ।





ਐਸਪੀ ਪ੍ਰਮੁਖ਼ ਨੇ ਅੱਗੇ ਲਿਖਿਆ, 'ਪੀਡੀਏ ਦਾ ਮਤਲਬ 90% ਜਨਤਾ ਨੇ ਇਸ ਧਾਂਦਲੀ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਹੈ। ਇਹ ਝੂਠੀ ਜਿੱਤ ਹੈ, ਜਿਸ ਨੂੰ ਭਾਜਪਾ ਕਦੇ ਵੀ ਸ਼ੀਸ਼ੇ ਵਿੱਚ ਦੇਖ ਕੇ ਜਸ਼ਨ ਨਹੀਂ ਮਨਾ ਸਕੇਗੀ। ਉਨ੍ਹਾਂ ਦਾ ਦੋਸ਼ ਅਤੇ ਭਵਿੱਖ ਦੀ ਹਾਰ ਦਾ ਡਰ ਉਨ੍ਹਾਂ ਦੀ ਨੀਂਦ ਉਡਾ ਦੇਵੇਗਾ। ਅਖਿਲੇਸ਼ ਯਾਦਵ ਨੇ ਪੁਲਸ ਅਧਿਕਾਰੀਆਂ ਤੇ ਤੰਜ ਕੱਸਦੇ ਹੋਏ 'ਐਕਸ' 'ਤੇ ਅੱਗੇ ਲਿਖਿਆ, ÷ਜਿਨ੍ਹਾਂ ਅਧਿਕਾਰੀਆਂ ਨੇ ਚੋਣ ਧੋਖਾਧੜੀ ਦਾ ਅਪਰਾਧ ਕੀਤਾ ਹੈ, ਉਨ੍ਹਾਂ ਨੂੰ ਲੋਕਤੰਤਰੀ ਅਪਰਾਧਾਂ ਦੀ ਸਜ਼ਾ ਮਿਲੇਗੀ, ਅੱਜ ਨਹੀਂ ਤਾਂ ਕੱਲ੍ਹ, ਇਕ-ਇਕ ਕਰਕੇ, ਸਭ ਦਾ ਸੱਚ ਸਾਹਮਣੇ ਆ ਜਾਵੇਗਾ। ਨਾ ਤਾਂ ਕੁਦਰਤ ਉਨ੍ਹਾਂ ਨੂੰ ਬਖਸ਼ੇਗੀ ਅਤੇ ਨਾ ਹੀ ਕਾਨੂੰਨ। ਭਾਜਪਾਈ ਉਨ੍ਹਾਂ ਦੀ ਵਰਤੋਂ ਕਰਕੇ ਛੱਡ ਦੇਣਗੇ, ਉਨ੍ਹਾਂ ਦੀ ਢਾਲ ਨਹੀਂ ਬਣਨਗੇ। ਜਦੋਂ ਉਨ੍ਹਾਂ ਦੀ ਪੈਨਸ਼ਨ ਜਾਵੇਗੀ ਅਤੇ ਉਹ ਆਪਣੇ ਬੱਚਿਆਂ, ਪਰਿਵਾਰ ਅਤੇ ਸਮਾਜ ਵਿਚ ਇਕੱਲੇ ਅਪਮਾਨ ਦੀ ਜ਼ਿੰਦਗੀ ਦੀ ਸਜ਼ਾ ਭੁਗਤਨਗੇ। ਲੋਕ ਸਭਾ ਚੋਣਾਂ 'ਚ ਅਯੁੱਧਿਆ 'ਚ ਹੋਈ ਪੀ.ਡੀ.ਏ ਦੀ ਸੱਚੀ ਜਿੱਤ ਉਨ੍ਹਾਂ ਦੀ ਮਿਲਕੀਪੁਰ ਵਿਧਾਨ ਸਭਾ 'ਚ ਝੂਠੀ ਜਿੱਤ ਤੋਂ ਕਈ ਗੁਣਾ ਜ਼ਿਆਦਾ ਭਾਰੀ ਹੈ ਅਤੇ ਹਮੇਸ਼ਾ ਰਹੇਗੀ।

## ਮਹਾਰਾਸ਼ਟਰ 'ਚ ਕੀ ਚੱਲ ਰਿਹਾ ਹੈ?

**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 8 ਫਰਵਰੀ। ਦਿੱਲੀ ਚੋਣਾਂ ਖਤਮ ਹੋਣ ਦੇ ਨਾਲ ਹੀ ਭਾਜਪਾ ਦਾ ਧਿਆਨ ਜੇ. ਪੀ. ਨੱਡਾ ਦੀ ਥਾਂ 'ਤੇ ਆਪਣਾ ਨਵਾਂ ਰਾਸ਼ਟਰੀ ਪ੍ਰਧਾਨ ਚੁਣਨ 'ਤੇ ਹੋਵੇਗਾ। ਇਸ ਤੋਂ ਇਲਾਵਾ ਉਹ ਮਹਾਰਾਸ਼ਟਰ ਸਮੇਤ ਸੂਬੇ ਦੇ ਮੁੱਦਿਆਂ ਨੂੰ ਠੀਕ ਕਰਨ ਦੀ ਤਿਆਰੀ ਵਿਚ ਦਿਖ ਰਹੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਇਕ ਤਾਜ਼ਾ ਟਿੱਪਣੀ ਤੋਂ ਸੰਕੇਤ ਮਿਲਦਾ ਹੈ ਕਿ ਸੂਬੇ ਵਿਚ ਕੁਝ ਤਾਂ ਚੱਲ ਰਿਹਾ ਹੈ। ਇਹ ਸਭ ਜਾਣਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਦਿੱਗਜ ਸ਼ਰਦ ਪਵਾਰ ਨਾਲ ਸੁਹਿਰਦ ਸਬੰਧ ਹਨ ਪਰ ਅਮਿਤ ਸ਼ਾਹ ਨੇ ਇਕ ਵੱਖਰਾ ਸੁਰ ਅਲਾਪਿਆ ਹੈ ਅਤੇ ਉਹ 84 ਸਾਲਾ ਪਵਾਰ ਵਿਰੁੱਧ ਨਿੱਜੀ ਹਮਲੇ ਸ਼ੁਰੂ ਕਰ ਰਹੇ ਹਨ। ਇਸ ਨਾਲ ਭਾਰਤੀ ਜਨਤਾ ਪਾਰਟੀ ਦੇ ਅੰਦਰ ਬਹੁਤ ਸਾਰੇ ਲੋਕਾਂ ਦੇ ਮੱਥੇ ਵੱਟ ਪੈ ਗਿਆ ਹੈ। ਸ਼ਾਹ ਦਾ ਗੁੱਸਾ ਉਦੋਂ ਤੋਂ ਸ਼ੁਰੂ ਹੋ ਗਿਆ ਜਦੋਂ ਪਵਾਰ ਨੇ ਪ੍ਰਧਾਨ ਮੰਤਰੀ ਨਾਲ ਮਿਲ ਕੇ ਉਨ੍ਹਾਂ ਨੂੰ ਮਹਾਰਾਸ਼ਟਰ ਦੇ ਕਿਸਾਨਾਂ ਵੱਲੋਂ ਲਿਆਂਦੇ ਗਏ ਅਨਾਰ ਦਿੱਤੇ ਸਨ। ਮੋਦੀ-ਪਵਾਰ ਮੁਲਾਕਾਤ ਤੋਂ ਐੱਨ. ਸੀ. ਪੀ. ਦੇ ਦੋਵਾਂ



ਧੜਿਆਂ ਦੇ ਇਕੱਠੇ ਆਉਣ ਅਤੇ ਭਾਜਪਾ ਪ੍ਰਤੀ ਗਰਮਜੋਸ਼ੀ ਵਧਾਉਣ ਬਾਰੇ ਚਰਚਾ ਸ਼ੁਰੂ ਹੋ ਗਈ। ਅਮਿਤ ਸ਼ਾਹ ਮਹਾਰਾਸ਼ਟਰ ਦੀ ਰਾਜਨੀਤਕ ਸਥਿਤੀ ਵਿਚ ਰੁਕਾਵਟ ਨਹੀਂ ਪਾਉਣਾ ਚਾਹੁੰਦੇ ਅਤੇ ਚਾਹੁੰਦੇ ਹਨ ਕਿ ਭਾਜਪਾ-ਸ਼ਿੰਦੇ ਅਤੇ ਅਜੀਤ ਪਵਾਰ ਧੜੇ ਕਾਇਮ ਰਹਿਣ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਜੀਤ ਪਵਾਰ ਨਾਲ ਜ਼ਿਆਦਾ ਸਹਿਜ ਹਨ ਅਤੇ ਚਾਹੁੰਦੇ ਹਨ ਕਿ ਸ਼ਿੰਦੇ ਦੀ ਸ਼ਿਵ ਸੈਨਾ ਹੋਰ ਕਮਜ਼ੋਰ ਹੋਵੇ ਪਰ ਸ਼ਾਹ ਨੇ ਇਸ ਸਾਰਿਆਂ 'ਤੇ ਰੋਕ ਲਗਾ ਦਿੱਤੀ ਅਤੇ ਪਵਾਰ 'ਤੇ 'ਧੋਖਾ' ਅਤੇ 'ਵਿਸ਼ਵਾਸਘਾਤ' ਦੀ ਸਿਆਸਤ ਦੇ ਜਨਕ ਹੋਣ ਦਾ ਦੋਸ਼ ਲਾਇਆ। ਪਵਾਰ ਨੇ ਜਵਾਬ ਦਿੰਦੇ ਹੋਏ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਲਈ ਅਜਿਹੇ ਸ਼ਬਦਾਂ ਦੀ ਵਰਤੋਂ ਕਰਨਾ ਅਣਉਚਿਤ ਹੈ। ਸੀਨੀਅਰ ਨੇਤਾ ਨੇ ਵੀ ਸ਼ਾਹ 'ਤੇ ਪਲਟਵਾਰ ਕਰਦੇ ਹੋਏ ਉਨ੍ਹਾਂ ਨੂੰ ਸੁਪਰੀਮ ਕੋਰਟ ਵੱਲੋਂ ਗੁਜਰਾਤ ਤੋਂ ਕੱਢੇ ਜਾਣ ਦੀ ਜ਼ਿਕਰ ਕਰਦੇ ਹੋਏ ਉਨ੍ਹਾਂ ਨੂੰ 'ਤੜੀਪਾਰ' ਕਰਾਰ ਦਿੱਤਾ। ਇਸ ਤੋਂ ਬਾਅਦ ਸ਼ਾਹ ਨੇ ਯੂ. ਪੀ. ਏ. ਦੇ ਤਹਿਤ ਖੇਤੀਬਾੜੀ ਮੰਤਰੀ ਵਜੋਂ ਪਵਾਰ ਨੂੰ ਬੇਕਾਰ ਕਰਾਰ ਦੇ ਕੇ ਫਿਰ ਤੋਂ ਉਨ੍ਹਾਂ 'ਤੇ ਹਮਲਾ ਕੀਤਾ। ਇਹ ਸਭ ਜਾਣਦੇ ਹਨ ਕਿ ਸ਼ਾਹ ਚਾਹੁੰਦੇ ਹਨ ਕਿ ਸ਼ਿੰਦੇ ਮਹਾਯੁਤੀ ਵਿਚ ਡਟੇ ਰਹਿਣ ਅਤੇ ਸ਼ਰਦ ਪਵਾਰ ਦੇ ਮਹਾਯੁਤੀ ਵਿਚ ਦਾਖਲੇ ਦੇ ਵਿਰੁੱਧ ਰਹਿਣ। ਆਰ. ਐੱਸ. ਐੱਸ. ਵੀ

## ਕਾਲਕਾਜੀ ਤੋਂ ਜਿੱਤੀ ਆਤਿਸ਼ੀ

ਨਵੀਂ ਦਿੱਲੀ 8 ਫਰਵਰੀ। ਨਵੀਂ ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜੇ ਕਾਫੀ ਦਿਲਚਸਪ ਹੁੰਦੇ ਜਾ ਰਹੇ ਹਨ। ਕਾਲਕਾਜੀ ਵਿਧਾਨ ਸਭਾ ਸੀਟ ਤੋਂ ਆਮ ਆਦਮੀ ਪਾਰਟੀ (ਆਪ) ਅਤੇ ਭਾਜਪਾ ਵਿਚਾਲੇ ਸਖ਼ਤ ਮੁਕਾਬਲਾ ਵੇਖਣ ਨੂੰ ਮਿਲਿਆ। ਆਮ ਆਦਮੀ ਪਾਰਟੀ ਦੀ ਆਤਿਸ਼ੀ ਨੇ ਕਾਲਕਾਜੀ ਸੀਟ ਜਿੱਤ ਲਈ ਹੈ। ਉਨ੍ਹਾਂ ਦਾ ਮੁਕਾਬਲਾ ਭਾਜਪਾ ਦੇ ਰਮੇਸ਼ ਬਿਧੂੜੀ ਅਤੇ ਕਾਂਗਰਸ ਦੇ ਅਲਕਾ ਲਾਂਬਾ ਨਾਲ ਰਿਹਾ। ਆਤਿਸ਼ੀ ਨੂੰ ਕੁੱਲ 52058 ਵੋਟਾਂ ਪਈਆਂ, ਜਦਕਿ ਭਾਜਪਾ ਉਮੀਦਵਾਰ ਰਮੇਸ਼ ਬਿਧੂੜੀ ਨੂੰ 48478 ਵੋਟਾਂ ਪਈਆਂ। ਆਤਿਸ਼ੀ ਨੇ ਰਮੇਸ਼ ਨੂੰ 3580 ਵੋਟਾਂ ਦੇ ਫਰਕ ਨਾਲ ਹਰਾਇਆ। ਜਦਕਿ ਕਾਂਗਰਸ ਉਮੀਦਵਾਰ ਅਲਕਾ ਲਾਂਬਾ ਨੂੰ 4367 ਵੋਟਾਂ ਹੀ ਮਿਲੀਆਂ। ਦੱਸ ਦੇਈਏ ਕਿ ਦਿੱਲੀ ਵਿਚ ਕੁੱਲ 70 ਸੀਟਾਂ ਹਨ ਅਤੇ ਬਹੁਮਤ ਲਈ 36 ਸੀਟਾਂ ਦਾ ਹੋਣਾ ਜ਼ਰੂਰੀ ਹੈ। ਆਮ ਆਦਮੀ ਪਾਰਟੀ ਨੇ 2013, 2015 ਅਤੇ 2020 ਵਿਚ ਦਿੱਲੀ 'ਚ ਸਰਕਾਰ ਬਣਾਈ ਅਤੇ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਬਣੇ। ਆਤਿਸ਼ੀ ਸਤੰਬਰ 2024 ਤੋਂ ਮੁੱਖ ਮੰਤਰੀ ਹਨ। ਇਸ ਤੋਂ ਪਹਿਲਾਂ 1998, 2003 ਅਤੇ 2008 'ਚ ਕਾਂਗਰਸ ਦੀ ਜਿੱਤ ਹੋਈ ਸੀ ਅਤੇ ਸ਼ੀਲਾ ਦੀਕਸ਼ਤ ਮੁੱਖ ਮੰਤਰੀ ਬਣੀ ਸੀ। ਭਾਜਪਾ ਨੇ 1993 ਵਿਚ ਪਹਿਲੀ ਵਾਰ ਦਿੱਲੀ ਵਿੱਚ ਜਿੱਤ ਹਾਸਲ ਕੀਤੀ ਸੀ। ਰਾਜਧਾਨੀ ਵਿਚ 5 ਫਰਵਰੀ ਨੂੰ ਵੋਟਾਂ ਪਈਆਂ ਸਨ। ਚੋਣ ਕਮਿਸ਼ਨ ਮੁਤਾਬਕ ਕੁੱਲ 60.54 ਫੀਸਦੀ ਵੋਟਾਂ ਪਈਆਂ। ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਨੇ ਦਿੱਲੀ ਦੀ ਜਨਤਾ ਦਾ ਜਨਾਦੇਸ਼ ਸਵੀਕਾਰ ਕਰਦੇ ਹੋਏ ਕਿਹਾ ਕਿ ਉਹ ਜ਼ਰੂਰ ਜਿੱਤ ਗਈ ਹੈ ਪਰ ਆਮ ਆਦਮੀ ਪਾਰਟੀ ਦਾ ਸੰਘਰਸ਼ ਦਿੱਲੀ ਦੀ ਜਨਤਾ ਲਈ ਜਾਰੀ ਰਹੇਗਾ। ਆਤਿਸ਼ੀ ਨੇ



ਸ਼ਨੀਵਾਰ ਨੂੰ ਪੱਤਰਕਾਰਾਂ ਨੂੰ ਕਿਹਾ,"ਕਾਲਕਾਜੀ ਵਿਧਾਨ ਸਭਾ ਦੀ ਜਨਤਾ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਉਨ੍ਹਾਂ ਨੇ ਮੇਰੇ ਉੱਪਰ ਭਰੋਸਾ ਜਤਾਇਆ। ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ, ਜੋ ਬਾਹੁਬਲ, ਗੁੰਡਾਗਰਦੀ, ਕੁੱਟਮਾਰ ਦਾ ਸਾਹਮਣਾ ਕਰਦੇ ਹੋਏ ਜ਼ਮੀਨੀ ਮਿਹਨਤ ਕਰ ਕੇ ਜਨਤਾ ਤੱਕ ਪਹੁੰਚੇ।" ਉਨ੍ਹਾਂ ਕਿਹਾ,"ਦਿੱਲੀ ਦੀ ਜਨਤਾ ਦਾ ਜਨਾਦੇਸ਼ ਸਾਨੂੰ ਸਵੀਕਾਰ ਹੈ। ਮੈਂ ਆਪਣੀ ਸੀਟ ਜਿੱਤੀ ਹਾਂ ਪਰ ਇਹ ਜਿੱਤ ਦਾ ਸਮਾਂ ਨਹੀਂ ਹੈ। ਇਹ ਜੰਗ ਜਾਰੀ ਰਹੇਗੀ। ਭਾਜਪਾ ਦੀ ਤਾਨਾਸ਼ਾਹੀ ਖ਼?ਲਾਫ਼ ਜੰਗ ਜਾਰੀ ਰਹੇਗੀ।" ਦਿੱਲੀ ਵਿਚ ਆਮ ਆਦਮੀ ਪਾਰਟੀ ਦੀ 11 ਸਾਲਾ ਪੁਰਾਣੀ ਸਰਕਾਰ ਦਾ ਸਿਆਸੀ ਭੋਗ ਪੈਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ 22 ਦੇ ਕਰੀਬ ਵਿਧਾਇਕ ਜੇਤੂ ਰਹਿਣ 'ਤੇ ਵੱਡੇ-ਵੱਡੇ ਮਹਾਰਥੀ ਜਿਨਾਂ ਵਿਚ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਸੌਰਵ ਭਾਰਦਵਾਜ, ਸਤਿੰਦਰ ਜੈਨ, ਸੋਮਨਾਥ ਭਾਰਤੀ, ਅਜੇ ਆਹੂਜਾ, ਪਾਠਕ ਆਦਿ ਆਗੂ ਚੋਣ ਹਾਰ ਗਏ।\ ਕੇਵਲ ਦਿੱਲੀ ਦੀ

## ਐਕਸ਼ਨ ਮੋਡ 'ਚ ਪੰਜਾਬ ਸਰਕਾਰ, ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ

**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ 8 ਫਰਵਰੀ। ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ਼ਹਿਰਾਂ ਦੇ ਨਾਗਰਿਕਾਂ ਨੂੰ ਸਾਫ਼-ਸੁਥਰਾ, ਬਿਹਤਰ ਅਤੇ ਆਧੁਨਿਕ ਸਹੂਲਤਾਂ ਪ੍ਰਦਾਨ ਕਰਕੇ ÷ਰੰਗਲਾ ਪੰਜਾਬ÷ ਦੇ ਸੁਫਨੇ ਨੂੰ ਸਾਕਾਰ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਵਚਨਬੱਧਤਾ ਨੂੰ ਦਰਸਾਉਂਦੇ ਹੋਏ ਡਾ. ਰਵਜੋਤ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਕਾਸ ਕਾਰਜਾਂ ਲਈ ਅਲਾਟ ਕੀਤੇ ਫੰਡਾਂ ਨੂੰ ਬਿਨਾਂ ਕਿਸੇ ਦੇਰੀ ਦੇ ਜਲਦੀ ਤੋਂ ਜਲਦੀ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਇਨ੍ਹਾਂ ਸਕੀਮਾਂ ਦਾ ਲਾਭ ਮਿਲਣਾ ਯਕੀਨੀ ਬਣਾਇਆ ਜਾ ਸਕੇ। ਅੱਜ ਮਿਊਂਸੀਪਲ ਭਵਨ ਵਿਖੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਨਗਰ ਨਿਗਮ ਦੇ ਕਮਿਸ਼ਨਰਾਂ ਨਾਲ ਮੀਟਿੰਗ ਕਰਕੇ ਸਵੱਛ ਭਾਰਤ ਮਿਸ਼ਨ (ਸ਼ਹਿਰੀ), ਸਮਾਰਟ ਸਿਟੀ ਮਿਸ਼ਨ, ਪੰਜਾਬ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ, ਪੰਜਾਬ ਮਿਊਂਸੀਪਲ ਸਰਵਿਸਿਜ਼ ਸੁਧਾਰ ਪ੍ਰੋਜੈਕਟ, ਐੱਮ.ਡੀ.ਐੱਫ ਸਮੇਤ ਵੱਖ-ਵੱਖ ਸਕੀਮਾਂ ਤਹਿਤ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ, ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਉੱਚ ਪੱਧਰੀ ਮਿਆਰਾਂ ਨੂੰ ਕਾਇਮ ਰੱਖਦੇ ਹੋਏ ਵਿਕਾਸ ਪ੍ਰੋਜੈਕਟਾਂ ਨੂੰ ਨੇਪਰੇ ਚਾੜ੍ਹਨ ਵਿਚ ਤੇਜ਼ੀ ਲਿਆਉਣ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਨੇ ਸਥਾਨਕ ਸਰਕਾਰਾਂ ਵਿਭਾਗ ਨਾਲ ਸਬੰਧਤ ਹੋਰ ਵੱਖ-ਵੱਖ ਅਹਿਮ ਮਾਮਲਿਆਂ ਬਾਰੇ ਜਿਵੇਂ ਕਿ ਬਿਲਡਿੰਗ ਪਲਾਨ ਦੀ ਪ੍ਰਵਾਨਗੀ, ਪਲਾਟਾਂ ਨੂੰ ਨਿਯਮਤ ਕਰਨ ਲਈ ਐੱਨ.ਓ.ਸੀ ਦੇ ਬਕਾਇਆ ਕੇਸਾਂ, ਆਵਾਰਾ ਪਸ਼ੂਆਂ ਦੇ ਪ੍ਰਬੰਧਨ, ਏ. ਬੀ. ਸੀ. ਪ੍ਰੋਗਰਾਮ ਅਤੇ ਗਊ ਸੈੱਸ ਆਦਿ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ। ਉਨ੍ਹਾਂ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਪਲਾਟਾਂ ਨੂੰ ਨਿਯਮਤ ਕਰਨ ਲਈ ਐੱਨ.ਓ.ਸੀ ਅਤੇ ਬਿਲਡਿੰਗ ਪਲਾਨ ਦੀ ਪ੍ਰਵਾਨਗੀ ਸਬੰਧੀ ਸਾਰੇ ਪੈਂਡਿੰਗ ਕੇਸਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ ਤਾਂ ਜੋ ਪ੍ਰਕਿਰਿਆ ਨੂੰ ਸਚਾਰੂ ਬਣਾਇਆ ਜਾ ਸਕੇ ਅਤੇ ਹੋਰ ਦੇਰੀ ਤੋਂ ਬਚਿਆ ਜਾ ਸਕੇ। ਇਸ ਤੋਂ ਇਲਾਵਾ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ ਰਵਜੋਤ ਸਿੰਘ ਨੇ ਆਵਾਰਾ ਕੁੱਤਿਆਂ ਵੱਲੋਂ ਵੱਢੇ ਜਾਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਵਿਸ਼ੇਸ਼ ਤੌਰ 'ਤੇ ਅਧਿਕਾਰੀਆਂ ਨਾਲ ਚਰਚਾ ਕਰਦਿਆਂ ਨਗਰ ਨਿਗਮਾਂ ਦੇ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਐਨੀਮਲ ਬਰਥ ਕੰਟਰੋਲ (ਏ. ਬੀ. ਸੀ) ਪ੍ਰੋਗਰਾਮ ਨੂੰ ਹਰ ਕਾਰਪੋਰੇਸ਼ਨ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਯਕੀਨੀ ਬਣਾਉਣ। ਕੈਬਨਿਟ ਮੰਤਰੀ ਨੇ ਯੋਜਨਾਬੱਧ ਸ਼ਹਿਰੀ ਵਿਕਾਸ ਨੂੰ ਯਕੀਨੀ ਬਣਾਉਣ ਦੇ ਹਿੱਸੇ ਵਜੋਂ ਸ਼ਹਿਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਗੈਰ-ਕਾਨੂੰਨੀ ਉਸਾਰੀ ਨੂੰ ਰੋਕਣ ਲਈ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕੀਤੀ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਸਬੰਧੀ ਕਿਸੇ ਵੀ ਅਣਗਹਿਲੀ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ



ਅਤੇ ਦੋਸ਼ੀ ਅਧਿਕਾਰੀਆਂ ਨੂੰ ਜਵਾਬਦੇਹ ਬਣਾਇਆ ਜਾਵੇਗਾ। ਇਸ ਤੋਂ ਇਲਾਵਾ, ਡਾ. ਰਵਜੋਤ ਸਿੰਘ ਨੇ ਸ਼ਹਿਰਾਂ ਵਿਚ ਵੱਧ ਰਹੀਆਂ ਕੂੜਾ ਪ੍ਰਬੰਧਨ ਚੁਣੌਤੀਆਂ ਨਾਲ ਨਜਿੱਠਣ ਲਈ ਇੰਟੈਗਰੇਟਿਡ ਸੋਲਿਡ ਵੇਸਟ ਮੈਨੇਜਮੈਂਟ, ਬਾਈਓ ਗੈਸ ਪਲਾਂਟ ਸਥਾਪਤ ਕਰਨ ਲਈ ਢੁਕਵੀਂ ਜ਼ਮੀਨ ਦੀ ਪਛਾਣ ਕਰਨ ਦੀ ਲੋੜ 'ਤੇ ਚਾਨਣਾ ਪਾਇਆ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਕਿੱਤੇ ਵੀ ਕੂੜੇ ਦੇ ਢੇਰ ਦਿਖਾਈ ਨਹੀਂ ਦੇਣੇ ਚਾਹੀਦੇ ਹਨ ਅਤੇ ਕੂੜੇ ਦਾ ਵਿਗਿਆਨਕ ਢੰਗ ਨਾਲ ਨਿਪਟਾਰਾ ਕਰਵਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾਣ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਐੱਮ ਸੇਵਾ ਪਲੇਟਫਾਰਮ ਰਾਹੀਂ ਨਾਗਰਿਕ ਸੇਵਾਵਾਂ ਨੂੰ ਪਾਰਦਰਸ਼ੀ ਅਤੇ ਕੁਸ਼ਲ ਬਣਾਉਣ ਦੇ ਟੀਚੇ ਨਾਲ ਸ਼ਹਿਰੀ ਸਥਾਨਕ ਇਕਾਈਆਂ ਐੱਮ ਸੇਵਾ ਪਲੇਟਫਾਰਮ ਦੁਆਰਾ ਐਂਡ-ਟੂ-ਐਂਡ ਸਰਵਿਸ ਡਿਲਿਵਰੀ ਨੂੰ ਯਕੀਨੀ ਬਣਾਉਣ ਲਈ ਸਾਰੀਆਂ ਸ਼ਿਕਾਇਤਾਂ ਅਤੇ ਸੇਵਾ ਬੇਨਤੀਆਂ 'ਤੇ ਕਾਰਵਾਈ ਹੁਣ ਸਿਰਫ਼ ਇਸੇ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਪੰਜਾਬ ਪਾਰਦਰਸ਼ਤਾ ਐਕਟ ਦੇ ਅਨੁਸਾਰ ਸ਼ਹਿਰੀ ਸਥਾਨਕ ਇਕਾਈਆਂ ਨੂੰ ਮੁੱਖ ਮਿਊਂਸੀਪਲ ਸੇਵਾਵਾਂ ਜਿਵੇਂ ਪਾਣੀ-ਸੀਵਰੇਜ ਕੁਨੈਕਸ਼ਨ, ਵਪਾਰਕ ਲਾਇਸੈਂਸ, ਅਤੇ ਡੋਰਸਟੈਪ ਸੇਵਾਵਾਂ ਦੀ ਨਿਰਵਿਘਨ ਪ੍ਰਕਿਰਿਆ ਲਈ ਨਿਰਧਾਰਤ ਸਮਾਂ-ਸੀਮਾਵਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਇਸ ਦੇ ਨਾਲ ਹੀ, ਸਟ?ਰੀਟ ਲਾਈਟ ਪੋਰਟਲ ਰਾਹੀਂ ਡੇਟਾ ਅੱਪਡੇਟਸ ਨੂੰ ਨਿਯਮਿਤ ਕਰਕੇ ਰੋਸ਼ਨੀ ਵਿਵਸਥਾ ਦੀ ਨਿਗਰਾਨੀ ਅਤੇ ਰੱਖ-ਰਖਾਅ ਸੁਧਾਰਿਆ ਜਾਵੇਗਾ।

### ਸੁਪਰੀਮ ਕੋਰਟ ਨੇ ਨਵੇਂ ਸਿਰੇ ਤੋਂ ਕਾਊਂਸਲਿੰਗ ਸੰਬੰਧੀ ਪਟੀਸ਼ਨ ਕੀਤੀ ਖਾਰਜ

ਨਵੀਂ ਦਿੱਲੀ 8 ਫਰਵਰੀ। ਸੁਪਰੀਮ ਕੋਰਟ ਨੇ ਨੀਟ-ਪੀਜੀ 2024 ਕਾਊਂਸਲਿੰਗ ਦੇ ਅਖਿਲ ਭਾਰਤੀ ਕੋਟਾ (ਏਆਈਕਿਊ) ਦੇ ਤੀਜੇ ਪੜਾਅ ਨੂੰ ਰੱਦ ਕਰਨ ਅਤੇ ਇਸ ਨੂੰ ਨਵੇਂ ਸਿਰੇ ਤੋਂ ਆਯੋਜਿਤ ਕਰਨ ਦਾ ਨਿਰਦੇਸ਼ ਦੇਣ ਦੀ ਅਪੀਲ ਕਰਨ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ। ਜੱਜ ਬੀ.ਆਰ. ਗਵਈ ਅਤੇ ਜੱਜ ਕੇ. ਵਿਨੋਦ ਚੰਦਰਨ ਦੀ ਬੈਂਚ ਨੇ ਇਹ ਆਦੇਸ਼ ਉਦੋਂ ਸੁਣਾਇਆ, ਜਦੋਂ ਰਾਸ਼ਟਰੀ ਆਯੂਰਵਿਗਿਆਨ ਕਮਿਸ਼ਨ (ਐੱਨ.ਐੱਮ.ਸੀ.) ਵਲੋਂ ਪੇਸ਼ ਹੋਏ



ਵਕੀਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਕਿਸੇ ਵੀ ਨਿਰਦੇਸ਼ ਦਾ ਸਾਰੇ ਰਾਜਾਂ 'ਤੇ ਵਿਆਪਕ ਪ੍ਰਭਾਵ ਪਵੇਗਾ। ਵਕੀਲ ਨੇ ਕਿਹਾ,"ਜੇਕਰ ਹੁਣ ਕੁਝ ਵੀ ਕਰਨਾ ਪੈਂਦਾ ਹੈ ਤਾਂ ਇਸ ਦਾ ਸਾਰੇ ਰਾਜਾਂ 'ਤੇ ਵਿਆਪਕ ਪ੍ਰਭਾਵ ਪਵੇਗਾ, ਕਿਉਂਕਿ ਵਿਦਿਆਰਥੀ ਪਹਿਲਾਂ ਹੀ ਕਾਊਂਸਲਿੰਗ 'ਚ ਹਿੱਸਾ ਲੈ ਚੁੱਕੇ ਹਨ।" ਅਰਜ਼ੀ ਖਾਰਜ ਕਰਦੇ ਹੋਏ ਬੈਂਚ ਨੇ ਕਿਹਾ ਕਿ ਜੇਕਰ ਉਹ ਤਿੰਨ ਪਟੀਸ਼ਨਕਰਤਾਵਾਂ ਦੀ ਪਟੀਸ਼ਨ 'ਤੇ ਵਿਚਾਰ ਕਰੇਗੀ ਤਾਂ "ਸਾਡੇ ਇੱਥੇ 30 ਹੋਰ ਪਟੀਸ਼ਕਰਤਾ ਆ ਜਾਣਗੇ।" 4 ਫਰਵਰੀ ਨੂੰ ਸੁਪਰੀਮ ਕੋਰਟ ਨੇ ਪਟੀਸ਼ਨ 'ਤੇ ਕੇਂਦਰ, ਐੱਨਐੱਮਸੀ ਅਤੇ ਹੋਰ ਤੋਂ ਜਵਾਬ ਮੰਗਿਆ ਸੀ।

# ਦੋ ਧਿਰਾਂ ਵਿਚਾਲੇ ਹੋਏ ਝਗੜੇ ਨੇ ਧਾਰਿਆ ਖੂਨੀ ਰੂਪ, ਚੱਲੀਆਂ ਗੋਲੀਆਂ

ਜਲੰਧਰ 8 ਫਰਵਰੀ। ਜਾਇਦਾਦ ਦੇ ਝਗੜੇ ਨੂੰ ਲੈ ਕੇ ਮਾਮੂਲੀ ਤਕਰਾਰ ਤੋਂ ਬਾਅਦ ਗੜ੍ਹਾ ਦੇ ਪਿੰਡ ਕੰਨਿਆਂਵਾਲੀ ਨੇੜੇ ਇਕ ਧਿਰ ਨੇ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਚੱਲਣ ਦੀ ਸੂਚਨਾ ਮਿਲਦੇ ਹੀ ਥਾਣਾ 7 ਦੇ ਇੰਚਾਰਜ ਮੁਕੇਸ ਕੁਮਾਰ ਆਪਣੀ ਟੀਮ ਨਾਲ ਮੌਕੇ 'ਤੇ ਪਹੁੰਚੇ ਅਤੇ ਫਾਇਰਿੰਗ ਕਰਨ ਵਾਲੇ ਪਾਰਟੀ ਦੇ ਕੁਝ ਲੋਕਾਂ ਨੂੰ ਹਿਰਾਸਤ 'ਚ ਲੈ ਲਿਆ। ਹਾਲਾਂਕਿ ਗੋਲੀ ਲੱਗਣ ਦੇ ਕਾਰਨ ਕਿਸੇ ਦੇ ਜਖਮੀ ਹੋਣ ਦੀ ਖਬਰ ਨਹੀਂ ਹੈ ਪਰ ਫਾਇਰਿੰਗ ਤੋਂ ਬਾਅਦ ਇਲਾਕੇ 'ਚ ਦਹਿਸਤ ਦਾ ਮਾਹੌਲ ਬਣ ਗਿਆ ਹੈ। ਖਬਰ ਲਿਖੇ ਜਾਣ ਤੱਕ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਸੀ। ਦੱਸ ਦਈਏ ਕਿ ਕਿਰਾਏਦਾਰਾਂ ਅਤੇ ਮਕਾਨ ਮਾਲਕ ਦਾ ਅਦਾਲਤ 'ਚ ਮਾਮਲਾ ਚੱਲ ਰਿਹਾ ਹੈ ਅਤੇ ਅਦਾਲਤ ਨੇ ਹੇਠਲੀ ਮੰਜਿ਼ਲ 'ਤੇ ਸਟੇਅ ਆਰਡਰ ਲੈ ਲਿਆ ਹੈ, ਜਿਸ ਕਾਰਨ ਅੱਜ ਮਕਾਨ ਮਾਲਕ ਉਪਰਲੀ ਮੰਜਿ਼ਲ ਦੀ ਸਫਾਈ ਕਰਨ ਲਈ ਆਇਆ, ਜਿਸ ਤੋਂ ਬਾਅਦ ਕਿਰਾਏਦਾਰ ਉਸ ਬੰਧਕ ਬਣਾ ਲਿਆ ਅਤੇ ਕੁੱਟਣਾ ਸੁਰੂ ਕਰ ਦਿੱਤਾ। ਖੁਸਕਿਸਮਤੀ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਇਆ। ਮੌਕੇ 'ਤੇ ਪੁੱਜੀ ਪੁਲਸ ਨੇ ਕਿਰਾਏਦਾਰ ਦੇ ਸਾਥੀਆਂ ਨੂੰ ਹਿਰਾਸਤ 'ਚ ਲੈ ਕੇ ਥਾਣੇ ਲੈ ਗਈ ਹੈ ਅਤੇ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਮਕਾਨ ਦੀ ਮਾਲਕਣ ਕੁਸੁਮ ਨੇ ਦੱਸਿਆ ਕਿ ਹੇਠਲਾ ਹਿੱਸਾ ਕਰੀਬ ਦੋ-ਤਿੰਨ ਸਾਲਾਂ ਤੋਂ ਕਿਰਾਏ 'ਤੇ ਦਿੱਤਾ ਹੋਇਆ ਹੈ ਅਤੇ ਉਹ ਪੈਸੇ ਵੀ ਨਹੀਂ ਦੇ ਰਹੇ ਹਨ। ਜਿਸ ਦਾ ਕੇਸ ਅਦਾਲਤ ਵਿੱਚ ਚੱਲ ਰਿਹਾ ਹੈ। ਅੱਜ ਅਸੀਂ ਆਪਣੇ ਉਪਰਲੇ ਹਿੱਸੇ ਦੀ ਸਫਾਈ ਕਰਨ ਆਏ, ਜਿਸ ਤੋਂ



ਬਾਅਦ ਇਨ੍ਹਾਂ ਲੋਕਾਂ ਨੇ ਸਾਨੂੰ ਅੰਦਰ ਬੰਧਕ ਬਣਾ ਲਿਆ ਅਤੇ ਕੁੱਟਮਾਰ ਕੀਤੀ। ਬਾਅਦ ਵਿੱਚ ਉਸ ਨੇ ਬਾਹਰੋਂ ਹੋਰ ਲੋਕਾਂ ਨੂੰ ਵੀ ਬੁਲਾਇਆ। ਜਿਸ ਤੋਂ ਬਾਅਦ ਉਨ੍ਹਾਂ ਨੇ ਸਾਡੀ ਵੀ ਕੁੱਟਮਾਰ ਕੀਤੀ ਅਤੇ ਜਦੋਂ ਬਦਮਾਸਾਂ ਨੇ ਸਾਨੂੰ ਛੁਡਾਉਣ ਦੀ ਕੋਸਿ਼ਸ ਕੀਤੀ ਤਾਂ ਉਨ੍ਹਾਂ ਨੇ ਦੋ ਰਾਊਂਡ ਗੋਲੀਆਂ ਚਲਾ ਦਿੱਤੀਆਂ। ਕਿਰਾਏਦਾਰ ਅਸੋਕ ਕੁਮਾਰ ਨੇ ਦੱਸਿਆ ਕਿ ਅਸੀਂ ਇਥੇ ਕਿਰਾਏ 'ਤੇ ਰਹਿੰਦੇ ਹਾਂ। 2 ਦਿਨ ਪਹਿਲਾਂ ਇਹ ਲੋਕ ਸਾਡੇ ਘਰ ਆਏ ਅਤੇ ਸਾਡਾ ਸੀ. ਸੀ. ਟੀ. ਵੀ. ਕੈਮਰਾ ਤੋੜ ਦਿੱਤਾ। ਅੱਜ ਇਕ ਵਾਰ ਫਿਰ ਉਕਤ ਵਿਅਕਤੀਆਂ ਨੇ ਆ ਕੇ ਕਮਰੇ ਨੂੰ ਤੋੜਨ ਦੀ ਕੋਸਿ਼ਸ ਕੀਤੀ। ਜਦੋਂ ਮੈਂ ਉਨ੍ਹਾਂ ਨੂੰ ਕੈਮਰਾ ਤੋੜਨ ਤੋਂ ਰੋਕਿਆ ਤਾਂ ਉਨ੍ਹਾਂ ਨੇ ਸਾਨੂੰ ਮਾਰਨਾ ਸੁਰੂ ਕਰ ਦਿੱਤਾ। ਮੌਕੇ 'ਤੇ ਪਹੁੰਚੇ ਥਾਣਾ ਸਦਰ ਦੇ ਇੰਚਾਰਜ ਮੁਕੇਸ ਕੁਮਾਰ ਨੇ ਦੱਸਿਆ ਕਿ ਕਿਰਾਏਦਾਰਾਂ ਅਤੇ ਮਕਾਨ ਮਾਲਕ ਵਿਚਕਾਰ ਪੁਰਾਣੀ ਲੜਾਈ ਚੱਲ ਰਹੀ ਹੈ ਅਤੇ ਉਨ੍ਹਾਂ ਦੇ ਘਰ ਨੂੰ ਲੈ ਕੇ ਅਦਾਲਤੀ ਕੇਸ ਵੀ ਚੱਲ ਰਿਹਾ ਹੈ, ਮਕਾਨ ਮਾਲਕ ਅਨੁਸਾਰ ਕਿਰਾਏਦਾਰ ਉਸ ਨੂੰ ਉੱਪਰ ਜਾਣ ਤੋਂ ਰੋਕਦੇ ਹਨ। ਫਿਲਹਾਲ ਦੋਵੇਂ ਧਿਰਾਂ ਦੇ ਬਿਆਨ ਲੈ ਕੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

## ਬੀ.ਐੱਸ.ਐੱਫ. ਦੀ ਵੱਡੀ ਕਾਰਵਾਈ, ਪਾਕਿਸਤਾਨ ਤੋਂ ਆਇਆ ਵੱਡਾ ਡ੍ਰੋਨ ਸੁੱਟਿਆ

ਫਿਰੋਜਪੁਰ 30 ਅਪ੍ਰੈਲ। ਫਿਰੋਜਪੁਰ ਦੇ ਖੇਤਾਂ 'ਚੋਂ ਇਕ ਪਾਕਿਸਤਾਨੀ ਡ੍ਰੋਨ ਮਿਲਣ ਦੀ ਸੂਚਨਾ ਪ੍ਰਾਪਤ ਹੋਈ ਹੈ। ਮਿਲੀ ਜਾਣਕਾਰੀ ਮੁਤਾਬਕ ਫਿਰੋਜਪੁਰ ਦੀ ਬੀ.ਓ.ਪੀ. ਗੱਟੀ ਹਯਾਤ ਇਲਾਕੇ 'ਚੋਂ ਬੀ.ਐੱਸ.ਐੱਫ. ਨੇ ਖੇਤਾਂ 'ਚੋਂ ਇਕ ਵੱਡਾ ਪਾਕਿਸਤਾਨੀ ਡ੍ਰੋਨ ਬਰਾਮਦ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਬੀ.ਐੱਸ.ਐੱਫ. ਫਿਰੋਜਪੁਰ ਦੀ 155 ਬਟਾਲੀਅਨ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਇਹ ਡ੍ਰੋਨ ਖੇਤਾਂ 'ਚ ਡਿਗ ਗਿਆ ਸੀ। ਇਸ ਦੀ ਸੂਚਨਾ ਇਕ ਕਿਸਾਨ ਨੇ ਤੁਰੰਤ ਹੀ ਬੀ.ਐੱਸ.ਐੱਫ. ਨੂੰ ਦੇ ਦਿੱਤੀ ਸੀ। ਬੀ.ਐੱਸ.ਐੱਫ. ਨੇ ਡ੍ਰੋਨ ਨੂੰ ਆਪਣੇ ਕਬਜੇ 'ਚ ਲੈ ਲਿਆ ਹੈ ਅਤੇ ਪੂਰੇ ਇਲਾਕੇ 'ਚ ਸਰਚ ਅਭਿਆਨ ਚੱਲ ਰਿਹਾ ਹੈ।

## ਪੰਜਾਬ ਪੁਲਸ ਦੀ ਵੱਡੀ ਕਾਰਵਾਈ, ਬਲਦੇ ਸਿਵੇ 'ਚੋਂ ਵਿਆਹੁਤਾ ਦੀ ਅੱਧ ਸੜੀ ਲਾਸ ਕੱਢੀ ਬਾਹਰ

ਨਾਭਾ 8 ਫਰਵਰੀ। ਨਾਭਾ ਦੇ ਅਲੌਹਰਾਂ ਗੇਟ ਵਿਖੇ ਸਮਸਾਨਘਾਟ 'ਚ ਪੇਕੇ ਪਰਿਵਾਰ ਨੇ ਪਹੁੰਚ ਕੇ ਬਲਦੇ ਸਿਵੇ 'ਚੋਂ ਪੁਲਸ ਅਤੇ ਫਾਇਰ ਬ੍ਰਿਗੇਡ ਦੀ ਮਦਦ ਨਾਲ ਵਿਆਹੁਤਾ ਦੀ ਅੱਧ ਸੜੀ ਲਾਸ ਨੂੰ ਬਾਹਰ ਕੱਢਿਆ। ਮ੍ਰਿਤਕ ਪਰਮਜੀਤ ਕੌਰ (24) ਸੰਗਰੂਰ ਦੀ ਰਹਿਣ ਵਾਲੀ ਸੀ। ਡੇਢ ਸਾਲ ਪਹਿਲਾਂ ਉਸਦਾ ਨਾਭਾ ਦੇ ਨਿੰਮਾ ਨਾਮ ਦੇ ਨੌਜਵਾਨ ਨਾਲ ਵਿਆਹ ਹੋਇਆ ਸੀ। ਇਸ ਮੌਕੇ ਮ੍ਰਿਤਕ ਲੜਕੀ ਦੇ ਭਰਾ, ਮਾਤਾ ਅਤੇ ਰਿਸਤੇਦਾਰ ਨੇ ਸਹੁਰੇ ਪਰਿਵਾਰ 'ਤੇ ਲੜਕੀ ਨੂੰ ਮਾਰਨ ਦੇ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਸਹੁਰਾ ਪਰਿਵਾਰ ਲੜਕੀ ਨੂੰ ਰਾਤ ਸਮੇਂ ਹੀ ਮਾਰ ਕੇ ਉਸ ਦਾ ਸੰਸਕਾਰ ਕਰਨ ਪਹੁੰਚਿਆ, ਜਦੋਂ ਸਾਨੂੰ ਪਤਾ ਲੱਗਾ ਤਾਂ ਅਸੀਂ ਕੁਝ ਟਾਈਮ ਬਾਅਦ ਹੀ ਸਮਸਾਨਘਾਟ ਪਹੁੰਚੇ, ਲੜਕੀ ਦੇ ਬਲਦੇ ਸਿਵੇ ਨੂੰ ਪਾਣੀ ਪਾ ਕੇ ਬੁਝਾਇਆ ਅਤੇ ਮੌਕੇ 'ਤੇ ਪੁਲਸ ਪਹੁੰਚੀ। ਪੁਲਸ ਨੇ ਫਾਇਰ ਬ੍ਰਿਗੇਡ ਦੀ ਗੱਡੀ ਨਾਲ ਸਿਵੇ ਦੀ ਅੱਗ 'ਤੇ ਕਾਬੂ ਪਾਇਆ ਅਤੇ ਲੜਕੀ ਦੀ ਅੱਧ ਸੜੀ ਲਾਸ਼ ਨੂੰ ਆਪਣੇ ਕਬਜੇ 'ਚ ਲੈ ਲਿਆ। ਇਸ ਮੌਕੇ ਲੜਕੀ ਦੀ ਮਾਤਾ ਨੇ ਕਿਹਾ ਕਿ ਸਵੇਰੇ ਹੀ ਉਨ੍ਹਾਂ ਦੀ ਲੜਕੀ ਨਾਲ



ਗੱਲ ਹੋਈ ਸੀ ਅਤੇ ਸਾਮ ਨੂੰ ਉਸ ਦੀ ਮੌਤ ਬਾਰੇ ਪਤਾ ਚੱਲਦਾ ਹੈ ਜਦਕਿ ਸਹੁਰਾ ਪਰਿਵਾਰ ਚੋਰੀ-ਚੋਰੀ ਹੀ ਉਸਦਾ ਸਸਕਾਰ ਕਰਨ ਜਾ ਰਿਹਾ ਸੀ। ਮ੍ਰਿਤਕ ਦੀ ਮਾਂ ਨੇ ਕਿਹਾ ਕਿ ਇਸ ਸਾਰੇ ਮਾਮਲੇ ਦੀ ਜਾਂਚ ਕਰਕੇ ਉਨ੍ਹਾਂ ਨੂੰ ਇਨਸਾਫ ਦਿੱਤਾ ਜਾਵੇ। ਇਸ ਮੌਕੇ ਨਾਭਾ ਕੋਤਵਾਲੀ ਪੁਲਸ ਦੇ ਅਧਿਕਾਰੀ ਬਲਵਿੰਦਰ ਸਿੰਘ ਦਾ ਕਹਿਣਾ ਹੈ ਕਿ ਸਾਨੂੰ ਸ਼ਿਕਾਇਤ ਮਿਲੀ ਸੀ ਕਿ ਅਲੌਹਰਾਂ ਗੇਟ ਵਿਖੇ ਲੜਕੀ ਪਰਮਜੀਤ ਕੌਰ ਦਾ ਸਹੁਰੇ ਪਰਿਵਾਰ ਵੱਲੋਂ ਧੱਕੇ ਨਾਲ ਰਾਤ ਸਮੇਂ ਸਸਕਾਰ ਕੀਤਾ ਜਾ ਰਿਹਾ ਹੈ। ਅਸੀਂ ਮੌਕੇ 'ਤੇ ਪਹੁੰਚੇ ਅਤੇ ਅੱਗ ਨੂੰ ਬੁਝਾ ਕੇ ਅੱਧ ਸੜੀ ਲਾਸ ਨੂੰ ਕਬਜੇ 'ਚ ਲੈ ਲਿਆ ਹੈ। ਪੁਲਸ ਵਲੋਂ ਸਾਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਲੜਕੀ ਦੇ ਮਾਪਿਆਂ ਦੇ ਬਿਆਨਾਂ ਦੇ ਆਧਾਰ 'ਤੇ ਸਹੁਰੇ ਪਰਿਵਾਰ ਖਿ਼ਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

## ਸ਼ੇਅਰ ਅਲਾਟਮੈਂਟ 'ਚ ਲੱਖਾਂ ਦੀ ਠੱਗੀ ਦੇ ਮਾਮਲੇ 'ਚ ਪੰਜਾਬ ਡਾਇਰਜ ਐਸੋਸੀਏਸ਼ਨ ਦੇ 2 ਡਾਇਰੈਕਟਰਜ 'ਤੇ ਹੋਈ

ਲੁਧਿਆਣਾ 8 ਫਰਵਰੀ। ਪੰਜਾਬ ਡਾਇਰਜ ਐਸੋਸੀਏਸ਼ਨ ਦੇ ਦੋ ਨਿਰਦੇਸ਼ਕਾਂ 'ਤੇ ਟਿੱਬਾ ਥਾਣਾ ਵਿਖੇ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਬੌਬੀ ਜਿੰਦਲ ਅਤੇ ਕਮਲ ਚੌਹਾਨ 'ਤੇ ਦਰਜ ਇਸ ਮਾਮਲੇ 'ਚ ਪਾਣੀ ਡਿਸਚਾਰਜ ਦੇ ਸ਼ੇਅਰ ਅਲਾਟਮੈਂਟ 'ਚ ਲੱਖਾਂ ਦੀ ਠੱਗੀ ਕਰਨ ਦਾ ਦੋਸ਼ ਲੱਗਾ ਹੈ। ਐਸੋਸੀਏਸ਼ਨ ਮੈਂਬਰ ਸੁਨੀਲ ਬਾਂਸਲ ਦੀ ਸ਼ਿਕਾਇਤ 'ਤੇ ਇਹ ਮਾਮਲਾ ਦਰਜ ਕੀਤਾ ਗਿਆ ਹੈ। ਉਧਰ ਪੰਜਾਬ ਡਾਇਰਜ ਐਸੋਸੀਏਸ਼ਨ ਦੇ ਅਧਿਕਾਰੀ ਡਾਇਰੈਕਟਰਾਂ ਦੇ ਪੱਖ 'ਚ ਹਨ ਅਤੇ ਉਹ ਪੁਲਸ ਕਮਿਸ਼ਨਰ ਤੋਂ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਨ ਦੀ ਮੰਗ ਕਰ




ਸਕਦੇ ਹਨ। ਆਪਣੀ ਸ਼ਿਕਾਇਤ 'ਚ ਸੁਨੀਲ ਬਾਂਸਲ ਨੇ ਦੱਸਿਆ ਕਿ ਉਸ ਦੀ ਮਹਾਵੀਰ ਜੈਨ ਕਲੋਨੀ ਵਿਖੇ ਕ੍ਰਿਸ਼ਨ ਪ੍ਰੋਸੈੱਸਰ ਨਾਂ ਦੀ ਡਾਈਂਗ ਹੈ। ਇਸ ਦੇ ਇਲਾਵਾ ਉਹ ਪੰਜਾਬ ਡਾਈਂਗ ਐਸੋਸੀਏਸ਼ਨ ਅਤੇ ਤਾਜਪੁਰ ਰੋਡ 'ਤੇ 50 ਪਲਾਂਟ ਦਾ ਵੀ ਮੈਂਬਰ ਹੈ। ਮੁਲਜਮ ਬੌਬੀ ਜਿੰਦਲ ਅਤੇ ਕਮਲ ਚੌਹਾਨ ਪੰਜਾਬ ਡਾਇਰਸ ਐਸੋਸੀਏਸ਼ਨ ਦੇ ਡਾਇਰੈਕਟਰ ਹਨ। ਸੁਨੀਲ ਦੇ ਮੁਤਾਬਕ ਉਸ ਨੇ ਪੰਜਾਬ ਡਾਇਰਜ ਐਸੋਸੀਏਸ਼ਨ 800 ਦੇ ਸ਼ੇਅਰ 80 ਲੱਖ ਰੁਪਏ ਦੇ ਕੇ ਖਰੀਦੇ। ਉਸ ਨੇ ਪੈਸੇ ਦੇਣ ਤੋਂ ਪਹਿਲਾਂ ਬੌਬੀ ਜਿੰਦਲ ਅਤੇ ਕਮਲ ਚੌਹਾਨ ਨੂੰ ਪੁੱਛਿਆ ਸੀ ਕਿ ਕੀ ਉਹ ਨਾਨ ਮੈਂਬਰ ਤੋਂ ਪੇਮੈਂਟ ਪਵਾ ਸਕਦਾ ਹੈ ਜਾਂ ਨਹੀਂ ਤਾਂ ਇਸ 'ਤੇ ਉਨ੍ਹਾਂ ਨੇ ਹਾਂ ਦਾ ਜਵਾਬ ਦਿੱਤਾ ਸੀ। ਜਿਸ ਤੋਂ ਬਾਅਦ ਉਸ ਨੇ ਆਪਣੀ ਫਰਮ ਤੋਂ 60 ਲੱਖ ਰੁਪਏ ਦੇ ਖਾਤੇ 'ਚ ਭੇਜੇ ਸਨ। ਉਸ ਨੇ ਇਕ ਵਪਾਰੀ ਤੋਂ ਪੈਸੇ ਲੈਣੇ ਸਨ, ਇਸ ਲਈ ਬਾਕੀ ਦੇ 20 ਲੱਖ ਰੁਪਏ ਉਸ ਨੇ ਵਪਾਰੀ ਨੂੰ ਕਹਿ ਕੇ ਦੇ ਖਾਤੇ 'ਚ ਪਵਾ ਦਿੱਤੇ ਸਨ। ਸੁਨੀਲ ਦਾ ਦੋਸ਼ ਹੈ ਕਿ ਉਸ ਨੂੰ 800 ਦੀ ਜਗ੍ਹਾ 696 ਸ਼ੇਅਰ ਹੀ ਦਿੱਤੇ ਗਏ ਤੇ ਫਿਰ ਉਨ੍ਹਾਂ 'ਚੋਂ ਵੀ ਘਟਾ ਕੇ 522 ਕਰ ਦਿੱਤੇ ਗਏ। ਜਦੋਂ ਉਸ ਨੇ ਇਸ ਬਾਰੇ ਡਾਇਰੈਕਟਰਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸੁਨੀਲ ਦੀ ਫਰਮ ਵੱਲੋਂ ਦੇ ਖਾਤੇ 'ਚ ਸਿਰਫ 60 ਲੱਖ ਰੁਪਏ ਹੀ ਜਮ੍ਹਾ ਕਰਵਾਏ ਗਏ ਸਨ।

## ਡੀ.ਸੀ. ਨੇ ਕੀਤੀ ਸਮਾਰਟ ਸਿਟੀ ਪ੍ਰਾਜੈਕਟਾਂ ਦੀ ਸਮੀਖਿਆ, ਅਧਿਕਾਰੀਆਂ ਨੂੰ ਦਿੱਤੇ ਸਖਤ ਨਿਰਦੇਸ਼

ਜਲੰਧਰ 30 ਅਪ੍ਰੈਲ। ਡਿਪਟੀ ਕਮਿਸਨਰ ਵਿਸੇਸ ਸਾਰੰਗਲ ਨੇ ਵੀਰਵਾਰ ਨੂੰ ਸਮਾਰਟ ਸਿਟੀ ਪ੍ਰਾਜੈਕਟ ਤਹਿਤ ਸੁਰੂ ਕੀਤੇ ਗਏ ਵੱਖ-ਵੱਖ ਕੰਮਾਂ ਦੀ ਪ੍ਰਗਤੀ ਦਾ ਜਾਇਜਾ ਲਿਆ। ਮੀਟਿੰਗ ਵਿੱਚ ਨਗਰ ਨਿਗਮ ਕਮਿਸਨਰ ਰਿਸੀਪਾਲ ਸਿੰਘ ਅਤੇ ਜਲੰਧਰ ਸਮਾਰਟ ਸਿਟੀ ਲਿਮਟਿਡ ਦੇ ਨੁਮਾਇੰਦੇ ਵੀ ਮੌਜੂਦ ਸਨ। ਮੀਟਿੰਗ ਦੌਰਾਨ ਡਿਪਟੀ ਕਮਿਸਨਰ ਨੇ ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ (ਆਈ.ਸੀ.ਸੀ.ਸੀ.), ਬਰਲਟਨ ਪਾਰਕ ਵਿਖੇ ਸਪੋਰਟਸ ਹੱਬ, ਸਰਕਾਰੀ ਇਮਾਰਤਾਂ ਦੀਆਂ ਛੱਤਾਂ, ਸੋਲਰ



ਪੈਨਲ ਆਦਿ ਸਮੇਤ ਵੱਖ-ਵੱਖ ਪ੍ਰਾਜੈਕਟਾਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਅਤੇ ਪ੍ਰਾਜੈਕਟਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਅਧਿਕਾਰੀਆਂ ਨੂੰ ਵਿਅਕਤੀਗਤ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਕਿਹਾ। ਸਾਰੰਗਲ ਨੇ ਕਿਹਾ ਕਿ ਸਮਾਰਟ ਸਿਟੀ ਪ੍ਰਾਜੈਕਟ ਤਹਿਤ ਚੱਲ ਰਹੇ ਸਾਰੇ ਕੰਮਾਂ ਦੀ ਪ੍ਰਗਤੀ ਦੀ ਉਨ੍ਹਾਂ ਵੱਲੋਂ ਖੁਦ ਨਿਗਰਾਨੀ ਕੀਤੀ ਜਾਵੇਗੀ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਕੋਈ ਕੁਤਾਹੀ ਪਾਈ ਗਈ ਤਾਂ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪ੍ਰਾਜੈਕਟਾਂ ਨੂੰ ਪਹਿਲ ਦੇ ਆਧਾਰ 'ਤੇ ਨਿਰਧਾਰਤ ਸਮੇਂ ਦੇ ਅੰਦਰ ਮੁਕੰਮਲ ਕੀਤਾ ਜਾਵੇਗਾ।

## ਦੁਨੀਆ 'ਚ 83 ਕਰੋੜ ਲੋਕ ਸੌਂ ਰਹੇ ਭੁੱਖੇ ਢਿੱਡ, 10 ਕਰੋੜ ਹੈਕਟੇਅਰ ਜਮੀਨ 'ਤੇ ਨਹੀਂ ਹੁੰਦੀ ਖੇਤੀ

ਨਵੀਂ ਦਿੱਲੀ 30 ਅਪ੍ਰੈਲ। ਗਲੋਬਲ ਪੱਧਰ 'ਤੇ ਕੀਤੇ ਗਏ ਖੇਤਾਂ ਨੂੰ ਲੈ ਕੇ ਕੀਤੇ ਗਏ ਅਧਿਐਨ 'ਚ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ। ਸ਼ੋਧਕਰਤਾਵਾਂ ਨੇ ਦੱਸਿਆ ਕਿ ਪੂਰੀ ਦੁਨੀਆ 'ਚ 1992 ਤੋਂ 2020 ਵਿਚਾਲੇ ਕੁੱਲ 10 ਕਰੋੜ ਹੈਕਟੇਅਰ ਜਮੀਨ ਨੂੰ ਬਿਨਾਂ ਖੇਤੀ ਦੇ ਹੀ ਛੱਡ ਦਿੱਤਾ ਗਿਆ ਹੈ, ਜੋ ਆਕਾਰ ਵਿਚ 1992 ਦੀ ਖੇਤੀ ਯੋਗ ਜਮੀਨ ਦੀ 7 ਫੀਸਦੀ ਹੈ। ਜੇਕਰ ਇਸ ਜਮੀਨ 'ਤੇ ਖੇਤੀ ਕੀਤੀ ਜਾਂਦੀ ਹੈ ਤਾਂ ਕਰੋੜਾਂ ਲੋਕਾਂ ਨੂੰ ਭੁੱਖੇ ਢਿੱਡ ਨਾ ਸੌਣਾ ਪਵੇ। ਇਹ ਸ਼ੋਧ ਨੈਸ਼ਨਲ ਯੂਨੀਵਰਸਿਟੀ ਆਫ ਸਿੰਗਾਪੁਰ ਦੇ ਸਹਿਯੋਗ ਨਾਲ ਕਈ ਦੇਸ਼ਾਂ ਦੇ ਸ਼ੋਧਕਰਤਾਵਾਂ ਨੇ ਕੀਤਾ ਹੈ। ਇਸ ਸ਼ੋਧ ਦੇ ਨਤੀਜੇ ਵੱਕਾਰੀ ਮੈਗਜੀਨ ਨੇਚਰ ਕਮਿਊਨੀਕੇਸਨ 'ਚ ਪ੍ਰਕਾਸਿ਼ਤ ਕੀਤਾ ਗਿਆ ਹੈ। ਸ਼ੋਧ ਮੁਤਾਬਕ ਕਈ ਵਾਰ ਮਿੱਟੀ ਵਿਚ ਪੌਸਟਿਕ ਤੱਤਾਂ ਦੀ ਕਮੀ ਹੋ ਜਾਂਦੀ ਹੈ ਅਤੇ ਅਜਿਹੀ ਜਮੀਨ ਨੂੰ ਮੁੜ ਉਪਜਾਊ ਬਣਾਉਣ ਲਈ ਇਸ ਨੂੰ ਖਾਲੀ ਹੀ ਛੱਡ ਦਿੱਤਾ ਜਾਂਦਾ ਹੈ ਪਰ ਇੱਥੇ ਸਥਿਤੀ ਵੱਖਰੀ ਹੈ। ਹਰ ਸਾਲ ਦੁਨੀਆ ਭਰ ਵਿਚ 36 ਲੱਖ ਹੈਕਟੇਅਰ ਜਮੀਨ ਖਾਲੀ ਛੱਡ ਦਿੱਤੀ ਜਾਂਦੀ ਹੈ। ਜੇਕਰ ਇਸ 'ਤੇ ਖੇਤੀ ਨਾ ਕੀਤੀ ਜਾਵੇ ਤਾਂ ਇਸ ਦੀ ਗੁਣਵੱਤਾ ਘਟਣ ਲੱਗਦੀ ਹੈ। ਅੰਕੜਿਆਂ ਮੁਤਾਬਕ 2021 'ਚ ਪੂਰੀ ਦੁਨੀਆ 'ਚ ਲਗਭਗ 82.8 ਕਰੋੜ ਲੋਕਾਂ ਲਈ ਉੱਚਿਤ ਭੋਜਨ ਦੀ ਵਿਵਸਥਾ ਨਹੀਂ ਹੈ। ਇਨ੍ਹਾਂ ਦਾ ਢਿੱਡ ਭਰਨ ਲਈ ਅਗਲੇ 30 ਸਾਲਾਂ ਵਿਚ 22.6 ਮਿਲੀਅਨ ਹੈਕਟੇਅਰ ਜਮੀਨ ਦੀ ਲੋੜ ਹੈ। ਅਜਿਹੀ ਸਥਿਤੀ ਵਿਚ ਵਾਤਾਵਰਣ ਅਤੇ ਜੈਵ ਵਿਭਿੰਨਤਾ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਇਸ ਦੇ ਨਾਲ ਹੀ ਖੇਤੀ ਖੇਤਰ ਵਿਚ ਵੱਧਦੀ ਹੋਇਆ ਉਤਸਰਜਨ ਵੀ ਵੱਡੀ ਸਮੱਸਿਆ ਪੈਦਾ ਕਰ ਰਹੀ ਹੈ। ਖੇਤੀ ਵਿਚ ਕੀਟਨਾਸਕਾਂ ਦੀ ਵੱਧ ਰਹੀ ਵਰਤੋਂ ਕਾਰਨ ਧਰਤੀ ਦਾ ਵਾਤਾਵਰਣ ਖਤਰੇ ਵਿਚ ਹੈ। ਇਨ੍ਹਾਂ ਸਥਿਤੀਆਂ ਦਾ ਅਧਿਐਨ ਕਰਨ ਤੋਂ ਬਾਅਦ ਖੋਜਕਰਤਾਵਾਂ ਨੇ ਵੇਖਿਆ ਕਿ ਜੇਕਰ ਇਸ 36 ਲੱਖ ਹੈਕਟੇਅਰ ਜਮੀਨ ਨੂੰ ਖੇਤੀ ਯੋਗ ਬਣਾਇਆ ਜਾਵੇ, ਤਾਂ ਇਹ ਜਲਵਾਯੂ ਤਬਦੀਲੀ ਅਤੇ ਭੋਜਨ ਦੀ ਕਮੀ ਦੇ ਦੋਹਰੇ ਵਿਸਵ ਸੰਕਟ ਨਾਲ ਨਜਿੱਠਣ ਵਿਚ ਮਦਦ ਕਰ ਸਕਦਾ ਹੈ। ਵਿਗਿਆਨੀਆਂ ਅਨੁਸਾਰ ਵਾਹੀਯੋਗ ਜਮੀਨ 'ਤੇ ਖੇਤੀ ਨਾ ਕਰਨ ਦੇ ਕਈ ਕਾਰਨ ਹਨ। ਜਮੀਨ ਦੀ ਗੁਣਵੱਤਾ ਵਿਚ ਨਿਘਾਰ, ਸਮਾਜਿਕ ਤਬਦੀਲੀ, ਆਫਤਾਂ, ਸੰਘਰਸ ਅਤੇ ਸਹਿਰੀਕਰਨ ਵਰਗੇ ਕਾਰਕ ਇਸ ਲਈ ਜਿ਼ੰਮੇਵਾਰ ਹਨ। ਹਾਲਾਂਕਿ ਖੋਜ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਛੱਡੀ ਗਈ ਫਸਲੀ ਜਮੀਨ 'ਚੋਂ, 6.1 ਹੈਕਟੇਅਰ ਨੂੰ ਖੇਤੀ ਲਈ ਮੁੜ ਵਰਤਿਆ ਜਾ ਸਕਦਾ ਹੈ, ਜੋ ਹਰ ਸਾਲ 47.6 ਕਰੋੜ ਲੋਕਾਂ ਦਾ ਢਿੱਡ ਭਰ ਸਕਦਾ ਹੈ।

## ਜ਼ਿਲ੍ਹੇ 'ਚ 'ਸਵੀਪ' ਗਤੀਵਿਧੀਆਂ 'ਚ ਹੋਰ ਤੇਜ਼ੀ ਲਿਆਉਣ ਲਈ ਨੋਡਲ ਅਫਸਰਾਂ ਨੂੰ ਹਦਾਇਤ

ਪਟਿਆਲਾ 8 ਫਰਵਰੀ। ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਆਗਾਮੀ ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦਿਆਂ ਸਵੀਪ ਗਤੀਵਿਧੀਆਂ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਵਧੀਕ ਜ਼ਿਲ੍ਹਾ ਚੋਣ ਅਫਸਰ ਜਗਜੀਤ ਸਿੰਘ ਨੇ ਦੱਸਿਆ ਕਿ ਨੌਜਵਾਨ ਵੋਟਰਾਂ ਦੀਆਂ ਵੋਟਾਂ ਬਣਾਉਣ ਲਈ ਜ਼ਿਲ੍ਹੇ 'ਚ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਯੋਗਤਾ ਮਿਤੀ 01.01.2024 ਦੇ ਆਧਾਰ 'ਤੇ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਹਰੇਕ ਨੌਜਵਾਨ ਦੀ ਵੋਟ ਬਣਾਈ ਜਾ ਰਹੀ ਹੈ ਤਾਂ ਜੋ ਕੋਈ ਵੀ ਨੌਜਵਾਨ ਵੋਟ ਪਾਉਣ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਅਧੀਨ ਆਉਂਦੀ ਹਰ ਯੂਨੀਵਰਸਿਟੀ, ਕਾਲਜ, ਸੀਨੀਅਰ ਸੈਕੰਡਰੀ ਸਕੂਲ 'ਚ ਇਕ ਸਪੈਸ਼ਲ ਵੋਟਰ ਰਜਿਸਟ੍ਰੇਸ਼ਨ ਹੈਲਪ ਡੈਸਕ ਬਣਾਇਆ ਜਾਵੇ, ਜਿਸ 'ਚ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਨੌਜਵਾਨ ਆਪਣੀ ਵੋਟ ਬਣਵਾ ਸਕਣ ਅਤੇ ਇਸ ਸਬੰਧੀ ਪ੍ਰਚਾਰ ਕਰਨ ਲਈ ਵੱਖ-ਵੱਖ ਸਵੀਪ ਗਤੀਵਿਧੀਆਂ ਜਿਵੇਂ ਕਿ ਕੁਇੱਜ, ਰੰਗੋਲੀ ਪ੍ਰਤੀਯੋਗਤਾ, ਭਾਸ਼ਣ ਮੁਕਾਬਲੇ, ਨਾਟਕ ਕਰਵਾਏ ਜਾਣ। ਉਨ੍ਹਾਂ ਇਹ ਵੀ ਦੱਸਿਆ ਕਿ ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਯੋਗਤਾ ਮਿਤੀ 01-01-2024 ਦੌਰਾਨ ਵੱਖ-ਵੱਖ ਗਰੁੱਪਾਂ ਦੀ ਪਛਾਣ ਕੀਤੀ ਜਾਵੇ ਅਤੇ ਇਨ੍ਹਾਂ ਨੂੰ ਵੋਟਰ ਸੂਚੀ 'ਚ ਸ਼ਾਮਲ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣ। ਇਸ ਮੀਟਿੰਗ 'ਚ ਵਧੀਕ ਜ਼ਿਲਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ, ਚੋਣ ਤਹਿਸੀਲਦਾਰ, ਜ਼ਿਲਾ ਸਵੀਪ ਨੋਡਲ ਅਫਸਰ-ਕਮ-ਜ਼ਿਲਾ ਸਿੱਖਿਆ ਅਫਸਰ (ਸੈਕੰਡਰੀ), ਪ੍ਰੋ. ਸਵਿੰਦਰ ਰੇਖੀ, ਮਹਿੰਦਰਾ ਕਾਲਜ, ਪਟਿਆਲਾ (ਸਹਾਇਕ ਜ਼ਿਲਾ ਸਵੀਪ ਨੋਡਲ ਅਫਸਰ, ਪਟਿਆਲਾ) ਅਤੇ ਜ਼ਿਲਾ ਸਮਾਜਿਕ ਸੁਰੱਖਿਆ ਅਫਸਰ, ਪਟਿਆਲਾ ਦੇ ਨੁਮਾਇੰਦੇ ਅਤੇ ਸਮੂਹ ਹਲਕਿਆਂ ਦੇ ਨੋਡਲ ਅਫਸਰ ਸ਼ਾਮਲ ਹੋਏ।

# ਸ੍ਰੀ ਮੁਕਤਸਰ ਸਾਹਿਬ ਦੇ ਜਸਪ੍ਰੀਤ ਸਿੰਘ ਨੇ ਜੱਜ ਬਣ ਚਮਕਾਇਆ ਮਾਪਿਆਂ ਦਾ ਨਾਮ

ਸ੍ਰੀ ਮੁਕਤਸਰ ਸਾਹਿਬ 8 ਫਰਵਰੀ। ਸਥਾਨਕ ਮਲੋਟ ਰੋਡ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਗੇਟ ਨੰਬਰ 7 ਦੇ ਨੇੜੇ ਰਹਿਣ ਵਾਲੇ ਨਗਰ ਕੌਂਸਲ 'ਚ ਜੂਨੀਅਰ ਅਸਿਸਟੈਂਡ ਵਜੋਂ ਕੰਮ ਕਰ ਰਹੇ ਗੁਰਦੀਪ ਸਿੰਘ ਧਾਲੀਵਾਲ ਦੇ ਪੁੱਤਰ ਜਸਪ੍ਰੀਤ ਸਿੰਘ ਧਾਲੀਵਾਲ ਨੇ ਜੱਜ ਬਣ ਕੇ ਸ੍ਰੀ ਮੁਕਤਸਰ ਸਾਹਿਬ ਦਾ ਨਾਮ ਰੋਸ਼ਨ ਕੀਤਾ ਹੈ । ਉਨ੍ਹਾਂ ਸਿਵਲ ਜੱਜ ਦੀ ਪ੍ਰੀਖਿਆ ਪਾਸ ਕਰ ਲਈ ਹੈ ਤੇ ਪੰਜਾਬ 'ਚੋਂ ਦਸਵਾਂ ਰੈਂਕ ਹਾਸਲ ਕੀਤਾ ਹੈ । ਜਸਪ੍ਰੀਤ ਦੀ ਇਸ ਉਪਲਬਧੀ 'ਤੇ ਜਿੱਥੇ ਪਿਤਾ ਗੁਰਦੀਪ ਸਿੰਘ ਧਾਲੀਵਾਲ ਤੇ ਮਾਤਾ ਪਰਮਜੀਤ ਕੌਰ ਸਮੇਤ ਸਾਰੇ ਰਿਸ਼ਤੇਦਾਰ ਤੇ ਦੋਸਤ ਵੀ ਗਰਵ ਮਹਿਸੂਸ ਕਰ ਰਹੇ ਹਨ। ਉੱਥੇ ਹੀ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਲਈ ਵੀ ਇਹ ਮਾਣ ਵਾਲੀ ਗੱਲ ਹੈ । ਇਸ ਮੌਕੇ ਉਨ੍ਹਾਂ ਦੇ ਗ੍ਰਹਿ ਵਿਖੇ ਸ਼ੁਭਕਾਮਨਾਵਾਂ ਭੇਂਟ ਕਰਨ ਵਾਸਤੇ ਰਿਸ਼ਤੇਦਾਰਾਂ ਤੇ ਹੋਰਾਂ ਦੇ ਆਉਣ ਦਾ ਸਿਲਸਿਲਾ ਜਾਰੀ ਹੈ ਤੇ ਪਰਿਵਾਰਕ ਮੈਂਬਰਾਂ ਵੱਲੋਂ ਸਾਰਿਆਂ ਦਾ ਮੂੰਹ ਮਿੱਠਾ ਕਰਵਾਇਆ ਜਾ ਰਿਹਾ ਹੈ। ਦੱਸ ਦਈਏ ਕਿ ਜਿੱਥੇ ਅੱਜ ਕੱਲ੍ਹ ਕੰਪਟੀਸ਼ਨ ਦੇ ਦੌਰ 'ਚ ਨੌਜਵਾਨਾਂ 'ਚ ਇੱਕ-ਦੂਜੇ ਤੋਂ ਅੱਗੇ ਵਧਣ ਦੀ ਹੋੜ ਲੱਗੀ ਰਹਿੰਦੀ ਹੈ, ਉੱਥੇ ਹੀ ਸ੍ਰੀ ਮੁਕਤਸਰ ਸਾਹਿਬ ਦੇ ਜਸਪ੍ਰੀਤ ਸਿੰਘ ਧਾਲੀਵਾਲ ਤੇ ਉਸਦੇ ਨਾਲ



ਹੀ ਉਸਦੇ ਇੱਕ ਹੋਰ ਤਰਨਤਾਰਨ ਸ਼ਹਿਰ ਦੇ ਸਾਥੀ ਨਵਬੀਰ ਸਿੰਘ ਨੇ ਇੱਕਠੀਆਂ ਪੜ੍ਹਾਈ ਕਰਦਿਆਂ ਦੋਵਾਂ ਨੇ ਪ੍ਰੀਖੀਆ ਪਾਸ ਕੀਤੀ ਤੇ ਦੋਵੇਂ ਨੇ ਇੱਕਠਿਆਂ ਜੱਜ ਬਣਕੇ ਦੋਸਤੀ ਦੀ ਮਿਸਾਲ ਵੀ ਪੇਸ਼ ਕੀਤੀ ਹੈ । ਇਸ ਮੌਕੇ ਜਸਪ੍ਰੀਤ ਸਿੰਘ ਧਾਲੀਵਾਲ ਦੇ ਦੋਸਤ ਅੰਮ੍ਰਿਤਪਾਲ ਸਿੰਘ ਬੱਬੂ, ਜਸਦੀਪ ਸਿੰਘ, ਮੰਗਲਜੀਤ ਸਿੰਘ, ਵਤਨ ਬਰਾੜ, ਕੇਵੀ ਭੁੱਲਰ ਅਤੇ ਗੁਰਪਾਲ ਸਿੰਘ ਪਾਲੀ ਆਦਿ ਨੇ ਵੀ ਉਸਦੀ ਇਸ ਉਪਲਬਧੀ ਤੇ ਖੁਸ਼ੀ ਜਾਹਿਰ ਕਰਦਿਆਂ ਵਧਾਈ ਦਿੱਤੀ ਤੇ ਜਸਪ੍ਰੀਤ ਦਾ ਮੂੰਹ ਮਿੱਠਾ ਕਰਵਾਇਆ। ਉਨਾਂ ਕਿਹਾ ਕਿ ਜਸਪ੍ਰੀਤ 'ਚ ਕਦੇ ਵੀ ਦੋਸਤਾਂ ਪ੍ਰਤੀ ਕੰਪਟੀਸ਼ਨ ਦੀ ਭਾਵਨਾ ਨਹੀਂ ਰਹੀ। ਹਮੇਸ਼ਾ ਹੀ ਉਹ ਸਾਰੇ ਦੋਸਤਾਂ ਨਾਲ ਰਲ-ਮਿਲ ਕੇ ਹੀ ਪੜ੍ਹਾਈ ਕਰਦੇ ਸਨ। ਉਨਾਂ ਨੂੰ ਜਸਪ੍ਰੀਤ ਦੀ ਦੋਸਤੀ 'ਤੇ ਮਾਣ ਹੈ।

## ਭਾਰਤੀ ਖੇਤਰ 'ਚ ਦਾਖਲ ਪਾਕਿਸਤਾਨੀ ਡਰੋਨ 3 ਕਿਲੋ ਤੋਂ ਵੱਧ ਹੈਰੋਇਨ ਸਮੇਤ ਬਰਾਮਦ

ਤਰਨਤਾਰਨ 8 ਫਰਵਰੀ। ਪਾਕਿਸਤਾਨੀ ਡਰੋਨ ਦੀਆਂ ਭਾਰਤੀ ਖੇਤਰ ਵਿੱਚ ਦਸਤਕ ਦੇਣ ਦੀਆਂ ਗਤੀਵਿਧੀਆਂ ਲਗਾਤਾਰ ਜਾਰੀ ਹਨ। ਇਸ ਦੀ ਇਕ ਹੋਰ ਤਾਜਾ ਮਿਸਾਲ ਵੀਰਵਾਰ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਪਾਕਿਸਤਾਨੀ ਡਰੋਨ ਨੂੰ ਭਾਰਤ ਪੁੱਜੀ 3 ਕਿਲੋ 22 ਗ੍ਰਾਮ ਹੈਰੋਇਨ ਸਮੇਤ ਪੰਜਾਬ ਪੁਲਸ ਅਤੇ ਬੀਐੱਸਐੱਫ ਵੱਲੋਂ ਬਰਾਮਦ ਕਰ ਲਿਆ ਗਿਆ। ਜਿ਼ਕਰਯੋਗ ਹੈ ਕਿ ਬਰਾਮਦ ਕੀਤੀ ਗਈ ਹੈਰੋਇਨ ਦੀ ਅੰਤਰਰਾਸਟਰੀ ਬਾਜਾਰ ਵਿੱਚ ਕੀਮਤ ਕਰੀਬ 15 ਕਰੋੜ ਰੁਪਏ ਦੱਸੀ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਭਿਖੀਵਿੰਡ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਜਿ਼ਲ੍ਹੇ ਅਧੀਨ ਆਉਂਦੀ ਭਾਰਤ-ਪਾਕਿਸਤਾਨ ਸਰਹੱਦ ਦੇ ਸੈਕਟਰ ਖਾਲੜਾ ਅਧੀਨ ਆਉਂਦੀ ਬੀਓਪੀ ਬਾਬਾ ਪੀਰ ਰਾਹੀਂ ਡਰੋਨ ਦਾਖਲ ਹੋਣ ਸਬੰਧੀ ਬੀਤੀ ਰਾਤ ਸੂਚਨਾ ਪ੍ਰਾਪਤ ਹੋਈ, ਜਿਸ ਤੋਂ ਬਾਅਦ ਥਾਣਾ ਖਾਲੜਾ ਦੀ ਪੁਲਸ ਅਤੇ ਬੀਐੱਸਐੱਫ ਦੀ 71 ਅਤੇ 103 ਬਟਾਲੀਅਨ ਵੱਲੋਂ ਤਲਾਸੀ ਅਭਿਆਨ ਦੌਰਾਨ ਸੁਖਦੇਵ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਡਲੀਰੀ ਦੇ ਖੇਤਾਂ 'ਚੋਂ ਡਰੋਨ ਸਮੇਤ 3 ਕਿਲੋ 22 ਗ੍ਰਾਮ ਹੈਰੋਇਨ ਨੂੰ ਬਰਾਮਦ ਕੀਤਾ ਗਿਆ ਹੈ।

# ਵੋਟ ਪਾ ਕੇ ਆਓ, ਮੁਫਤ 'ਚ ਪੋਹਾ-ਜਲੇਬੀ ਖਾਓ, ਇੰਦੌਰ ਦੀ ਮਸ਼ਹੂਰ '56 ਦੁਕਾਨ' ਦੀ ਅਨੋਖੀ ਪਹਿਲ

ਇੰਦੌਰ 8 ਫਰਵਰੀ। ਦੇਸ ਦੇ ਸਭ ਤੋਂ ਸਾਫ-ਸੁਥਰੇ ਸਹਿਰ ਇੰਦੌਰ ਦੀ ਮਸਹੂਰ ਚਾਟ-ਚੌਪਾਟੀ '56 ਦੁਕਾਨ' ਦੇ ਦੁਕਾਨਦਾਰਾਂ ਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਵੋਟਿੰਗ ਨੂੰ ਉਤਸਾਹਿਤ ਕਰਨ ਲਈ ਇਕ ਅਨੋਖੀ ਪਹਿਲ ਕੀਤੀ ਹੈ। ਦੁਕਾਨਦਾਰਾਂ ਨੇ ਐਲਾਨ ਕੀਤਾ ਹੈ ਕਿ ਵੋਟਿੰਗ ਵਾਲੇ ਦਿਨ ਭਾਵ 17 ਨਵੰਬਰ ਨੂੰ ਵੋਟ ਪਾਉਣ ਵਾਲੇ ਹਰੇਕ ਵਿਅਕਤੀ ਨੂੰ ਇਸ ਚਾਟ-ਚੌਪਾਟੀ 'ਤੇ ਪੋਹਾ-ਜਲੇਬੀ ਦਾ ਮੁਫਤ ਨਾਸਤਾ ਦਿੱਤਾ ਜਾਵੇਗਾ, ਜੋ ਆਪਣੀ ਉਂਗਲ 'ਤੇ ਅਮਿਟ ਸਿਆਹੀ ਦਾ ਨਿਸ਼ਾਨ ਵਿਖਾਏਗਾ। 56 ਦੁਕਾਨ ਵਪਾਰੀ ਸੰਘ ਦੇ ਪ੍ਰਧਾਨ ਗੁੰਜਨ ਸਰਮਾ ਨੇ ਸਨੀਵਾਰ ਨੇ ਦੱਸਿਆ ਕਿ ਸਫਾਈ ਦੇ ਮਾਪਦੰਡਾਂ 'ਚ ਇੰਦੌਰ ਦੇਸ 'ਚ ਪਹਿਲੇ ਨੰਬਰ 'ਤੇ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡਾ ਸਹਿਰ ਵੋਟਿੰਗ ਦੇ ਮਾਮਲੇ ਵਿਚ ਵੀ ਸਿਖਰ 'ਤੇ ਰਹੇ। ਇਸ ਦੇ ਲਈ ਅਸੀਂ ਵੋਟ ਪਾਉਣ ਤੋਂ ਬਾਅਦ ਆਉਣ ਵਾਲੇ ਵੋਟਰਾਂ ਨੂੰ ਮੁਫਤ ਪੋਹਾ-ਜਲੇਬੀ ਖੁਆਉਣ ਦਾ ਫੈਸਲਾ ਕੀਤਾ ਹੈ। ਸਰਮਾ ਨੇ ਦੱਸਿਆ ਕਿ ਵੋਟਰਾਂ ਨੂੰ 17 ਨਵੰਬਰ ਨੂੰ ਸਵੇਰੇ 9 ਵਜੇ '56 ਦੁਕਾਨ' ਚਾਟ-ਚੌਪਾਟੀ 'ਤੇ ਮੁਫਤ ਪੋਹਾ-ਜਲੇਬੀ ਖੁਆਈ ਜਾਵੇਗੀ। ਹਰ ਵੋਟਰ ਨੂੰ ਪੂਰਾ ਦਿਨ ਪੋਹੇ-ਜਲੇਬੀ ਦੀ ਕੀਮਤ 'ਤੇ 10 ਫੀਸਦੀ ਦੀ ਵਿਸੇਸ ਛੋਟ ਦਿੱਤੀ ਜਾਵੇਗੀ। ਭਾਰਤ ਦੇ ਫੂਡ ਸੇਫਟੀ ਰੈਗੂਲੇਟਰ () ਨੇ ਸੰਬੰਧਿਤ ਮਾਪਦੰਡਾਂ ਨੂੰ ਪੂਰਾ ਕਰਨ ਦੇ ਕਾਰਨ "56 ਦੁਕਾਨ" ਨੂੰ "ਕਲੀਨ ਸਟ੍ਰੀਟ ਫੂਡ ਹੱਬ" ਦਾ ਦਰਜਾ ਦਿੱਤਾ ਹੈ। ਇਸ ਚਾਟ-ਚੌਪਾਟੀ 'ਤੇ ਹਮੇਸਾ ਸੁਆਦ ਸ਼ੌਕੀਨਾਂ ਦੀ ਭੀੜ ਲੱਗੀ ਰਹਿੰਦੀ ਹੈ ਅਤੇ ਸਨੀਵਾਰ-ਐਤਵਾਰ ਨੂੰ ਬਹੁਤ ਭੀੜ ਹੁੰਦੀ ਹੈ। ਇਨ੍ਹੀਂ ਦਿਨੀਂ ਵਿਧਾਨ ਸਭਾ ਚੋਣਾਂ ਦਾ ਜੋਸ ਦਿਨੋ-ਦਿਨ ਤੇਜ ਹੁੰਦਾ ਜਾ ਰਿਹਾ ਹੈ, ਉਥੇ ਹੀ ਸੁਆਦੀ ਪਕਵਾਨਾਂ ਦੇ ਨਾਲ-ਨਾਲ ਚੋਣ ਮੁੱਦਿਆਂ 'ਤੇ ਚਰਚਾ ਖੂਬ ਹੋ ਰਹੀ ਹੈ। '56 ਦੁਕਾਨ' 'ਤੇ ਪਹੁੰਚੇ ਜਿ਼ਆਦਾਤਰ ਸਥਾਨਕ ਵੋਟਰਾਂ ਦਾ ਮੰਨਣਾ ਹੈ ਕਿ ਸਹਿਰ ਦੀ ਸਾਲਾਂ ਤੋਂ ਖਰਾਬ ਟ੍ਰੈਫਿਕ ਵਿਵਸਥਾ ਨੂੰ ਸੁਧਾਰਨਾ ਬਹੁਤ ਜਰੂਰੀ ਹੈ ਅਤੇ ਸੂਬੇ ਦੀ ਅਗਲੀ ਸਰਕਾਰ ਨੂੰ ਇਸ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਨੌਜਵਾਨ ਵੋਟਰ ਅੰਕਿਤ ਯਾਦਵ ਨੇ ਕਿਹਾ ਕਿ ਇੰਦੌਰ ਵਿਚ ਟ੍ਰੈਫਿਕ ਵਿਵਸਥਾ ਨੂੰ ਸੌਖਾਲਾ ਬਣਾਇਆ ਜਾਣਾ ਚਾਹੀਦਾ ਹੈ। ਬਹੁਤ ਸਾਰੇ ਲੋਕ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਦੇ ਹਨ, ਖਾਸ ਕਰਕੇ ਚੌਰਾਹਿਆਂ 'ਤੇ ਜਿਸ ਕਾਰਨ ਜਾਨਲੇਵਾ ਹਾਦਸਿਆਂ ਦਾ ਖਤਰਾ ਬਣਿਆ ਰਹਿੰਦਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ 2018 ਦੌਰਾਨ ਸਹਿਰੀ ਖੇਤਰ ਦੀਆਂ 5 ਸੀਟਾਂ 'ਤੇ ਕੁੱਲ 14.72 ਲੱਖ ਵੋਟਰ ਵੋਟ ਪਾਉਣ ਦੇ ਯੋਗ ਸਨ। ਇੰਦੌਰ 'ਚ ਔਸਤਨ 67 ਫੀਸਦੀ ਵੋਟਿੰਗ ਹੋਈ ਸੀ। ਮੌਜੂਦਾ ਵਿਧਾਨ ਸਭਾ ਚੋਣਾਂ 'ਚ ਇਨ੍ਹਾਂ 5 ਵਿਧਾਨ ਸਭਾ ਹਲਕਿਆਂ 'ਚ ਕੁੱਲ 15.55 ਲੱਖ ਲੋਕ ਆਪਣੀ ਵੋਟ ਦਾ ਇਸਤੇਮਾਲ ਕਰਨ ਦੇ ਯੋਗ ਹਨ।

## ਪੰਜਾਬ 'ਚ ਵਾਪਰੇ ਭਿਆਨਕ ਹਾਦਸੇ ਨੇ ਘਰ 'ਚ ਵਿਛਾਏ ਸੱਥਰ, ਜੀਜਾ-ਸਾਲੇ ਦੀ ਇਕੱਠਿਆਂ ਹੋਈ ਮੌਤ

ਤਪਾ ਮੰਡੀ 8 ਫਰਵਰੀ। ਬਰਨਾਲਾ-ਬਠਿੰਡਾ ਹਾਈਵੇ 'ਤੇ ਸਥਿਤ ਮਹਿਤਾ ਕੱਟ ਦੇ ਨੇੜੇ ਅੱਜ ਸਾਢੇ ਕੁ ਦਸ ਵਜੇ ਵਾਪਰੇ ਭਿਆਨਕ ਹਾਦਸੇ ਵਿਚ ਜੀਜੇ-ਸਾਲੇ ਦੀ ਦਰਦਨਾਕ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਜਰਨੈਲ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਬੁਰਜ ਖਾਲੜਾ ਆਪਣੀ ਭੈਣ ਨੂੰ ਮਿਲਣ ਲਈ ਪਿੰਡ ਘੜੇਲੀ ਆਇਆ ਹੋਇਆ ਸੀ। ਅੱਜ



ਜਦੋਂ ਉਹ ਬੁਲਟ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਜੀਜੇ ਨਾਲ ਬਰਨਾਲਾ ਵਾਲੀ ਸਾਈਡ 'ਤੇ ਦਵਾਈ ਲੈਣ ਜਾ ਰਹੇ ਸੀ ਤਾਂ ਮੋਟਰਸਾਈਕਲ ਸੜਕ 'ਤੇ ਬੰਦ ਹੋ ਗਿਆ। ਦੋਵੇਂ ਜਣੇ ਸੜਕ ਦੇ ਇਕ ਪਾਸੇ ਮੋਟਰਸਾਈਕਲ ਨੂੰ ਖੜ੍ਹਾ ਕਰਕੇ ਤੇਲ ਚੈੱਕ ਕਰਨ ਲੱਗੇ ਤਾਂ ਪਿੱਛੋਂ ਆ ਰਹੀ ਇਕ ਤੇਜ ਰਫਤਾਰ ਕਾਰ ਨੇ ਉਨ੍ਹਾਂ ਨੇ ਆਪਣੀ ਲਪੇਟ ਵਿਚ ਲੈ ਲਿਆ। ਇਸ ਹਾਦਸੇ ਵਿਚ ਦੋਵੇਂ ਜਣੇ ਗੰਭੀਰ ਰੂਪ ਵਿਚ ਜਖਮੀ ਹੋ ਗਏ। ਜਖਮੀਆਂ ਨੂੰ ਮਿਨੀ ਸਵਾਰਾ ਕਲੱਬ ਦੇ ਮੈਂਬਰਾਂ ਅਤੇ 108 ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਤਪਾ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਦੋਵਾਂ ਨੇ ਮ੍ਰਿਤਕ ਐਲਾਨ ਦਿੱਤਾ। ਇਸ ਹਾਦਸੇ ਤੋਂ ਬਾਅਦ ਪਰਿਵਾਰ ਵਿਚ ਮਾਤਮ ਛਾ ਗਿਆ ਜਦਕਿ ਇਲਾਕੇ ਵਿਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਉਧਰ ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਫਿਲੌਰ ਦੇ ਕਿਸਾਨ ਹੋਰਾਂ ਲਈ ਬਣ ਰਹੇ ਨੇ ਉਦਾਹਰਨ, ਪਰਾਲੀ ਨੂੰ ਅੱਗ ਲਾਏ ਬਗੈਰ ਕਰਦੇ ਨੇ ਖੇਤੀ

ਫਿਲੌਰ /ਜਲੰਧਰ 8 ਫਰਵਰੀ। ਝੋਨੇ ਦੀ ਪਰਾਲੀ ਸਾੜਨ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿੱਢੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਦਿੰਦਿਆਂ ਬਲਾਕ ਫਿਲੌਰ ਦੇ ਕਿਸਾਨ ਪਰਾਲੀ ਪ੍ਰਬੰਧਨ ਵਿੱਚ ਹੋਰਨਾਂ ਲਈ ਰਾਹ ਦਸੇਰਾ ਬਣਨ ਲੱਗੇ ਹਨ। ਇਨ੍ਹਾਂ ਕਿਸਾਨਾਂ ਨੇ ਪਰਾਲੀ ਨੂੰ ਖੇਤਾਂ ਵਿੱਚ ਵਾਹ ਕੇ ਨਾ ਸਿਰਫ ਵਾਤਾਵਰਣ ਸੰਭਾਲ ਵਿੱਚ ਯੋਗਦਾਨ ਪਾਇਆ ਹੈ ਸਗੋਂ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਹੋਇਆ ਹੈ। ਪਿੰਡ ਮੋਤੀਪੁਰ ਖਾਲਸਾ ਦੇ ਪ੍ਰਗਤੀਸ਼ੀਲ ਕਿਸਾਨ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਪਿਛਲੇ 5 ਸਾਲਾਂ ਤੋਂ ਪਰਾਲੀ ਨੂੰ ਅੱਗ ਲਾਏ ਬਿਨਾਂ ਖੇਤੀ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਝੋਨਾ ਵੱਢਣ ਤੋਂ ਬਾਅਦ ਸਮੁੱਚੀ 100 ਏਕੜ ਜ਼ਮੀਨ ਵਿੱਚ ਮਲਚਰ ਫੇਰਨ ਉਪਰੰਤ ਆਰ.ਐਮ.ਬੀ. ਪੁਲਾਓ ਨਾਲ ਪਰਾਲੀ ਨੂੰ ਖੇਤਾਂ ਵਿੱਚ ਦੱਬ ਕੇ ਆਲੂ ਬੀਜਿਆ ਜਾਂਦਾ ਹੈ। ਅਗਾਂਹਵਧੂ ਕਿਸਾਨ ਨੇ ਕਿਹਾ ਕਿ ਇਸ ਨਾਲ ਜਿਥੇ ਪਰਾਲੀ ਨੂੰ ਅੱਗ ਲਾਉਣ ਦੀ ਲੋੜ ਨਹੀਂ ਪੈਂਦੀ ਉਥੇ ਮਿੱਟੀ ਦੀ ਉਪਜਾਊ ਸ਼ਕਤੀ ਵੀ ਵਧਦੀ ਹੈ। ਇਸ ਤੋਂ ਇਲਾਵਾ ਰਸਾਇਣਿਕ ਖਾਦਾਂ ਦੀ ਵਰਤੋਂ ਪਹਿਲਾਂ ਨਾਲੋਂ ਘੱਟ ਕਰਨੀ ਪੈ ਰਹੀ ਹੈ। ਇਸੇ ਤਰ੍ਹਾਂ ਪਿੰਡ ਮੁਠੱਡਾ ਖੁਰਦ ਦੇ ਕਿਸਾਨ ਸਤਵਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਪਿਛਲੇ 5 ਸਾਲਾਂ ਤੋਂ ਪਰਾਲੀ ਨੂੰ ਅੱਗ ਨਹੀਂ ਲਗਾਈ ਸਗੋਂ 20 ਏਕੜ ਜ਼ਮੀਨ ਵਿੱਚ ਸੁਪਰਸੀਡਰ ਨਾਲ ਬਿਜਾਈ ਕੀਤੀ ਜਾਂਦੀ ਹੈ। ਕਿਸਾਨ ਨੇ ਦੱਸਿਆ ਕਿ ਸੁਪਰਸੀਡਰ ਮਸ਼ੀਨ ਦੀ ਮਦਦ ਨਾਲ ਕਿਸਾਨਾਂ ਨੂੰ ਦੁੱਗਣਾ ਫਾਇਦਾ ਹੋ ਰਿਹਾ ਹੈ। ਇਸ ਨਾਲ ਕਿਸਾਨ ਸਿਰਫ ਇਕ ਘੰਟੇ ਵਿੱਚ ਇਕ ਏਕੜ ਜ਼ਮੀਨ ਵਿੱਚ ਕਣਕ ਦੀ ਬਿਜਾਈ ਕਰ ਸਕਦੇ ਹਨ ਅਤੇ ਪਰਾਲੀ ਨੂੰ ਸਾੜਨ ਦੀ ਜ਼ਰੂਰਤ ਵੀ ਨਹੀਂ ਪੈਂਦੀ। ਪਿੰਡ



ਰਾਜਪੁਰਾ ਦੇ ਕਿਸਾਨ ਜਸਵਿੰਦਰ ਸਿੰਘ, ਜੋ ਪਿਛਲੇ ਪੰਜ ਸਾਲਾਂ ਤੋਂ ਪਰਾਲੀ ਨੂੰ ਅੱਗ ਲਾਏ ਬਿਨਾਂ ਖੇਤੀ ਕਰ ਰਹੇ ਹਨ, ਨੇ ਦੱਸਿਆ ਕਿ ਉਨ੍ਹਾਂ ਵੱਲੋਂ ਵੀ 20 ਏਕੜ ਜ਼ਮੀਨ ਵਿੱਚ ਸੁਪਰਸੀਡਰ ਨਾਲ ਕਣਕ ਦੀ ਬਿਜਾਈ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸੁਪਰਸੀਡਰ ਮਸ਼ੀਨ ਰਾਹੀਂ ਪਰਾਲੀ ਨੂੰ ਸਾੜੇ ਬਿਨਾਂ ਸਿੱਧਾ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਪਿੰਡ ਹਰੀਪੁਰ ਖਾਲਸਾ ਦੇ ਕਿਸਾਨ ਪਰਮਜੀਤ ਮੱਲ ਨੇ ਦੱਸਿਆ ਕਿ ਉਹ ਸੁਪਰ ਐਸ.ਐਮ.ਐਸ. ਨਾਲ ਝੋਨੇ ਦੀ ਕਟਾਈ ਕਰਕੇ ਬਾਅਦ ਵਿੱਚ ਸੁਪਰਸੀਡਰ ਨਾਲ ਕਣਕ ਦੀ ਬਿਜਾਈ ਕਰਦੇ ਹਨ ਅਤੇ ਪਿਛਲੇ 7 ਸਾਲਾਂ ਤੋਂ ਲਗਾਤਾਰ ਪਰਾਲੀ ਨੂੰ ਖੇਤਾਂ ਵਿੱਚ ਹੀ ਵਾਹੁੰਦੇ ਆ ਰਹੇ ਹਨ। ਇਸੇ ਪਿੰਡ ਦੇ ਕਿਸਾਨ ਪਰਵਿੰਦਰ ਸਿੰਘ ਵੱਲੋਂ 25 ਏਕੜ ਜ਼ਮੀਨ ਵਿੱਚ ਬੀਜੇ ਝੋਨੇ ਦੀ ਪਰਾਲੀ ਪਸੂਆਂ ਦੇ ਚਾਰੇ ਲਈ ਚੁਕਵਾ ਕੇ ਬਾਅਦ ਵਿੱਚ ਰੋਟਾਵੇਟਰ ਨਾਲ ਫਸਲ ਦੀ ਬਿਜਾਈ ਕੀਤੀ ਜਾਂਦੀ ਹੈ। ਕਿਸਾਨ ਨੇ ਦੱਸਿਆ ਕਿ ਪਿਛਲੇ 4 ਸਾਲਾਂ ਤੋਂ ਉਹ ਪਰਾਲੀ ਨੂੰ ਬਿਨਾਂ ਸਾੜੇ ਇਸ ਦਾ ਪ੍ਰਬੰਧਨ ਕਰਦੇ ਆ ਰਹੇ ਹਨ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਜਿਥੇ ਮਨੁੱਖੀ ਸਿਹਤ ਅਤੇ ਵਾਤਾਵਰਣ 'ਤੇ ਮਾੜਾ ਅਸਰ ਪੈਂਦਾ ਹੈ ਉਥੇ ਫਸਲਾਂ ਲਈ ਲਾਹੇਵੰਦ ਜ਼ਮੀਨ ਵਿੱਚ ਮੌਜੂਦ ਕਈ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ।ਉਨ੍ਹਾਂ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਸਰਕਾਰ ਵੱਲੋਂ ਸਬਸਿਡੀ 'ਤੇ ਮੁਹੱਈਆ ਕਰਵਾਈ ਜਾਂਦੀ ਮਸ਼ੀਨਰੀ ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਇਸ ਸਾਲ ਪਹਿਲਾਂ ਹੀ 5618 ਮਸ਼ੀਨਾਂ ਕਸਟਮ ਹਾਇਰਿੰਗ ਸੈਂਟਰਾਂ, ਸਹਿਕਾਰੀ ਸਭਾਵਾਂ, ਗਰੁੱਪਾਂ ਰਾਹੀਂ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ 857 ਹੋਰ ਮਸ਼ੀਨਾਂ ਲਈ ਪ੍ਰਵਾਨਗੀ ਪ੍ਰਾਪਤ ਹੋਈ ਹੈ, ਜਿਨ੍ਹਾਂ ਵਿੱਚੋਂ 425 ਮਸ਼ੀਨਾਂ ਕਿਸਾਨਾਂ ਵੱਲੋਂ ਖਰੀਦ ਕੀਤੀ ਜਾ ਚੁੱਕੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਟੈਕਸ ਚੋਰਾਂ ’ਤੇ ਮੋਬਾਇਲ ਵਿੰਗ ਦਾ ਛਾਪਾ, ਟੈਕਸ ਮਾਫੀਆ ਨੇ ਬਦਲੇ ਰਸਤੇ

ਅੰਮ੍ਰਿਤਸਰ 8 ਫਰਵਰੀ। ਟੈਕਸ ਚੋਰੀ ਦੇ ਖਿ਼ਲਾਫ ਵੱਡੀ ਕਾਰਵਾਈ ਕਰਦੇ ਹੋਏ ਆਬਕਾਰੀ ਅਤੇ ਕਰ ਵਿਭਾਗ ਦੇ ਮੋਬਾਇਲ ਵਿੰਗ ਨੇ ਲੋਹੇ ਅਤੇ ਮੈਟਲ ਸਕ੍ਰੈਪ ਦੇ 6 ਟਰੱਕਾਂ ਸਮੇਤ 13 ਵਾਹਨਾਂ ਨੂੰ 28 ਲੱਖ ਰੁਪਏ ਦਾ ਜੁਰਮਾਨਾ ਕੀਤਾ ਹੈ। ਜਲੰਧਰ/ਅੰਮ੍ਰਿਤਸਰ ਰੇਂਜ ਦੇ ਡਿਪਟੀ ਕਮਿਸਨਰ ਇਨਵੈਸਟੀਗੇਸਨ ਮੋਬਾਇਲ ਵਿੰਗ ਮੈਡਮ ਦਲਜੀਤ ਕੌਰ ਅਤੇ ਅੰਮ੍ਰਿਤਸਰ ਰੇਂਜ ਦੇ ਸਹਾਇਕ ਕਮਿਸਨਰ ਮਹੇਸ ਗੁਪਤਾ ਦੇ ਨਿਰਦੇਸਾਂ ’ਤੇ ਇਹ ਵੱਡੀ ਕਾਰਵਾਈ ਕੀਤੀ ਗਈ ਹੈ। ਹਾਲਾਂਕਿ ਟੈਕਸ ਚੋਰੀ ਕਰਨ ਵਾਲਿਆਂ ਨੇ ਆਪਣੇ ਰਸਤੇ ਬਦਲ ਲਏ ਹਨ ਪਰ ਇਸ ਦੇ ਸਾਹਮਣੇ ਮੋਬਾਇਲ ਵਿੰਗ ਦੇ ਅਧਿਕਾਰੀ ਵੀ ਆਪਣੇ ਸਹਿਰ ਦੀਆਂ ਸਰਹੱਦਾਂ ਦੇ ਅੱਗੇ ਜਾ ਕੇ ਵੀ ਟੈਕਸ ਚੋਰੀ ਕਰਨ ਵਾਲੇ ਵਾਹਨਾਂ ਨੂੰ ਫੜ ਲੈਂਦੇ ਹਨ। ਉਥੇ ਡਿਪਟੀ ਕਮਿਸ਼ਨਰ ਐਕਸਾਈਜ ਐਂਡ ਟੈਕਸੇਸ਼ਨ ਮੋਬਾਇਲ ਵਿੰਗ ਅੰਮ੍ਰਿਤਸਰ/ਜਲੰਧਰ ਰੇਂਜ ਦਲਜੀਤ ਕੌਰ ਨੇ ਕਿਹਾ ਕਿ ਟੈਕਸ ਚੋਰੀ ਖਿ਼ਲਾਫ ਮੁਹਿੰਮ ਜਾਰੀ ਰਹੇਗੀ। ਜਾਣਕਾਰੀ ਅਨੁਸਾਰ ਟੈਕਸ ਚੋਰੀ ਨੂੰ ਰੋਕਣ ਲਈ ਮੋਬਾਇਲ ਵਿੰਗ ਵੱਲੋਂ ਵੱਖ-ਵੱਖ ਅਧਿਕਾਰੀਆਂ ਦੀ ਕਮਾਨ ਹੇਠ ਕਈ ਵਿਸੇਸ ਥਾਵਾਂ ’ਤੇ ਛਾਪੇਮਾਰੀ ਕੀਤੀ ਜਾ ਰਹੀ ਹੈ, ਇਸ ਅਧੀਨ ਤੇਜ ਤਰਾਰ ਮੋਬਾਇਲ ਵਿੰਗ ਦੇ ਅਧਿਕਾਰੀ ਪੰਡਿਤ ਰਮਨ ਕੁਮਾਰ ਸਰਮਾ ਦੀ ਅਗਵਾਈ ’ਚ ਟੀਮ ਦਾ ਗਠਨ ਕੀਤਾ ਗਿਆ ਹੈ। ਇਹ ਕਾਰਵਾਈ ਕਈ ਥਾਵਾਂ ’ਤੇ ਛਾਪੇਮਾਰੀ ਕਰਨ ਤੋਂ ਬਾਅਦ ਕੀਤੀ ਗਈ ਹੈ। ਸਕ੍ਰੈਪ ਨਾਲ ਭਰੇ ਕੁਝ ਟਰੱਕ ਅੰਮ੍ਰਿਤਸਰ ਵੱਲ ਆ ਰਹੇ ਸਨ, ਜਦੋਂ ਕਿ ਇਨ੍ਹਾਂ ’ਚ ਪਿਆ ਸਾਮਾਨ ਕਿਤੇ ਹੋਰ ਉਤਾਰਿਆ ਜਾਣਾ ਸੀ। ਈ. ਟੀ. ਓ. ਪੰਡਿਤ ਰਮਨ ਕੁਮਾਰ ਸਰਮਾ ਦੀ ਅਗਵਾਈ ਹੇਠ ਤਾਇਨਾਤ ਟੀਮ ਨੇ ਇੰਸਪੈਕਟਰ ਦਿਨੇਸ ਕੁਮਾਰ, ਹੈੱਡ ਕਾਂਸਟੇਬਲ ਰਾਕੇਸ ਕੁਮਾਰ, ਬਲਵੰਤ ਸਿੰਘ ਅਤੇ ਅਵਤਾਰ ਸਿੰਘ ਵੀ ਸਾਮਲ ਸਨ। ਮੋਬਾਇਲ ਵਿੰਗ ਨੇ ਅੰਮ੍ਰਿਤਸਰ ਲੋਕਲ ਦੇ ਨਾਲ-ਨਾਲ ਜੀ. ਟੀ. ਰੋਡ ਖੇਤਰਾਂ ਸਮੇਤ ਹੋਰਨਾਂ ਜਿ਼ਲ੍ਹਿਆਂ ’ਚ ਵੀ ਟੈਕਸ ਚੋਰੀ ਕਰਨ ਵਾਲੇ ਵਾਹਨ ਜਬਤ ਕਰ ਕੇ ਜੁਰਮਾਨੇ ਵਸੂਲ ਕੀਤੇ ਹਨ। ਇਸ ਕਾਰਵਾਈ ਦੌਰਾਨ ਈ. ਟੀ. ਓ. ਰਮਨ ਸਰਮਾ ਨੇ ਦੋ ਟਰੱਕਾਂ ਨੂੰ ਰੋਕ ਕੇ ਚੈਕਿੰਗ ਕੀਤੀ ਤਾਂ ਉਨ੍ਹਾਂ ’ਚ ਕਾਫੀ ਬੇਨਿਯਮੀਆਂ ਪਾਈਆਂ ਜਾਣ ਦਾ ਅੰਦਾਜਾ ਲਗਾਇਆ ਗਿਆ ਕਿ ਇਹ ਟਰੱਕ ਸਕਰੈਪ ਨਾਲ ਲੱਦੇ ਹੋਏ ਸੀ, ਜੋ ਕਿ ਪੰਜਾਬ ਦੇ ਇਸਪਾਤ ਨਗਰੀ ਮੰਡੀ ਗੋਬਿੰਦਗੜ੍ਹ ਵੱਲ ਜਾਣੇ ਸੀ, ਜਦੋਂ ਬਾਰੀਕੀ ਨਾਲ ਚੈਕਿੰਗ ਕਰਨ ਤੋਂ ਬਾਅਦ ਟੀਮ ਨੇ ਮਾਲ ਦੀ ਜਾਂਚ ਕੀਤੀ ਤਾਂ ਵੱਡੀ ਟੈਕਸ ਚੋਰੀ ਹੋਣ ਦਾ ਸੱਕ ਸਾਹਮਣੇ ਆਇਆ। ਮਾਲ ਦੀ ਚੈਕਿੰਗ ਅਤੇ ਮੁਲਾਂਕਣ ਕਰਨ ਤੋਂ ਬਾਅਦ ਇਨ੍ਹਾਂ ’ਚੋਂ ਇਕ ਟਰੱਕ ’ਤੇ 5 ਲੱਖ ਅਤੇ ਦੂਜੇ ’ਤੇ 1.45 ਲੱਖ ਰੁਪਏ ਵਸੂਲ ਕੀਤੇ ਗਏ ਹਨ। ਇਨ੍ਹਾਂ ’ਚੋਂ ਇਕ ਟਰੱਕ ਗੜ੍ਹਸੰਕਰ ਤੋਂ ਮੰਡੀ ਗੋਬਿੰਦਗੜ੍ਹ ਵੱਲ ਆ ਰਿਹਾ ਸੀ, ਜਦਕਿ ਦੂਜਾ ਵਾਹਨ ਮੋਗਾ ਤੋਂ ਮੰਡੀ ਨੂੰ ਜਾ ਰਿਹਾ ਸੀ। ਇਸੇ ਤਰ੍ਹਾਂ ਅੰਮ੍ਰਿਤਸਰ ਲੋਕਲ ’ਚ ਹੀ ਡਲਿਵਰੀ ਕਰਨ ਜਾ ਰਹੇ ਇਕ ਵਾਹਨ ’ਤੇ 90 ਹਜਾਰ ਦਾ ਜੁਰਮਾਨਾ ਲਗਾਇਆ ਗਿਆ ਹੈ। ਜਦੋਂ ਮੋਬਾਇਲ ਟੀਮ ਨੇ ਛੋਟੇ ਵਾਹਨਾਂ ’ਤੇ ਆਪਣਾ ਦਬਾਅ ਬਣਾਇਆ ਤਾਂ ਚੈਕਿੰਗ ਦੌਰਾਨ ਮੈਟਲ ਸਕ੍ਰੈਪ ਫੜਿਆ ਗਿਆ ਪਰ ਇਸ ਦੇ ਦਸਤਾਵੇਜ ਕੁਝ ਹੋਰ ਹੀ ਦੱਸ ਰਹੇ ਸਨ। ਟੀਮ ਨੇ ਵਾਹਨ ’ਤੇ 2.30 ਲੱਖ ਰੁਪਏ ਦਾ ਜੁਰਮਾਨਾ ਲਗਾਇਆ। ਜਦੋਂ ਮੋਬਾਇਲ ਟੀਮ ਨੇ ਦੂਜੇ ਪੜਾਅ ਤਹਿਤ ਕਾਰਵਾਈ ਕਰਨੀ ਸੁਰੂ ਕੀਤੀ ਤਾਂ ਇਸ ਦੌਰਾਨ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਰਾਜਸਥਾਨ ਤੋਂ ਆਇਆ ਇੱਕ ਵਾਹਨ ਮੰਡੀ ਗੋਬਿੰਦਗੜ੍ਹ ਵੱਲ ਜਾ ਰਿਹਾ ਹੈ, ਹਾਲਾਂਕਿ ਇਹ ਦੋਵੇਂ ਇਲਾਕੇ ਅੰਮ੍ਰਿਤਸਰ ਤੋਂ ਕਾਫੀ ਦੂਰ ਹਨ ਅਤੇ ਰੇਂਜ ਤੋਂ ਵੀ ਬਾਹਰ ਹਨ। ਇਸ ਦੌਰਾਨ ਪੰਡਿਤ ਰਮਨ ਕੁਮਾਰ ਸਰਮਾ ਦੀ ਟੀਮ ਨੇ ਕਾਰਵਾਈ ਕਰਦੇ ਹੋਏ ਟਰੱਕ ਨੂੰ ਰੋਕਿਆ ਤਾਂ ਸਾਮਾਨ ਦੀ ਕੀਮਤ ਜਾਂਚਣ ਤੋਂ ਬਾਅਦ ਲੋਹੇ ਦੇ ਸਕਰੈਪ ’ਤੇ 4.80 ਲੱਖ ਰੁਪਏ ਦਾ ਜੁਰਮਾਨਾ ਵਸੂਲਿਆ ਗਿਆ। ਇਸੇ ਕੜੀ ਅਧੀਨ ਪੰਡਿਤ



ਰਮਨ ਕੁਮਾਰ ਸਰਮਾ ਦੀ ਅਗਵਾਈ ਹੇਠ ਟੀਮ ਨੇ ਇਕ ਲੋਡ ਹੋਏ ਟਰੱਕ ਨੂੰ ਫੜਿਆ। ਇਹ ਸਮਰਸੀਬਲ ਪੰਪ ਲੈ ਕੇ ਅੰਮ੍ਰਿਤਸਰ ਆਇਆ ਹੋਇਆ ਸੀ, ਜਦੋਂ ਉਕਤ ਅੰਮ੍ਰਿਤਸਰ ਮੋਬਾਈਲ ਟੀਮ ਨੇ ਵਾਹਨ ਨੂੰ ਰੋਕ ਕੇ ਉਸ ਦੀ ਬਾਰੀਕੀ ਨਾਲ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਉਕਤ ਇਸ ’ਤੇ ਵਸੂਲੀ ਜਾਣ ਵਾਲੀ ਟੈਕਸ ਵਿਚ ਘਾਲਾਮਾਲਾ ਹੈ। ਬਾਰੀਕੀ ਨਾਲ ਕੀਤੀ ਗਈ ਚੈਕਿੰਗ ਦੌਰਾਨ ਜਦੋਂ ਮੋਬਾਇਲ ਵਿੰਗ ਦੇ ਅਧਿਕਾਰੀ ਨੇ ਟੈਕਸ ਬਚਾਉਣ ਵਾਲਿਆਂ ਨੂੰ ਸੀਸਾ ਦਿਖਾਇਆ ਤਾਂ ਟੈਕਸ ਚੋਰੀ ਕਰਨ ਵਾਲੇ ਜੁਰਮਾਨਾ ਭਰਨ ਲਈ ਰਾਜੀ ਹੋ ਗਏ। ਮੁਲਾਂਕਣ ਤੋਂ ਬਾਅਦ 3.12 ਲੱਖ ਰੁਪਏ ਦਾ ਜੁਰਮਾਨਾ ਵਸੂਲਿਆ ਗਿਆ। ਇਸੇ ਤਰ੍ਹਾਂ ਮੋਬਾਇਲ ਵਿੰਗ ਟੀਮ ਨੇ ਬਟਾਲਾ ਵਿਚ ਇਕ ਹੋਰ ਟਰੱਕ ਨੂੰ ਘੇਰ ਲਿਆ ਜਿਸ ’ਤੇ 82 ਹਜਾਰ ਰੁਪਏ ਦਾ ਟੈਕਸ ਵਸੂਲਿਆ ਗਿਆ। ਅਗਲੇ ਪੜਾਅ ’ਤੇ ਪੰਡਿਤ ਰਮਨ ਕੁਮਾਰ ਸਰਮਾ ਦੀ ਅਗਵਾਈ ਵਾਲੀ ਟੀਮ ਨੇ ਪਹਿਲਾਂ ਅੰਮ੍ਰਿਤਸਰ ਲੋਕਲ ਦੀ ਚੈਕਿੰਗ ਕੀਤੀ ਅਤੇ ਇੱਥੋਂ ਜਿ਼ਲਾ ਤਰਨਤਾਰਨ ਦੇ ਪੱਟੀ ਖੇਤਰ ਨੂੰ ਜਾ ਰਹੇ ਇੱਕ ਟਰੱਕ ਨੂੰ ਫੜਿਆ, ਜਿਸ ਵਿੱਚ ਹਾਰਡਵੇਅਰ ਲੋਡ ਹੋਇਆ ਸੀ। ਇਸ ’ਤੇ ਵੀ 1.70 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਹੈ। ਜਦੋਂ ਮੋਬਾਇਲ ਟੀਮ ਨੇ ਜੰਡਿਆਲਾ, ਅੰਮ੍ਰਿਤਸਰ, ਤਰਨਤਾਰਨ ਨੇੜੇ ਨਾਕਾਬੰਦੀ ਕੀਤੀ ਤਾਂ ਰਾਜਸਥਾਨ ਤੋਂ ਅੰਮ੍ਰਿਤਸਰ ਵੱਲ ਆ ਰਹੇ ਇਕ ਸਰ੍ਹੋਂ ਦੇ ਟਰੱਕ ਨੂੰ ਰੋਕਿਆ ਗਿਆ, ਜਿਸ ਤੋਂ ਮਿਲੇ ਦਸਤਾਵੇਜਾਂ ਅਨੁਸਾਰ ਮੇਲ ਨਾ ਹੋਣ ਕਾਰਨ ਟੈਕਸ ਚੋਰੀ ਦਾ ਮਾਮਲਾ ਸੁਲਝ ਗਿਆ। ਦੂਜੇ ਪਾਸੇ ਟਾਂਡਾ ਤੋਂ ਖੰਡ ਦਾ ਇੱਕ ਟਰੱਕ ਵੀ ਕਾਬੂ ਕਰ ਲਿਆ। ਇੰਨ੍ਹਾਂ ਵਿਚ ਟੈਕਸ ਚੋਰੀ ਕਰਨ ਲਈ ਵੀ ਕਲਾਕਾਰੀ ਕੀਤੀ ਗਈ ਸੀ ਪਰ ਮੋਬਾਈਲ ਵਿੰਗ ਨੇ ਇਨ੍ਹਾਂ ਵਾਹਨਾਂ ’ਚੋਂ ਰਾਜਸਥਾਨ ਦੇ ਟਰੱਕ ’ਤੇ 3.48 ਲੱਖ ਰੁਪਏ ਅਤੇ ਟਾਂਡਾ ਦੀ ਖੰਡ ’ਤੇ 1.70 ਲੱਖ ਰੁਪਏ ਦਾ ਜੁਰਮਾਨਾ ਵਸੂਲਿਆ ਹੈ। ਮੋਬਾਇਲ ਟੀਮ ਦੇ ਕਪਤਾਨ ਈ. ਟੀ. ਓ ਪੰਡਿਤ ਰਮਨ ਸਰਮਾ ਦੀ ਅਗਵਾਈ ’ਚ ਇਕ ਵਾਹਨ ਫੜਿਆ ਗਿਆ, ਜਿਸ ’ਚ ਦੇਸੀ ਘਿਓ ਲੱਦਿਆ ਹੋਇਆ ਸੀ। ਇਸ ’ਚ ਸਿੱਧੇ ਤੌਰ ’ਤੇ ਟੈਕਸ ਚੋਰੀ ਤਾ ਨਹੀਂ ਸੀ ਪਰ ਟੈਕਸ ਬਚਾਉਣ ’ਚ ਕਲਾ ਜਰੂਰ ਸੀ।

## ਅਣਪਛਾਤੇ ਵਾਹਨ ਦੀ ਟੱਕਰ ਨਾਲ ਬਾਈਕ ਸਵਾਰ ਤਿੰਨ ਨੌਜਵਾਨਾਂ ਦੀ ਮੌਤ

ਬੀਕਾਨੇਰ 8 ਫਰਵਰੀ। ਰਾਜਸਥਾਨ ’ਚ ਬੀਕਾਨੇਰ ਜ਼ਿਲ੍ਹੇ ਦੇ ਪੁਗਲ ਥਾਣਾ ਖੇਤਰ ’ਚ ਅਣਪਛਾਤੇ ਵਾਹਨ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ। ਪੁਲਸ ਨੇ ਕਿਹਾ ਕਿ ਪੂਗਲ ਥਾਣਾ ਇਲਾਕੇ ’ਚ ਵੀਰਵਾਰ ਦੇਰ ਰਾਤ ਰਾਮੜਾ ਅਤੇ ਡੇਲੀਤਲਾਈ ਵਿਚਾਲੇ ਅਣਪਛਾਤੇ ਵਾਹਨ ਦੀ ਲਪੇਟ ’ਚ ਆਉਣ ਨਾਲ ਰਾਮੜਾ ਵਾਸੀ ਜੇਠੂਸਿੰਘ (35), ਮੁਕਨ ਸਿੰਘ (18) ਅਤੇ ਪ੍ਰਿਥਵੀ ਸਿੰਘ (14) ਦੀ ਮੌਤ ਹੋ ਗਈ। ਪੁਲਸ ਅਨੁਸਾਰ, 2 ਨੌਜਵਾਨਾਂ ਦੀ ਹਾਦਸੇ ਵਾਲੀ ਜਗ?ਹਾ ਹੀ ਮੌਤ ਹੋ ਗਈ, ਜਦੋਂ ਕਿ ਇਕ ਗੰਭੀਰ ਰੂਪ ਨਾਲ ਜ਼ਖ਼ਮੀ ਨੌਜਵਾਨ ਨੇ ਹਸਪਤਾਲ ’ਚ ਇਲਾਜ ਦੌਰਾਨ ਦਮ ਤੋੜ ਦਿੱਤਾ। ਘਟਨਾ ਦੀ ਸੂਚਨਾ ’ਤੇ ਥਾਣਾ ਇੰਚਾਰਜ ਪਵਨ ਕੁਮਾਰ ਦੀ ਟੀਮ ਨੇ ਮੌਕੇ ’ਤੇ ਪਹੁੰਚ ਕੇ ਤਿੰਨੋਂ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਸਥਾਨਕ ਹਸਪਤਾਲ ਦੇ ਮੁਰਦਾਘਰ ਰਖਵਾਇਆ। ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਜਲੰਧਰ ਦੀਆਂ ਸੜਕਾਂ ‘ਤੇ ਨਿਕਲਣ ਤੋਂ ਪਹਿਲਾਂ ਪੜ੍ਹੋ ਇਹ ਖਬਰ, ਇਨ੍ਹਾਂ ਮੁੱਖ ਸੜਕਾਂ ‘ਤੇ ਬੰਦ ਰਹੇਗੀ ਆਵਾਜਾਈ

ਜਲੰਧਰ 8 ਫਰਵਰੀ। 25 ਦਸੰਬਰ ਨੂੰ ਕ੍ਰਿਸਮਿਸ ਡੇਅ ਦੇ ਮੱਦੇਨਜਰ ਇਸਾਈ ਭਾਈਚਾਰਾ 20 ਦਸੰਬਰ ਨੂੰ ਜਲੰਧਰ ਵਿਚ ਪਾਸਟਰ ਜਤਿੰਦਰ ਸਰੋਵਰ ਦੀ ਅਗਵਾਈ ਵਿਚ ਧਾਰਮਿਕ ਸ਼ੋਭਾਯਾਤਰਾ ਕੱਢਣ ਜਾ ਰਿਹਾ ਹੈ। ਇਹ ਸ਼ੋਭਾਯਾਤਰਾ “ਚਰਚ ਆਫ ਸਾਈਨਸ ਐਂਡ ਵੰਡਰਜ“ ਨਕੋਦਰ ਰੋਡ ਨੇੜੇ ਟੀ.ਵੀ. ਟਾਵਰ ਕਲੋਨੀ, ਖਾਂਬੜਾ ਕਲੋਨੀ ਜਲੰਧਰ ਤੋਂ ਸੁਰੂ ਹੋ ਕੇ ਜੀ.ਟੀ. ਰੋਡ ਖਾਂਬੜਾ-ਵਡਾਲਾ ਚੌਂਕ-ਸ੍ਰੀ ਗੁਰੂ ਰਵਿਦਾਸ ਚੌਂਕ-ਅੱਡਾ ਭਾਰਗੋ ਕੈਂਪ-ਡਾ. ਅੰਬੇਡਕਰ ਚੌਂਕ (ਨਕੋਦਰ ਚੌਂਕ) - ਲਵਲੀ ਸਵੀਟਸ - ਭਗਵਾਨ ਵਾਲਮੀਕਿ ਚੌਂਕ (ਜਯੋਤੀ ਚੌਂਕ) - ਸ਼੍ਰੀ ਰਾਮ ਚੌਂਕ (ਪੀ.ਐੱਨ.ਬੀ. ਚੌਂਕ) - ਲਵ ਕੁਸ ਚੌਂਕ - ਫਗਵਾੜਾ ਗੇਟ - ਖਿੰਗੜਾ ਗੇਟ - ਅੱਡਾ ਹੁਸ਼ਿਆਰਪੁਰ - ਮਾਈ ਹੀਰਾਂ ਗੇਟ - ਪਟੇਲ ਚੌਂਕ ‘ਤੇ ਸਮਾਪਤ ਹੋਵੇਗਾ। ਇਸ ਸ਼ੋਭਾਯਾਤਰਾ ਵਿਚ ਈਸਾਈ ਭਾਈਚਾਰੇ ਦੇ ਕਰੀਬ 18 ਤੋਂ 20 ਹਜਾਰ ਲੋਕਾਂ ਦੇ ਸਾਮਲ ਹੋਣ ਦੀ ਉਮੀਦ ਹੈ। ਇਸ ਸ਼ੋਭਾਯਾਤਰਾ ਨੂੰ ਧਿਆਨ ਵਿਚ ਰੱਖਦਿਆਂ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਟ੍ਰੈਫਿਕ ਪੁਲਸ ਕਮਿਸਨਰੇਟ ਜਲੰਧਰ ਵੱਲੋਂ ਸਵੇਰੇ 10 ਵਜੇ ਤੋਂ ਰਾਤ 10 ਵਜੇ ਤੱਕ ਹੇਠਾਂ ਦਿੱਤੇ ਪੁਆਇੰਟਾਂ ‘ਤੇ ਟਰੈਫਿਕ ਡਾਇਵਰਟ ਕੀਤਾ ਗਿਆ ਹੈ। 1. ਅੱਡਾ ਖਾਂਬਰਾ, 2. ਅੱਡਾ ਖੁਰਲਾ ਕਿੰਗਰਾ, 3. ਵਡਾਲਾ ਚੌਂਕ, 4. ਗੁਰੂ ਰਵਿਦਾਸ ਚੌਂਕ, 5. ਟੀ.ਪੁਆਇੰਟ ਖਾਲਸਾ ਸਕੂਲ, 11. ਪ੍ਰੈੱਸ ਤੋਂ ਸੁਰੂ ਹੋ ਕੇ ਜੀ.ਟੀ. ਰੋਡ ਖਾਂਬੜਾ-ਵਡਾਲਾ ਚੌਂਕ-ਸ੍ਰੀ ਗੁਰੂ ਰਵਿਦਾਸ ਚੌਂਕ-ਅੱਡਾ ਭਾਰਗੋ ਕੈਂਪ-ਡਾ. ਅੰਬੇਡਕਰ ਚੌਂਕ (ਨਕੋਦਰ ਚੌਂਕ) - ਲਵਲੀ ਸਵੀਟਸ - ਭਗਵਾਨ ਵਾਲਮੀਕਿ ਚੌਂਕ (ਜਯੋਤੀ ਚੌਂਕ) - ਸ਼੍ਰੀ ਰਾਮ ਚੌਂਕਕਲੱਬ ਚੌਂਕ ਤੋਂ ਸਾਸਤਰੀ ਚੌਂਕ ਵੱਲ, 12. ਮਿਲਾਪ ਚੌਂਕ ਪੁਲਸ ਡਿਵੀਜਨ ਨੰਬਰ 3 ਵੱਲ, 13. ਸਾਸਤਰੀ ਚੌਂਕ ਤੋਂ ਲਾਡੋਵਾਲੀ ਰੋਡ/ਕਚਹਿਰੀ ਚੌਂਕ ਵੱਲ, 14. ਫਰੈਂਡਸ ਸਿਨੇਮਾ ਚੌਂਕ, 15. ਪ੍ਰੀਤ ਹੋਟਲ ਮੋੜ ਨੇੜੇ, 16. ਸਕਤੀ ਨਗਰ ਪਾਰਵਤੀ ਜੈਨ ਸਕੂਲ ਨੇੜੇ ਬਸਤੀ ਅੱਡਾ ਚੌਂਕ ਵੱਲ, 17. ਟੀ ਪੁਆਇੰਟ ਜੇਲ੍ਹ ਚੌਂਕ, 18. ਕਪੂਰਥਲਾ ਚੌਂਕ, 19. ਵਰਕਸਾਪ ਚੌਂਕ, 20. ਸਾਈਂਦਾਸ ਸਕੂਲ ਮੋੜ ਦੇ ਸਾਹਮਣੇ ਗਰਾਊਂਡ ਫਾਟਕ, 21. ਅੱਡਾ ਟਾਂਡਾ ਰੇਲਵੇ ਫਾਟਕ, 22. ਅੱਡਾ ਹੁਸ਼ਿਆਰਪੁਰ ਗੇਟ ਆਦਿ।

# ਜਲੰਧਰ ਸਿਟੀ ਰੇਲਵੇ ਸਟੇਸ਼ਨ ‘ਤੇ ਮਚੀ ਹਫੜਾ-ਦਫੜੀ, ਮਿਲਟਰੀ ਸਪੈਸਲ ਟਰੇਨ ਦੇ ਪਹੀਏ ਪਟੜੀ ਤੋਂ ਉਤਰੇ

ਜਲੰਧਰ 8 ਫਰਵਰੀ। ਜਲੰਧਰ ਸਿਟੀ ਰੇਲਵੇ ਸਟੇਸਨ ਦੇ ਯਾਰਡ ਵਿਚ ਐਤਵਾਰ ਸਵੇਰੇ ਇਕ ਵਾਰ ਫਿਰ ਡਿਰੇਲਮੈਂਟ ਦੀ ਘਟਨਾ ਵਾਪਰ ਗਈ। ਜਾਣਕਾਰੀ ਮੁਤਾਬਕ ਸਵੇਰੇ ਲਗਭਗ 10 ਵਜੇ ਸੰਟਿੰਗ ਦੌਰਾਨ ਮਿਲਟਰੀ ਸਪੈਸਲ ਟਰੇਨ (ਇਕ ਤਰ੍ਹਾਂ ਦੀ ਮਾਲ ਗੱਡੀ) ਦੀ ਇਕ ਟਰਾਲੀ ਦੇ ਪਹੀਏ ਪਟੜੀ ਤੋਂ ਉਤਰ ਗਏ। ਡਿਰੇਲਮੈਂਟ ਦੀ ਸੂਚਨਾ ਮਿਲਣ ’ਤੇ ਰੇਲਵੇ ਅਧਿਕਾਰੀਆਂ ਵਿਚ ਹਫੜਾ-ਦਫੜੀ ਮਚ ਗਈ। ਘਟਨਾ ਸਥਾਨ ’ਤੇ ਇੰਜਨੀਅਰਿੰਗ, ਮਕੈਨੀਕਲ, ਆਪ੍ਰੇਟਿੰਗ ਸਮੇਤ ਕਈ ਵਿਭਾਗਾਂ ਦੇ ਇੰਚਾਰਜ ਮੌਕੇ ’ਤੇ ਪਹੁੰਚੇ ਅਤੇ ਰਾਹਤ ਕਾਰਜ ਸ਼ੁਰੂ ਕਰਵਾਇਆ। ਪਟੜੀ ਤੋਂ ਉਤਰੇ ਪਹੀਆਂ ਨੂੰ ਦੋਬਾਰਾ ਰੀ-ਰੇਲ ਕਰਨ ਲਈ ਐਕਸੀਡੈਂਟ ਰਿਲੀਫ ਟਰੇਨ ਨੂੰ ਮੌਕੇ ’ਤੇ ਬੁਲਾਉਣਾ ਪਿਆ। ਰੇਲ ਕਰਮਚਾਰੀਆਂ ਨੇ ਹਾਈਡ੍ਰੋਲਿਕ ਜੈਕ ਦੀ ਮਦਦ ਨਾਲ ਕੁਝ ਸਮੇਂ ਵਿਚ ਪਹੀਆਂ ਨੂੰ ਪਟੜੀ ’ਤੇ ਦੁਬਾਰਾ ਚੜ੍ਹਾਅ ਦਿੱਤਾ ਪਰ ਇਸ ਤੋਂ ਬਾਅਦ ਜਾਂਚ ਦੀ ਪ੍ਰਕਿਰਿਆ ਸੁਰੂ ਹੋਈ, ਜੋ ਦੇਰ ਸਾਮ ਤੱਕ ਜਾਰੀ ਰਹੀ। ਅਧਿਕਾਰੀ ਇਸ ਘਟਨਾ ਦੀ ਜਿ਼ਮੇਵਾਰੀ ਇਕ ਦੂਜੇ ’ਤੇ ਪਾਉਂਦੇ ਰਹੇ। ਸੂਤਰਾਂ ਮੁਤਾਬਕ ਘਟਨਾ ਸਬੰਧੀ ਜੁਆਇੰਟ ਨੋਟ ਬਣਾਉਣ ਲਈ ਟ੍ਰੈਫਿਕ ਇੰਸਪੈਕਟਰ ਠਾਕੁਰ ਦੱਤ ਸਰਮਾ, ਸੀ. ਡੀ. ਓ. ਬਲਜੀਤ ਸਿੰਘ, ਸੀਨੀਅਰ ਸੈਕਸਨ ਇੰਜੀਨੀਅਰ (ਪਾਥਵੇਅ) ਸੋਹਣ ਲਾਲ ਵਰਮਾ, ਲੋਕੋ ਇੰਸਪੈਕਟਰ ਵਰਿੰਦਰ ਨਰਵਰੀਆ ਸਮੇਤ ਕਈ ਅਧਿਕਾਰੀ ਮੌਜੂਦ ਸਨ। ਜਾਣਕਾਰੀ ਮੁਤਾਬਕ ਉਕਤ ਟਰੇਨ ਦੀ ਪੀ. ਓ. ਐੱਚ. ਕੁਝ ਸਮਾਂ ਪਹਿਲਾਂ ਜਗਾਧਰੀ ਤੋਂ ਸੁਰੂ ਹੋਈ ਸੀ, ਇਸ ਲਈ ਮਕੈਨੀਕਲ ਫਾਲਟ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ। ਤਿੰਨ-ਚਾਰ ਵੈਗਨ ਨਿਕਲਣ ਦੇ ਬਾਅਦ ਅਗਲੇ ਟਰਾਲੀ ਦੇ ਪਹੀਏ ਪਟੜੀ ਤੋਂ ਉਤਰੇ ਸਨ। ਘਟਨਾ ਦੀ



ਰੇਲਵੇ ਟ੍ਰੈਕ ਦੇ ਮਾਪਦੰਡਾਂ ਦੀ ਵੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਕਿਉਂਕਿ ਇਸੇ ਜਗ੍ਹਾ ਪਹਿਲਾਂ ਵੀ ਡਿਰੇਲਮੈਂਟ ਹੋ ਚੁੱਕੀ ਹੈ। ਪਤਾ ਲੱਗਾ ਹੈ ਕਿ ਇੰਜਨ ਤੋਂ ਸੂਚਨਾ ਫਿਰੋਜਪੁਰ ਮੰਡਲ ਦੇ ਅਧਿਕਾਰੀਆਂ ਤਕ ਵੀ ਪਹੁੰਚ ਚੁੱਕੀ ਹੈ। ਜੁਆਇੰਟ ਨੋਟ ਕੰਪਲੀਟ ਹੋਣ ਅਤੇ ਘਟਨਾ ਦੀ ਡੂੰਘਾਈ ਨਾਲ ਜਾਂਚ ਤੋਂ ਬਾਅਦ ਹੀ ਕਾਰਨਾਂ ਦਾ ਸਹੀ ਪਤਾ ਚੱਲ ਸਕੇਗਾ। ਇਸ ਸਬੰਧ ਵਿਚ ਸਟੇਸ਼ਨ ਸੁਪਰਡੈਂਟ ਹਰੀ ਦੱਤ ਸ਼ਰਮਾ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

## ਓਡੀਸ਼ਾ ‘ਚ ਇਕ ਕਰੋੜ ਰੁਪਏ ਤੋਂ ਵੱਧ ਕੀਮਤ ਦੀ ਹੈਰੋਇਨ ਜਬਤ, ਇਕ ਗ੍ਰਿਫਤਾਰ

ਭੁਵਨੇਸ਼ਵਰ 8 ਫਰਵਰੀ। ਓਡੀਸ਼ਾ ਦੇ ਕਿਓਂਝਰ ਜਿ਼ਲ੍ਹੇ ਵਿਚ 46 ਸਾਲਾ ਇਕ ਵਿਅਕਤੀ ਦੇ ਕਬਜੇ ਤੋਂ ਇਕ ਕਰੋੜ ਰੁਪਏ ਤੋਂ ਵੱਧ ਕੀਮਤ ਦੀ ਹੈਰੋਇਨ ਜਬਤ ਕਰਨ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਕ ਅਧਿਕਾਰੀ ਨੇ ਦੱਸਿਆ ਕਿ ਗੁਪਤਾ ਸੂਚਨਾ ਦੇ ਆਧਾਰ ‘ਤੇ ਕਾਰਵਾਈ ਕਰਦਿਆਂ ਅਪਰਾਧ ਸ਼ਾਖਾ ਦੇ ਵਿਸ਼ੇਸ਼ ਕਾਰਜ ਬਲ () ਦੀ ਇਕ ਟੀਮ ਨੇ ਮੰਗਲਵਾਰ ਨੂੰ ਨੈਸ਼ਨਲ ਹਾਈਵੇਅ-49 ‘ਤੇ ਜੋੜੀਆ ਘਾਟੀ ਇਲਾਕੇ ਕੋਲ ਛਾਪੇਮਾਰੀ ਕੀਤੀ ਅਤੇ ਨਸ਼ੀਲੇ ਪਦਾਰਥ ਤਸਕਰ ਤੋਂ 1.080 ਕਿਲੋਗ੍ਰਾਮ ਨਸ਼ੀਲੇ ਪਦਾਰਥ ਜਬਤ ਕੀਤਾ। ਉਨ੍ਹਾਂ ਨੇ ਦੱਸਿਆ ਕਿ ਨੇ ਮੰਗਲਵਾਰ ਨੂੰ ‘ਨਾਰਕੋਟਿਕ ਡਰੱਗਜ ਐਂਡ ਸਾਈਕੋਟ੍ਰਪਿਕ ਸਬਸਟੈਂਸ ਐਕਟ’ ਤਹਿਤ ਮਾਮਲਾ ਦਰਜ ਕੀਤਾ ਅਤੇ ਤਸਕਰ ਨੂੰ ਗ੍ਰਿਫਤਾਰ ਕਰ ਲਿਆ। ਅਧਿਕਾਰੀ ਨੇ ਦੱਸਿਆ ਕਿ ਨੇ 2020 ਤੋਂ ਹੁਣ ਤੱਕ 74 ਕਿਲੋਗ੍ਰਾਮ ਤੋਂ ਵੱਧ ਬਰਾਊਨ ਸ਼ੂਗਰ/ਹੈਰੋਇਨ, 202 ਗ੍ਰਾਮ ਕੋਕੀਨ, 116 ਕੁਇੰਟਲ ਗਾਂਜਾ ਅਤੇ 3.36 ਕਿਲੋਗ੍ਰਾਮ ਅਫੀਮ ਜਬਤ ਕੀਤੀ ਹੈ ਅਤੇ 184 ਨਸ਼ੀਲੇ ਪਦਾਰਥ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਨੇ ਪਿਛਲੇ ਇਕ ਸਾਲ ਵਿਚ ਜਬਤ ਕੀਤੇ ਗਏ 62 ਕਿਲੋਗ੍ਰਾਮ ਤੋਂ ਵੱਧ ਬਰਾਊਨ ਸ਼ੂਗਰ ਨੂੰ ਵੀ ਨਸ਼ਟ ਕੀਤਾ ਹੈ।

# ਫੁੱਟਬਾਲ ਚੌਂਕ ਨੇੜੇ ਵੱਡੀ ਵਾਰਦਾਤ, 2 ਈ-ਰਿਕਸ਼ਾ ਨੂੰ ਰੋਕ ਕੇ ਗੰਨ ਪੁਆਇੰਟ ’ਤੇ ਲੁੱਟੇ 50 ਹਜਾਰ ਤੇ 5 ਮੋਬਾਇਲ

ਜਲੰਧਰ 8 ਫਰਵਰੀ। ਐਤਵਾਰ ਤੜਕੇ 5 ਵਜੇ ਦੇ ਕਰੀਬ ਫੁੱਟਬਾਲ ਚੌਂਕ ’ਤੇ 2 ਈ-ਰਿਕਸ਼ਾ ਨੂੰ ਰੋਕ ਕੇ ਨਾਈਟ ਡਿਊਟੀ ਕਰਕੇ ਘਰ ਪਰਤ



ਰਹੇ ਲੇਬਰ ਦੇ 7 ਲੋਕਾਂ ਨੂੰ ਗੰਨ ਪੁਆਇੰਟ ’ਤੇ ਲੈ ਕੇ 50 ਹਜਾਰ ਰੁਪਏ ਅਤੇ 5 ਮੋਬਾਇਲ ਲੁੱਟ ਲਏ ਗਏ। ਇਸ ਵਾਰਦਾਤ ਨੇ ਸਾਬਤ ਕਰ ਦਿੱਤਾ ਕਿ ਕਿਤੇ ਨਾ ਕਿਤੇ ਚੋਰ ਲੁਟੇਰੇ ਪੁਲਸ ਤੋਂ ਅੱਗੇ ਹਨ। ਹਾਲਾਂਕਿ ਸਿਟੀ ’ਚ ਕ੍ਰਾਈਮ ਕੰਟਰੋਲ ਕਰਨ ਲਈ ਸੀ. ਪੀ. ਸਵਪਨ ਸ਼ਰਮਾ ਕਾਫੀ ਮਿਹਨਤ ਕਰ ਰਹੇ ਹਨ ਪਰ ਜਮੀਨੀ ਪੱਧਰ ’ਤੇ ਇਸ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਸ਼ਿਵ ਨਗਰ ਵਾਸੀ ਮੁਹੰਮਦ ਮੋਬੀਨ ਨੇ ਦੱਸਿਆ ਕਿ ਉਹ ਅਟੈਚੀ ਬਣਾਉਣ ਵਾਲੀ ਫੈਕਟਰੀ ’ਚ ਕੰਮ ਕਰਦੇ ਹਨ। ਸ਼ਨੀਵਾਰ ਨੂੰ ਉਨ੍ਹਾਂ ਦੀ ਨਾਈਟ ਡਿਊਟੀ ਸੀ ਅਤੇ ਸ਼ਨੀਵਾਰ ਨੂੰ ਹੀ ਲੇਬਰ ਦਾ ਹਿਸਾਬ ਕੀਤਾ ਜਾਂਦਾ ਹੈ। ਮੋਬੀਨ ਨੇ ਕਿਹਾ ਕਿ ਨਾਈਟ ਡਿਊਟੀ ਖਤਮ ਕਰਕੇ ਉਹ 7 ਲੋਕ 2 ਈ-ਰਿਕਸ਼ਾ ’ਤੇ ਸਵਾਰ ਹੋ ਕੇ ਘਰ ਪਰਤ ਰਹੇ ਸਨ, ਜਿਵੇਂ ਉਹ ਫੁੱਟਬਾਲ ਚੌਂਕ ਨੇੜੇ ਪੈਟਰੋਲ ਪੰਪ ਪਹੁੰਚੇ ਤਾਂ ਇਕ ਐਕਟਿਵਾ ਨੇ ਅੱਗੇ ਜਾ ਰਹੇ ਈ-ਰਿਕਸ਼ਾ ਨੂੰ ਰੁਕਵਾ ਲਿਆ। ਨਾਲ ਹੀ ਪਿੱਛੇ ਆ ਰਿਹਾ ਰਿਕਸ਼ਾ ਵੀ ਰੁਕ ਗਿਆ। ਵੇਖਦੇ ਹੀ ਵੇਖਦੇ ਲੁਟੇਰਿਆਂ ਨੇ ਗੰਨ ਕੱਢ ਲਈ। 2 ਲੁਟੇਰਿਆਂ ਕੋਲ ਤੇਜਧਾਰ ਹਥਿਆਰ ਸਨ। ਸਾਰਿਆਂ ਨੂੰ ਇਕੱਠਾ ਕਰ ਕੇ ਲੁਟੇਰਿਆਂ ਨੇ ਪੈਸੇ ਤੇ ਮੋਬਾਇਲਾਂ ਦੀ ਮੰਗ ਕੀਤੀ। ਮੋਬੀਨ ਨੇ ਕਿਹਾ ਕਿ ਉਨ੍ਹਾਂ ਨੇ ਪੈਸੇ ਨਾ ਹੋਣ ਦੀ ਗੱਲ ਕਹੀ ਤਾਂ ਇਕ ਲੁਟੇਰੇ ਨੇ ਗੰਨ ਲੋਡ ਕਰ ਲਈ। ਮੋਬੀਨ ਨੇ ਡਰ ਦੇ ਮਾਰੇ 24 ਹਜਾਰ ਰੁਪਏ ਤੇ ਆਪਣਾ ਮੋਬਾਇਲ ਕੱਢ ਕੇ ਲੁਟੇਰੇ ਨੂੰ ਦੇ ਦਿੱਤਾ, ਜਿਸ ਤੋਂ ਬਾਅਦ ਲੁਟੇਰਿਆਂ ਨੇ ਲੇਬਰ ਦੇ ਲੋਕਾਂ ਨੂੰ ਥੱਪੜ ਮਾਰਨੇ ਸ਼ੁਰੂ ਕਰ ਦਿੱਤੇ ਤੇ ਤਲਾਸ਼ੀ ਲੈ ਕੇ ਕੁੱਲ 50 ਹਜਾਰ ਰੁਪਏ ਅਤੇ 5 ਮੋਬਾਇਲ ਕੱਢ ਕੇ ਫਰਾਰ ਹੋ ਗਏ। ਇਕ ਪਾਸੇ ਸੀ.ਪੀ. ਸਵਪਨ ਸ਼ਰਮਾ ਸ਼ਹਿਰ ਦੀ ਕ੍ਰਾਈਮ ਫ੍ਰੀ ਕਰਨ ’ਚ ਰੁੱਝੇ ਹਨ ਤਾਂ ਦੂਸਰੀ ਪਾਸੇ ਥਾਣਾ ਲੈਵਲ ’ਤੇ ਪੁਲਸ ਆਪਣੇ ਹੀ ਉੱਚ ਅਧਿਕਾਰੀਆਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਜਿਹੀ ਹੀ ਘਟਨਾ ਇਸ ਗੰਨ ਪੁਆਇੰਟ ’ਤੇ ਹੋਈ ਲੁੱਟ ਦੇ ਪੀੜਤਾਂ ਨਾਲ ਹੋਈ। ਭਾਜਪਾ ਨੇਤਾ ਨੌਸ਼ਾਦ ਆਲ ਨੇ ਦੱਸਿਆ ਕਿ ਪੀੜਤ ਜਦੋਂ ਥਾਣਾ 4 ’ਚ ਸ਼ਿਕਾਇਤ ਦਰਜ ਕਰਵਾਉਣ ਗਏ ਤਾਂ ਪੁਲਸ ਨੇ ਲੁੱਟ ਦੀ ਜਗ੍ਹਾ ਪੈਸੇ ਤੇ 5 ਮੋਬਾਇਲ ਚੋਰੀ ਹੋਣ ਦੀ ਸ਼ਿਕਾਇਤ ਲਿਖ ਲਈ। ਪੀੜਤਾਂ ’ਤੇ ਦਬਾਅ ਬਣਾਇਆ ਗਿਆ ਅਤੇ ਉਨ੍ਹਾਂ ਨੇ ਚੋਰੀ ਕੀਤੀ ਹੈ। ਸ਼ਿਕਾਇਤ ’ਤੇ ਸਾਈਨ ਕਰ ਦਿੱਤੇ, ਜਿਵੇਂ ਹੀ ਇਹ ਮਾਮਲਾ ਨੌਸ਼ਾਦ ਆਲਮ ਦੇ ਧਿਆਨ ਆਇਆ ਤਾਂ ਉਹ ਪੀੜਤ ਲੋਕਾਂ ਨੂੰ ਨਾਲ ਲੈ ਕੇ ਥਾਣਾ ਨੰ. 4 ਪਹੁੰਚੇ, ਜਿਸ ਤੋਂ ਬਾਅਦ ਚੋਰੀ ਦੀ ਜਗ੍ਹਾ ਜੋ ਘਟਨਾ ਹੋਈ ਉਸ ਦੇ ਹਿਸਾਬ ਨਾਲ ਲੁੱਟ ਦੀ ਸ਼ਿਕਾਇਤ ਦਰਜ ਕਰਵਾਈ। ਨੌਸ਼ਾਦ ਆਲਮ ਨੇ ਕਿਹਾ ਕਿ ਖੁਦ ਪੁਲਸ ਹੀ ਆਪਣੇ ਅਧਿਕਾਰੀਆਂ ਨੂੰ ਗੁੰਮਰਾਹ ਕਰ ਰਹੇ ਹਨ ਅਤੇ ਖੁਦ ਦੀ ਨਾਲਾਇਕੀ ਲੁਕਾਉਣ ਲਈ ਗਲਤ ਰਿਪੋਰਟ ਤਿਆਰ ਕਰ ਰਹੇ ਹਨ। ਉਨ੍ਹਾਂ ਸੀ. ਪੀ. ਤੋਂ ਮੰਗ ਕੀਤੀ ਹੈ ਕਿ ਥਾਣੇ ਲੈਵਲ ’ਤੇ ਹੋ ਰਹੇ ਅਜਿਹੇ ਮਾਮਲਿਆਂ ’ਚ ਧਿਆਨ ਦਿਓ

## ਗੰਗਾ ਇਸ਼ਨਾਨ ਤੋਂ ਪਹਿਲਾਂ ਆਈ ਮੌਤ, ਥਾਈਂ ਮਰੇ ਇਕੋ ਪਰਿਵਾਰ ਦੇ 6 ਜੀਅ

ਸੋਨਭੱਦਰ 8 ਫਰਵਰੀ। ਪ੍ਰਯਾਗਰਾਜ ਮਹਾਕੁੰਭ ਜਾ ਰਿਹਾ ਪਰਿਵਾਰ ਇਕ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਗਿਆ। ਦਰਅਸਲ ਤੇਜ਼ ਰਫ਼ਤਾਰ ਕਰੇਟਾ ਕਾਰ ਅਤੇ ਟਰੱਕ ਵਿਚਾਲੇ ਭਿਆਨਕ ਟੱਕਰ ਹੋ ਗਈ। ਹਾਦਸੇ ਵਿਚ ਕਾਰ ਸਵਾਰ ਛੱਤੀਸਗੜ੍ਹ ਦੇ ਦਰੋਗਾ, ਉਨ੍ਹਾਂ ਦੀ ਮਾਂ, ਪਤਨੀ ਅਤੇ ਪੁੱਤਰ ਸਮੇਤ 6 ਲੋਕਾਂ ਦੀ ਮੌਤ ਹੋ ਗਈ। ਜਦਕਿ ਦੋ ਲੋਕ ਜ਼ਖ਼ਮੀ ਹਨ। ਇਹ ਹਾਦਸਾ ਉੱਤਰ ਪ੍ਰਦੇਸ਼ ਦੇ ਸੋਨਭੱਦਰ ’ਚ ਵਾਪਰਿਆ। ਕਰੇਟਾ ਕਾਰ ਨਾਲ ਟੱਕਰ ਮਗਰੋਂ ਟਰੱਕ ਇਕ ਮਕਾਨ ਨਾਲ ਟਕਰਾ ਗਿਆ। ਇਹ ਭਿਆਨਕ ਹਾਦਸਾ ਵਾਰਾਣਸੀ-ਸ਼ਕਤੀਨਗਰ ਹਾਈਵੇਅ ’ਤੇ ਹਾਥੀਨਾਲਾ ਥਾਣਾ ਖੇਤਰ ਦੇ ਰਾਨੀਤਾਲੀ ਇਲਾਕੇ ਵਿਚ ਵਾਪਰਿਆ। ਇਕ ਟਰੱਕ ਅਤੇ ਛੱਤੀਸਗੜ੍ਹ ਤੋਂ ਆ ਰਹੀ ਕਰੇਟਾ ਕਾਰ ਵਿਚ ਟੱਕਰ ਹੋ ਗਈ। ਟੱਕਰ ਇੰਨੀ ਭਿਆਨਕ ਸੀ ਕਿ ਕਾਰ ਦੇ ਪਰਖੱਚੇ ਉੱਡ ਗਏ, ਜਿਸ ਵਿਚ 6 ਲੋਕਾਂ ਦੀ ਮੌਤ ਹੋ ਗਈ ਅਤੇ 2 ਹੋਰ ਜ਼ਖ਼ਮੀ ਹੋ ਗਏ। ਹਾਦਸੇ ਮਗਰੋਂ ਚੀਕ-ਪੁਕਾਰ ਮਚ ਗਈ। ਦੱਸਿਆ ਜਾ ਰਿਹਾ ਹੈ ਕਿ ਟਰੱਕ ਅਚਾਨਕ ਲੇਨ ਬਦਲ ਕੇ ਡਿਵਾਈਡਰ ਕਰਾਸ ਕਰ ਰਿਹਾ ਸੀ, ਤਾਂ ਸਾਹਮਣੇ ਤੋਂ ਆ ਰਹੀ ਕਰੇਟਾ ਕਾਰਨ ਨਾਲ ਉਸ ਦੀ ਜ਼ਬਰਦਸਤ ਟੱਕਰ ਹੋ ਗਈ। ਗੈਸ ਕਟਰ ਨਾਲ ਕਾਰ ਦੇ ਦਰਵਾਜ਼ੇ ਕੱਟੇ ਗਏ। ਲਾਸ਼ਾਂ ਨੂੰ ਕੱਢ ਕੇ ਪੋਸਟਮਾਰਟਮ ਲਈ ਭੇਜਿਆ। ਜ਼ਖ਼ਮੀਆਂ ਦਾ ਜ਼ਿਲ੍ਹਾ ਹਸਪਤਾਲ ’ਚ ਇਲਾਜ ਚੱਲ ਰਿਹਾ ਹੈ। ਔਰਤ ਅਤੇ ਇਕ ਬੱਚੇ ਦੀ ਹਾਲਤ ਗੰਭੀਰ ਹੈ। ਛੱਤੀਸਗੜ੍ਹ ਦੇ ਰਾਮਾਨੁਜਗੰਜ ਤੋਂ ਇੰਸਪੈਕਟਰ ਰਵੀ ਪ੍ਰਕਾਸ਼ ਮਿਸ਼ਰਾ ਆਪਣੀ ਮਾਂ ਊਸ਼ਾ ਮਿਸ਼ਰਾ, ਪਤਨੀ ਪ੍ਰਿਅੰਕਾ ਮਿਸ਼ਰਾ, ਪੁੱਤਰਾਂ ਦਿਵਯਾਂਸ਼ੂ ਮਿਸ਼ਰਾ, ਅਥਰਵ ਮਿਸ਼ਰਾ ਅਤੇ ਨੌਕਰਾਣੀ ਦੁਰਗਾ ਦੇਵੀ ਨਾਲ ਪ੍ਰਯਾਗਰਾਜ ਮਹਾਕੁੰਭ ’ਚ ਗੰਗਾ ’ਚ ਇਸ਼ਨਾਨ ਕਰਨ ਜਾ ਰਹੇ ਸਨ। ਇੰਸਪੈਕਟਰ ਦੀ ਕ੍ਰੇਟਾ ਕਾਰ ਉਸ ਦਾ ਡਰਾਈਵਰ ਸਨੇ ਕਾਦਰੀ ਚਲਾ ਰਿਹਾ ਸੀ। ਐਤਵਾਰ ਰਾਤ ਨੂੰ ਵਾਰਾਣਸੀ-ਸ਼ਕਤੀਨਗਰ ਰਾਜ ਮਾਰਗ ’ਤੇ ਚੱਲ ਰਹੀ ਇਕ ਕਾਰ ਦੀ ਸਾਹਮਣੇ ਤੋਂ ਆ ਰਹੇ ਟਰਾਲੇ ਨਾਲ ਭਿਆਨਕ ਟੱਕਰ ਹੋ ਗਈ।

## ਮੋਟਰਸਾਇਕਲ ‘ਤੇ ਜਾ ਰਹੇ ਨੌਜਵਾਨਾਂ ਨੂੰ ਸਕੂਲ ਵੈਨ ਨੇ ਮਾਰੀ ਜੋਰਦਾਰ ਟੱਕਰ, ਇਕ ਦੀ ਹੋਈ ਮੌਤ

ਖੰਨਾ 8 ਫਰਵਰੀ। ਪਿੰਡ ਗੋਬਿੰਦਪੁਰਾ ਨੇੜੇ ਇਕ ਤੇਜ਼ ਰਫਤਾਰ ਸਕੂਲੀ ਵੈਨ ਨੇ ਮੋਟਰਸਾਈਕਲ ਸਵਾਰਾਂ ਨੂੰ ਸਾਹਮਣੇ ਤੋਂ ਜੋਰਦਾਰ ਟੱਕਰ ਮਾਰ ਕੇ ਕੁਚਲ ਦਿੱਤਾ, ਜਿਸ ਕਾਰਨ ਇਕ ਨੌਜਵਾਨ ਦੀ ਦਰਦਨਾਕ ਮੌਤ ਹੋ ਗਈ ਜਦਕਿ ਦੂਸਰਾ ਗੰਭੀਰ ਰੂਪ ’ਚ ਜਖਮੀ ਹੋ ਗਿਆ। ਜਖਮੀ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮ੍ਰਿਤਕ ਦੀ ਪਛਾਣ ਅਰਸ਼ਦੀਪ ਭਾਰਤੀ ਵਾਸੀ ਪਿੰਡ ਘੁੰਗਰਾਲੀ ਰਾਜਪੂਤਾ, ਜਿ਼ਲ੍ਹਾ ਲੁਧਿਆਣਾ ਵਜੋਂ ਹੋਈ ਹੈ। ਇਸ ਘਟਨਾ ਸਬੰਧੀ ਪਾਇਲ ਪੁਲਸ ਕੋਲ ਆਪਣੇ ਬਿਆਨ ਦਰਜ ਕਰਵਾਉਂਦੇ ਹੋਏ ਮ੍ਰਿਤਕ ਦੇ ਪਿਤਾ ਛਿੰਦਰਪਾਲ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਅਰਸਦੀਪ ਭਾਰਤੀ ਆਪਣੇ ਦੋਸਤ ਗਗਨਦੀਪ ਸਿੰਘ ਨਾਲ ਆਪਣੇ ਮੋਟਰਸਾਈਕਲ ’ਤੇ ਨਵਾਂ ਪਿੰਡ ਗੋਬਿੰਦਪੁਰਾ ਤੋਂ ਦਾਊਮਾਜਰਾ ਵੱਲ ਜਾ ਰਿਹਾ ਸੀ। ਇਸੇ ਦੌਰਾਨ ਗੋਬਿੰਦਪੁਰਾ-ਦਾਊਮਾਜਰਾ ਮੋੜ ਨੇੜੇ ਦਾਊਮਾਜਰਾ ਵਲੋਂ ਆਉਂਦੀ ਇਕ ਪ੍ਰਾਈਵੇਟ ਸਕੂਲੀ ਵੈਨ ਦੇ ਚਾਲਕ ਨੇ ਵੈਨ ਬੜੀ ਤੇਜ ਰਫਤਾਰ ਅਤੇ ਲਾਪਰਵਾਹੀ ਨਾਲ ਲਿਆ ਕੇ ਸਿੱਧੇ ਉਸਦੇ ਲੜਕੇ ਦੇ ਮੋਟਰਸਾਈਕਲ ’ਚ ਮਾਰ ਦਿੱਤੀ। ਇਸ ਹਾਦਸੇ ਵਿਚ ਉਸ ਦੇ ਲੜਕੇ ਅਰਸਦੀਪ ਭਾਰਤੀ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦਕਿ ਗਗਨਦੀਪ ਸਿੰਘ ਗੰਭੀਰ ਜਖਮੀ ਹੋ ਗਿਆ।


### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

ਕੌਮੀ ਪੱਤ੍ਰਿਕਾ

# ਵਿਜੀਲੈਂਸ ਬਿਊਰੋ ਨੇ ਸਟੇਟ ਬੈਂਕ 'ਚ ਹੋਏ ਕਰੋੜਾਂ ਦੇ ਘਪਲੇ 'ਚ ਸ਼ਾਮਲ ਦੋ ਮੁਲਜ਼ਮ ਕੀਤੇ ਗ੍ਰਿਫ਼ਤਾਰ - ਬਾਕੀ ਮੁਲਜ਼ਮਾਂ ਦੀ ਭਾਲ ਜਾਰੀ

**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸਟੇਟ ਬੈਂਕ ਆਫ ਪਟਿਆਲਾ (ਹੁਣ ਸਟੇਟ ਬੈਂਕ ਆਫ ਇੰਡੀਆ) ਬਰਾਂਚ ਸੁਲਤਾਨਪੁਰ ਲੋਧੀ ਜਿਲਾ ਕਪੂਰਥਲਾ ਵਿੱਚ ਹੋਏ ਬਹੁ-ਕਰੋੜੀ ਘਪਲੇ ਵਿੱਚ ਨਾਮਜਦ ਮੁਲਜ਼ਮ ਸਤਨਾਮ ਸਿੰਘ ਅਤੇ ਮੁਲਜ਼ਮ ਸਰਬਜੀਤ ਸਿੰਘ ਨੰਬਰਦਾਰ, ਦੋਵੇਂ ਵਾਸੀ ਪਿੰਡ ਸਰੂਪਵਾਲ ਤਹਿਸੀਲ ਸੁਲਤਾਨਪੁਰ ਲੋਧੀ ਨੂੰ ਗ੍ਰਿਫਤਾਰ ਕੀਤਾ ਹੈ।



ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਸੱਤ ਸਾਲ ਪਹਿਲਾਂ ਦਰਜ ਇੱਕ ਵਿਜੀਲੈਂਸ ਇੰਨਕੁਆਰੀ ਦੀ ਪੜਤਾਲ ਦੇ ਅਧਾਰ ਤੇ ਮੁਕੱਦਮਾ ਨੰਬਰ: 05 ਮਿਤੀ 09-03-2017 ਨੂੰ ਆਈ.ਪੀ.ਸੀ ਦੀ ਧਾਰਾ 409, 420, 467, 468, 471, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1) ਸਮੇਤ 13 (2) ਤਹਿਤ ਥਾਣਾ ਵਿਜੀਲੈਂਸ ਬਿਊਰੋ ਰੇਂਜ ਜਲੰਧਰ ਵਿਖੇ ਦਰਜ ਕੀਤਾ ਗਿਆ ਸੀ। ਉਕਤ ਮੁਲਜ਼ਮਾਂ ਨੇ ਬੈਂਕ ਦੇ ਬਰਾਂਚ ਮੈਨੇਜਰ ਤੇ ਹੋਰ ਮੁਲਾਜ਼ਮਾਂ ਸਮੇਤ ਆਮ ਵਿਅਕਤੀਆਂ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨਾਲ ਮਿਲੀਭੁਗਤ ਕਰਕੇ ਭ੍ਰਿਸ਼ਟ ਤਰੀਕਿਆਂ ਨਾਲ ਉਕਤ ਸਟੇਟ ਬੈਂਕ ਦੇ ਮੁਲਾਜ਼ਮਾਂ ਰਾਹੀਂ ਖਜ਼ਾਨੇ ਵਿਚੋਂ ਕਰਜ਼ਾ/ਲਿਮਟਾਂ ਰਾਹੀਂ ਪੈਸੇ ਕਢਵਾ ਕੇ ਗਬਨ ਕੀਤਾ ਸੀ। ਇਸ ਸਬੰਧੀ ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਮਿਤੀ 30-04-2016 ਤੱਕ ਦੀਆਂ 14 ਕਰਜ਼ਾ ਫਾਇਲਾਂ ਰਾਹੀਂ ਕਰੀਬ 3 ਕਰੋੜ 71 ਲੱਖ ਰੁਪਏ ਦਾ ਗਬਨ ਕੀਤਾ ਗਿਆ ਹੈ।

ਇਸ ਘਪਲੇ ਦੌਰਾਨ ਮੁਲਜ਼ਮਾਂ ਨੇ ਅਧੂਰੀਆਂ ਰਿਪੋਰਟਾਂ ਅਤੇ ਗਰੰਟਰ ਡੀਡਾਂ ਹਾਸਲ ਕਰਕੇ ਪ੍ਰਾਈਵੇਟ ਵਿਅਕਤੀਆਂ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ/ ਕਰਮਚਾਰੀਆਂ ਨਾਲ ਮਿਲੀਭੁਗਤ ਕਰਕੇ ਫਰਜੀ ਜਮੀਨ ਉਪਰ ਫਰਜੀ ਵਿਅਕਤੀਆਂ ਦੇ ਬੈਂਕ ਲੋਨ ਮੰਨਜੂਰ ਕੀਤੇ ਸਨ। ਕਰਜਦਾਰਾਂ ਦੀ ਜਮੀਨ ਉਹਨਾਂ ਦੀ ਮਾਲਕੀ ਨਾ ਹੋਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਦੀ ਮਾਲਕੀ ਵਾਲੀ ਜਮੀਨ ਨੂੰ ਪ੍ਰਾਈਵੇਟ ਵਿਅਕਤੀਆਂ ਦੀ ਮਾਲਕੀ ਦਿਖਾ ਕੇ ਫਰਦਾਂ, ਫਰਦ ਗਿਰਦਾਵਰੀ ਤੇ ਬਾਰ-ਰਹਿਤ ਸਰਟੀਫਿਕੇਟ ਜਾਰੀ ਕਰਵਾ ਕੇ ਆੜ-ਰਹਿਣ ਵਸੀਕੇ ਅਤੇ ਬੈਨਾਮੇ ਵਸੀਕੇ ਰਜਿਸਟਰ ਕਰਵਾਏ ਗਏ ਸਨ।

ਇਸ ਮੁਕੱਦਮੇ ਵਿੱਚ ਸ਼ਾਮਲ ਸਤਨਾਮ ਸਿੰਘ ਸਰੂਪਵਾਲਾ ਨੇ ਖੇਤੀਬਾੜੀ ਲਿਮਟ ਲੈਣ ਸਬੰਧੀ ਫਰਦ ਜਮਾਬੰਦੀ, ਫਰਦ ਹਕੀਅਤ, ਫਰਦ ਗਿਰਦਾਵਰੀ, ਆੜ ਰਹਿਣ ਸਰਟੀਫਿਕੇਟ, ਸਟੇਟ ਬੈਂਕ ਆਫ ਪਟਿਆਲਾ ਸੁਲਤਾਨਪੁਰ ਲੋਧੀ ਦੇ ਮੈਨੇਜਰ ਮੁਲਜ਼ਮ ਸੁਰਿੰਦਰ ਸਿੰਘ ਨੂੰ ਦਿੱਤੇ ਜਿਸਦੇ ਅਧਾਰ ਤੇ ਬੈਂਕ ਮੈਨੇਜਰ ਨੇ ਬੈਂਕ ਦੇ ਦੂਸਰੇ ਮੁਲਜ਼ਮ ਕਰਮਚਾਰੀ ਸੁਰਿੰਦਰ ਪਾਲ ਫੀਲਡ ਅਫਸਰ ਅਤੇ ਪੈਨਲ ਵਕੀਲ ਤਾਰਾ ਚੰਦ ਮੁਲਜ਼ਮ ਨਾਲ ਆਪਸੀ ਮਿਲੀਭੁਗਤ ਕਰਕੇ ਆਪਣੇ ਨਿੱਜੀ ਮੁਫਾਦ ਲਈ ਕਰਜ਼ਾ ਲੈਣ ਵਾਲੇ ਸਤਨਾਮ ਸਿੰਘ ਨੂੰ ਕਰਜ਼ਾ ਦੇਣ ਦੀ ਮਨਸ਼ਾ ਨਾਲ ਉਕਤ ਦੋਸ਼ੀਆਂ ਵੱਲੋਂ ਫਰਜੀ ਅਤੇ ਗਲਤ ਰਿਪੋਰਟ ਤਿਆਰ ਕੀਤੀਆਂ ਗਈਆਂ ਜਿਸ ਤੋਂ ਬਾਅਦ ਉਕਤ ਬੈਂਕ ਮੈਨੇਜਰ ਨੇ ਸਤਨਾਮ ਸਿੰਘ ਨਾਲ ਮਿਲੀਭੁਗਤ ਕਰਕੇ ਉਸਦਾ 16 ਲੱਖ ਰੁਪਏ ਦਾ ਕਰਜ਼ਾ ਮਨਜ਼ੂਰ ਕਰ ਦਿੱਤਾ ਜਦਕਿ ਮਾਲ ਮਹਿਕਮੇ ਦੇ ਰਿਕਾਰਡ ਮੁਤਾਬਿਕ ਪਿੰਡ ਸਰੂਪਵਾਲ ਦੀ ਉਸ ਜਮਾਬੰਦੀ ਦੀ ਰਿਕਾਰਡ ਨਾਲ ਮੇਲ ਨਹੀਂ ਖਾਂਦੀ ਕਿਉਂਕਿ ਉਕਤ ਖੇਵਟ-ਖਤੌਨੀ ਅਤੇ ਖਸਰਾ ਨੰਬਰ ਮਾਲ ਰਿਕਾਰਡ ਵਿੱਚ ਹੀ ਨਹੀਂ ਹਨ ਅਤੇ ਮਾਲ ਰਿਕਾਰਡ ਵਿੱਚ ਰੋਜ਼ਨਾਮਚਾ ਵਾਕਿਆਤੀ ਵਿੱਚ ਕਰਜ਼ਦਾਰ ਸਤਨਾਮ ਸਿੰਘ ਵੱਲੋਂ ਕਰਜ਼ਾ ਹਾਸਲ ਕਰਨ ਸਬੰਧੀ ਕੋਈ ਇੰਦਰਾਜ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਮੋਰਟਗੇਜ ਡੀਡ ਨੂੰ ਤਸਦੀਕ ਕਰਵਾਉਣ ਤੇ ਪਾਇਆ ਗਿਆ ਕਿ ਉਕਤ ਬੈਂਕ ਮੈਨੇਜਰ ਵੱਲੋਂ ਸਤਨਾਮ ਸਿੰਘ ਅਤੇ ਮੋਰਟਗੇਜ ਡੀਡ ਉਪਰ ਗਵਾਹੀ ਪਾਉਣ ਵਾਲੇ ਵਿਅਕਤੀਆਂ ਨਾਲ ਮਿਲੀਭੁਗਤ ਕਰਕੇ ਮੋਰਟਗੇਜ ਡੀਡ ਪਰ ਦਫਤਰ ਜੁਆਇੰਟ ਸਬ ਰਜਿਸਟਰਾਰ ਲੋਹੀਆਂ ਦਾ ਫਰਜੀ ਨੰਬਰ ਲਗਾਇਆ ਗਿਆ ਜਿਸ ਉਪਰ ਗਵਾਹੀ ਉਕਤ ਮੁਲਜ਼ਮ ਸਰਬਜੀਤ ਸਿੰਘ ਨੰਬਰਦਾਰ ਵਾਸੀ ਸਰੂਪਵਾਲਾ ਵੱਲੋਂ ਪਾਈ ਗਈ ਸੀ।

ਵਰਨਣਯੋਗ ਹੈ ਕਿ ਇਸ ਵਿਜੀਲੈਂਸ ਇੰਨਕੁਆਰੀ ਦੀ ਪੜਤਾਲ ਦੇ ਅਧਾਰ ਤੇ ਉਪਰੋਕਤ ਮੁਕੱਦਮਾ 33 ਵਿਅਕਤੀਆਂ ਵਿਰੁੱਧ ਦਰਜ ਕੀਤਾ ਗਿਆ ਸੀ ਜਿਨ੍ਹਾਂ ਵਿੱਚੋਂ 28 ਮੁਲਜ਼ਮ ਪਹਿਲਾਂ ਹੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਅਤੇ 3 ਦੋਸ਼ੀਆਂ ਨੂੰ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਜਾ ਚੁੱਕਾ ਹੈ। ਬਾਕੀ ਰਹਿੰਦੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਲਈ ਵਿਜੀਲੈਂਸ ਬਿਊਰੋ ਵੱਲੋਂ ਚਾਰਾਜੋਈ ਸਰਗਰਮੀ ਨਾਲ ਜਾਰੀ ਹੈ। ਗ੍ਰਿਫਤਾਰ ਕੀਤੇ ਗਏ ਉਕਤ ਸਤਨਾਮ ਸਿੰਘ ਅਤੇ ਸਰਬਜੀਤ ਸਿੰਘ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ। ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਪੰਜਾਬੀ 'ਵਰਸਿਟੀ 'ਚ ਹੋਵੇਗਾ ਮਹਾਨ ਕੋਸ਼ ਸੋਧਣ ਦਾ ਕਾਰਜ



**ਪਟਿਆਲਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਆਪਣੀ ਰੈਫ਼ਰੈਂਸ ਲਾਇਬ੍ਰੇਰੀ ਵਿੱਚ ਉਪਲਬਧ 1930 ਵਿੱਚ ਛਪੇ ਮਹਾਨ ਕੋਸ਼ ਦੀ ਕਾਪੀ ਨੂੰ ਮੁੱਖ ਸਰੋਤ ਮੰਨਦਿਆਂ ਇਸੇ ਆਧਾਰ 'ਤੇ ਹੀ ਮਿਲਾਨ ਦਾ ਕੰਮ ਕਰੇਗੀ। ਇਹ ਫੈਸਲਾ ਪੰਜਾਬੀ ਯੂਨੀਵਰਸਿਟੀ ਵੱਲੋਂ ਛਾਪੇ ਗਏ 'ਭਾਈ ਕਾਨ੍ਹ ਸਿੰਘ ਨਾਭਾ ਰਚਿਤ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਸਬੰਧੀ ਵਿਚਾਰ ਚਰਚਾ ਕਰਨ ਲਈ ਅੱਜ ਹੋਈ ਇੱਕ ਅਹਿਮ ਮੀਟਿੰਗ ਦੌਰਾਨ ਲਿਆ ਗਿਆ। ਉਂਜ ਪਹਿਲਾਂ ਵੀ ਇਸੇ ਕਾਪੀ ਨੂੰ ਮੁੱਖ ਸਰੋਤ ਮੰਨਿਆ ਗਿਆ ਸੀ ਤੇ ਹੁਣ ਵੀ ਇਸੇ ਆਧਾਰ 'ਤੇ ਹੀ ਸੋਧ ਦਾ ਕੰਮ ਕੀਤਾ ਜਾਵੇਗਾ। ਮੀਟਿੰਗ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਨੇ ਕੀਤੀ। ਇਸ ਦੌਰਾਨ ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ, ਡਾਇਰੈਕਟਰ ਯੋਜਨਾ ਅਤੇ ਨਿਰੀਖਣ ਪ੍ਰੋ. ਜਸਵਿੰਦਰ ਸਿੰਘ ਬਰਾੜ, ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾ. ਪਰਮਿੰਦਰਜੀਤ ਕੌਰ ਅਤੇ ਪ੍ਰਾਜੈਕਟ ਕੋਆਰਡੀਨੇਟਰ ਪ੍ਰੋ. ਧਨਵੰਤ ਕੌਰ ਸਮੇਤ ਮੇਜਰ ਏਪੀ ਸਿੰਘ, ਪ੍ਰੋ. ਹਰਪਾਲ ਸਿੰਘ ਪੰਨੂ, ਡਾ. ਜੋਗਾ ਸਿੰਘ, ਡਾ. ਓ.ਪੀ. ਵਿਸ਼ਸ਼ਟ, ਡਾ. ਪਰਮਜੀਤ ਸਿੰਘ ਢੀਂਗਰਾ, ਡਾ. ਇਕਬਾਲ ਸਿੰਘ ਗੋਦਾਰਾ ਅਤੇ ਪ੍ਰੋ. ਸੁਖਵਿੰਦਰ ਕੌਰ ਬਾਠ (ਆਨਲਾਈਨ ਸ਼ਮੂਲੀਅਤ) ਮੈਂਬਰ ਵੀ ਹਾਜ਼ਰ ਹੋਏ। ਇਸ ਦੌਰਾਨ ਮਹਾਨ ਕੋਸ਼ ਦੇ ਹਰ ਪੱਖ ਅਤੇ ਤੱਥ ਨੂੰ ਸਮਝਦਿਆਂ ਹੋਇਆਂ ਸਮੂਹ ਮੈਂਬਰਾਂ ਨੇ ਸਰਬ ਸੰਮਤੀ ਨਾਲ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ ਸਬੰਧੀ ਇਹ ਫ਼ੈਸਲਾ ਲਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਰੈਫ਼ਰੈਂਸ ਲਾਇਬ੍ਰੇਰੀ ਵਿੱਚ ਪਏ 1930 ਦੌਰਾਨ ਛਪੇ ਮਹਾਨ ਕੋਸ਼ ਦੀ ਕਾਪੀ ਨੂੰ ਹੀ ਮੁੱਖ ਸਰੋਤ ਮੰਨਿਆ ਗਿਆ ਸੀ। ਹੁਣ ਵੀ ਇਸੇ ਆਧਾਰ 'ਤੇ ਹੀ ਸੋਧ ਦਾ ਕੰਮ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਪਹਿਲਾਂ ਪੰਜਾਬੀ ਯੂਨੀਵਰਸਿਟੀ ਵੱਲੋਂ ਇਸ ਕੋਸ਼ ਦੀਆਂ ਛਾਪੀਆਂ ਗਈਆਂ ਚਾਰੋਂ ਸੈਂਚੀਆਂ ਨੂੰ ਸੋਧਣ ਦਾ ਕੰਮ ਦੋ ਕਮੇਟੀਆਂ ਨੂੰ ਦਿੱਤਾ ਗਿਆ ਸੀ। ਇਨ੍ਹਾਂ ਕਮੇਟੀਆਂ ਵਿੱਚੋਂ ਇੱਕ ਕਮੇਟੀ ਡਾ. ਪਰਮਜੀਤ ਸਿੰਘ ਸਿੱਧੂ, ਡਾ. ਅਜਮੇਰ ਸਿੰਘ ਅਤੇ ਡਾ. ਉਮਾ ਸੇਠੀ 'ਤੇ ਆਧਾਰਿਤ ਰਹੀ। ਜਦਕਿ ਦੂਜੀ ਕਮੇਟੀ ਵਿੱਚ ਸ੍ਰੀ ਮਨਮੰਦਰ ਸਿੰਘ, ਡਾ. ਇਕਬਾਲ ਸਿੰਘ ਗੋਦਾਰਾ ਅਤੇ ਡਾ. ਪਰਮਜੀਤ ਸਿੰਘ ਢੀਂਗਰਾ ਸ਼ਾਮਲ ਰਹੇ। ਇਨ੍ਹਾਂ ਕਮੇਟੀਆਂ ਵੱਲੋਂ ਆਪਣਾ ਕੰਮ ਮੁਕੰਮਲ ਕਰਕੇ ਰਿਪੋਰਟਾਂ ਜਮ੍ਹਾਂ ਕਰਵਾ ਦਿੱਤੀਆਂ ਗਈਆਂ ਹਨ। ਅੱਜ ਦੀ ਇਸ ਇਕੱਤਰਤਾ 'ਚ ਸ਼ਾਮਲ ਮੈਂਬਰਾਂ ਵੱਲੋਂ ਕੀਤੀ ਗਈ ਵਿਚਾਰ ਚਰਚਾ ਦੌਰਾਨ ਇਨ੍ਹਾਂ ਸੋਧਕਾਂ ਵੱਲੋਂ ਲਾਈਆਂ ਗਈਆਂ ਗ਼ਲਤੀਆਂ ਦੇ ਸੰਕਲਨ ਦੇ ਕੰਮ ਦੀ ਲੋੜ ਮਹਿਸੂਸ ਕੀਤੀ ਗਈ। ਸੰਕਲਨ ਲਈ ਚਾਰ ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਡਾ.ਪਰਮਿੰਦਰਜੀਤ ਕੌਰ ਮੁਖੀ ਅਤੇ ਕਨਵੀਨਰ ਵਜੋਂ ਭੂਮਿਕਾ ਨਿਭਾਉਣਗੇ ਜਦੋਂ ਕਿ ਵਿਭਾਗ ਦੇ ਸਾਬਕਾ ਮੁਖੀਆਂ ਵਜੋਂ ਡਾ. ਧਨਵੰਤ ਕੌਰ ਤੇ ਡਾ. ਜੋਗਾ ਸਿੰਘ ਸਮੇਤ ਡਾ. ਓ.ਪੀ. ਵਸ਼ਿਸ਼ਟ ਇਸ ਕਮੇਟੀ ਦੇ ਮੈਂਬਰ ਨਿਯੁਕਤ ਕੀਤੇ ਗਏ ਹਨ।

# ਡੱਲੇਵਾਲ ਲਈ 50 ਪਿੰਡਾਂ ਦੇ ਟਿਊਬਵੈੱਲਾਂ ਦਾ ਪਾਣੀ ਲੈ ਕੇ ਪੁੱਜੇ ਹਰਿਆਣਾ ਦੇ ਕਿਸਾਨ

## ਕਿਸਾਨ ਆਗੂ ਦਾ ਮਰਨ ਵਰਤ 71ਵੇਂ ਦਿਨ ਵੀ ਜਾਰੀ; ਮਹਾਂਪੰਚਾਇਤਾਂ ਵਿੱਚ ਪੁੱਜਣ ਦੀ ਅਪੀਲ

**ਪਟਿਆਲਾ /ਪਾਤੜਾਂ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਮੰਗਾਂ ਦੀ ਪੂਰਤੀ ਲਈ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਅਗਵਾਈ ਹੇਠਾਂ ਜਾਰੀ ਕਿਸਾਨ ਅੰਦੋਲਨ-2 ਦੌਰਾਨ ਹੀ ਢਾਬੀਗੁੱਜਰਾਂ ਬਾਰਡਰ 'ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਅੱਜ 71ਵੇਂ ਦਿਨ ਵੀ ਜਾਰੀ ਰਿਹਾ। ਉਨ੍ਹਾਂ ਲਈ ਅੱਜ ਹਰਿਆਣਾ ਦੇ 50 ਤੋਂ ਵੀ ਵੱਧ ਪਿੰਡਾਂ ਦੇ ਕਿਸਾਨ ਆਪੋ ਆਪਣੇ ਟਿਊਬਵੈੱਲਾਂ ਦਾ ਪਵਿੱਤਰ ਜਲ ਲੈ ਕੇ ਢਾਬੀਗੁੱਜਰਾਂ ਮੋਰਚੇ 'ਤੇ ਪੁੱਜੇ।




ਜਗਜੀਤ ਸਿੰਘ ਡੱਲੇਵਾਲ ਲਈ ਜਲ ਲੈ ਕੇ ਪੁੱਜੇ ਹਰਿਆਣਾ ਦੇ ਕਿਸਾਨ।

ਇਨ੍ਹਾਂ ਕਿਸਾਨਾ ਦਾ ਕਹਿਣਾ ਸੀ ਕਿ ਉਹ ਚਾਹੁੰਦੇ ਹਨ ਕਿ ਜਿਨ੍ਹਾਂ ਖੇਤੀ ਵਾਲੀਆਂ ਜ਼ਮੀਨਾਂ ਅਤੇ ਕਿਸਾਨਾਂ ਦੀਆਂ ਆਉਣ ਵਾਲੀ ਪੀੜ੍ਹੀ ਨੂੰ ਬਚਾਉਣ ਲਈ ਡੱਲੇਵਾਲ ਦੁੱਖ ਝੱਲ ਰਹੇ ਹਨ, ਉਹ ਉਨ੍ਹਾਂ ਹੀ ਖੇਤਾਂ ਦਾ ਪਵਿੱਤਰ ਪਾਣੀ ਪੀਣ। ਕਿਸਾਨ ਆਗੂਆਂ ਨੇ ਕਿਹਾ ਕਿ ਇਹ ਸਿਰਫ਼ ਪਾਣੀ ਨਹੀਂ ਸਗੋਂ ਹਜ਼ਾਰਾਂ ਕਿਸਾਨਾਂ ਦੀਆਂ ਭਾਵਨਾਵਾਂ ਦਾ ਮਿਸ਼ਰਣ ਹੈ। ਇਸੇ ਦੌਰਾਨ ਅਭਿਮੰਨਿਊ ਕੋਹਾੜ, ਸੁਰਜੀਤ ਫੂਲ, ਸੁਖਜੀਤ ਹਰਦੋਝੰਡੇ ਤੇ ਹੋਰਾਂ ਨੇ ਦੱਸਿਆ ਕਿ ਇਸੇ ਤਰ੍ਹਾਂ ਹੀ 6, 8 ਅਤੇ 10 ਫਰਵਰੀ ਨੂੰ ਵੀ ਹਰਿਆਣਾ ਦੇ ਕਿਸਾਨਾਂ ਦੇ ਵੱਡੇ ਜਥੇ ਪਾਣੀ ਲੈ ਕੇ ਢਾਬੀਗੁੱਜਰਾਂ ਮੋਰਚੇ 'ਤੇ ਪਹੁੰਚਣਗੇ। ਕਿਸਾਨ ਆਗੂਆਂ ਨੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੋਰਚੇ ਨੂੰ ਇੱਕ ਸਾਲ ਪੂਰੇ ਹੋਣ 'ਤੇ 11 ਫਰਵਰੀ ਨੂੰ ਰਤਨਾਪੁਰਾ,12 ਨੂੰ ਢਾਬੀਗੁੱਜਰਾਂ ਅਤੇ 13 ਫਰਵਰੀ ਨੂੰ ਸ਼ੰਭੂ ਮੋਰਚੇ ਉੱਪਰ ਹੋਣ ਵਾਲੀਆ ਮਹਾਂਪੰਚਾਇਤਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ।

**ਕਰਜ਼ੇ ਬਾਰੇ ਕੇਂਦਰ ਵੱਲੋਂ ਸੰਸਦ 'ਚ ਦਿੱਤਾ ਬਿਆਨ ਨਿਰਾਸ਼ਾਜਨਕ ਕਰਾਰ**

ਲੋਕ ਸਭਾ 'ਚ ਜਾਰੀ ਬਜਟ ਸੈਸ਼ਨ ਦੌਰਾਨ ਕੇਂਦਰ ਸਰਕਾਰ ਵੱਲੋਂ ਕਿਸਾਨ ਕਰਜ਼ਾ ਮੁਆਫੀ ਦੀ ਕਿਸੇ ਵੀ ਯੋਜਨਾ ਤੋਂ ਇਨਕਾਰੀ ਹੁੰਦਿਆਂ ਪੱਲਾ ਝਾੜ ਲੈਣ ਦੀ ਸਾਹਮਣੇ ਆਈ ਕਾਰਵਾਈ ਤੋਂ ਕਿਸਾਨਾਂ 'ਚ ਨਿਰਾਸ਼ਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਨੂੰ ਲੈ ਕੇ ਮੋਦੀ ਸਰਕਾਰ ਆਪਣੇ 2014 ਦੇ ਚੋਣ ਵਾਅਦੇ ਤੋਂ ਭਗੌੜਾ ਹੋ ਚੁੱਕੀ ਹੈ। ਇਸ ਤੋਂ ਇਲਾਵਾ ਅਜਿਹੀ ਕਾਰਵਾਈ ਨੇ ਸੰਘਰਸ਼ੀਲ ਕਿਸਾਨ ਜਥੇਬੰਦੀਆਂ ਨਾਲ ਕੇਂਦਰ ਸਰਕਾਰ ਵੱਲੋਂ 14 ਫਰਵਰੀ ਨੂੰ ਕੀਤੀ ਜਾਣ ਵਾਲ਼ੀ ਮੀਟਿੰਗ 'ਤੇ ਵੀ ਸਵਾਲੀਆ ਨਿਸ਼ਾਨ ਲਾਇਆ ਹੈ। ਜ਼ਿਕਰਯੋਗ ਹੈ ਕਿ ਰਾਜਸਥਾਨ ਦੇ ਸੰਸਦ ਮੈਂਬਰ ਹਨੂੰਮਾਨ ਬੈਨੀਵਾਲ ਵੱਲੋਂ ਇਸ ਬਜਟ ਸੈਸ਼ਨ ਦੌਰਾਨ ਕਿਸਾਨ ਕਰਜ਼ਾ ਮੁਆਫ ਕਰਨ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕੇਂਦਰ ਵੱਲੋਂ ਇਹ ਕਹਿ ਕੇ ਸਾਫ ਪੱਲਾ ਝਾੜ ਲਿਆ ਗਿਆ ਕਿ ਕੇਂਦਰ ਦੀ ਅਜਿਹੀ ਕੋਈ ਯੋਜਨਾ ਨਹੀਂ ਹੈ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਕੇਂਦਰ 'ਤੇ ਵਾਅਦਾਖ਼ਿਲਾਫ਼ੀ ਦਾ ਦੋਸ਼ ਲਾਇਆ।

# ਡਿਪਟੀ ਕਮਿਸ਼ਨਰ ਵੱਲੋਂ ਸਾਕੇਤ ਹਸਪਤਾਲ ਦਾ ਅਚਨਚੇਤ ਦੌਰਾ, ਨਸ਼ਾ ਛੱਡਣ ਲਈ ਦਾਖਲ ਵਿਅਕਤੀਆਂ ਨਾਲ ਗੱਲਬਾਤ ਕਰਕੇ ਫੀਡਬੈਕ ਕੀਤੀ ਹਾਸਲ

## ਡਾ. ਪ੍ਰੀਤੀ ਯਾਦਵ ਵੱਲੋਂ ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਰਾਹੀਂ ਰੋਜ਼ਗਾਰ ਤੇ ਸਵੈ ਰੋਜ਼ਗਾਰ ਦੇ ਮੌਕੇ ਪ੍ਰਦਾਨ 'ਤੇ ਜ਼ੋਰ

**ਪਟਿਆਲਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਰੈੱਡ ਕਰਾਸ ਨਸ਼ਾ ਮੁਕਤੀ ਤੇ ਮੁੜ ਵਸੇਬਾ ਕੇਂਦਰ ਸਾਕੇਤ ਹਸਪਤਾਲ ਦਾ ਅਚਨਚੇਤ ਦੌਰਾ ਕਰਕੇ ਨਸ਼ਾ ਛੱਡਣ ਲਈ ਇਥੇ ਦਾਖਲ ਵਿਅਕਤੀਆਂ ਨਾਲ ਗੱਲਬਾਤ ਕਰਕੇ ਫੀਡਬੈਕ ਹਾਸਲ ਕੀਤੀ। ਇਸ ਮੌਕੇ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਟਿਆਲਾ ਜ਼ਿਲ੍ਹੇ ਦੇ ਨਸ਼ਾ ਛਡਾਊ ਕੇਂਦਰਾਂ ਵਿੱਚ ਇਲਾਜ ਕਰਵਾ ਰਹੇ ਮਰੀਜ਼ਾ ਨੂੰ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਰਜਿਸਟਰ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਰੋਜ਼ਗਾਰ ਤੇ ਸਵੈ ਰੋਜ਼ਗਾਰ ਦੇ ਬਿਹਤਰ ਮੌਕੇ ਪ੍ਰਦਾਨ ਕੀਤੇ ਜਾਣਗੇ ਤਾਂ ਜੋ ਉਹ ਆਤਮ ਨਿਰਭਰ ਹੋਕੇ ਸਮਾਜ ਦੀ ਮੁਖਧਾਰਾ ਨਾਲ ਚੱਲ ਸਕਣ। ਇਸ ਮੌਕੇ ਉਨ੍ਹਾਂ ਦੇ ਨਾਲ ਏ.ਡੀ.ਸੀ (ਜ) ਇਸ਼ਾ ਸਿੰਗਲ ਵੀ ਮੌਜੂਦ ਸਨ।




ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਸਾਕੇਤ ਹਸਪਤਾਲ ਦਾ ਦੌਰਾ ਕਰਦੇ ਹੋਏ।

ਡਾ. ਪ੍ਰੀਤੀ ਯਾਦਵ ਨੇ ਹਸਪਤਾਲ ਦੀ ਪ੍ਰਾਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਨੂੰ ਹਦਾਇਤ ਕੀਤੀ ਕਿ ਨਸ਼ਾ ਛੱਡ ਚੁੱਕੇ ਮਰੀਜ਼ਾ ਦੀ ਲਗਾਤਾਰ ਟੈਲੀ ਕਾਊਂਸਲਿੰਗ (ਫ਼ੋਨ ਜਰੀਏ) ਕੀਤੀ ਜਾਵੇਗੀ ਤਾਂ ਕਿ ਉਨ੍ਹਾਂ ਨੂੰ ਲਗਾਤਾਰ ਮੋਟੀਵੇਸ਼ਨ ਮਿਲਦੀ ਰਹੇ। ਉਨ੍ਹਾਂ ਕਿਹਾ ਕਿ ਹਸਪਤਾਲ ਤੋਂ ਛੁੱਟੀ ਹੋਣ ਉਪਰੰਤ ਪਹਿਲਾਂ ਹਰੇਕ ਹਫ਼ਤੇ, ਫੇਰ 15 ਦਿਨਾਂ ਬਾਅਦ ਅਤੇ ਫੇਰ ਮਹੀਨੇ ਵਿੱਚ ਇੱਕ ਵਾਰ ਜ਼ਰੂਰ ਉਨ੍ਹਾਂ ਨਾਲ ਗੱਲ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਠੀਕ ਹੋਕੇ ਜਾ ਰਹੇ ਮਰੀਜ਼ਾਂ ਦਾ ਵੱਟਸਐਪ ਗਰੁੱਪ ਵੀ ਬਣਾਇਆ ਜਾਵੇ ਜਿਥੇ ਉਹ ਆਪਣੀਆਂ ਸਮੱਸਿਆਵਾਂ ਦੱਸ ਸਕਣ ਤੇ ਮਾਹਰ ਡਾਕਟਰ ਤੇ ਮਨੋਵਿਗਿਆਨੀ ਆਪਣੀ ਰਾਏ ਦੇ ਸਕਣ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਜ਼ਿਲ੍ਹੇ ਦੇ ਸਾਰੇ ਨਸ਼ਾ ਛਡਾਊ ਕੇਂਦਰਾਂ ਵਿੱਚ ਇਲਾਜ ਕਰਵਾ ਰਹੇ ਮਰੀਜ਼ਾ ਦੇ ਹੁਨਰ ਵਿਕਾਸ ਲਈ ਕਿੱਤਾ ਮੁਖੀ ਕੋਰਸ ਸ਼ੁਰੂ ਕੀਤੇ ਜਾਣਗੇ, ਤਾਂ ਜੋ ਉਨ੍ਹਾਂ ਦਾ ਨਸ਼ਾ ਛੱਡਣ ਮਗਰੋਂ ਸਮਾਜ ਵਿੱਚ ਮੁੜਵਸੇਬਾ ਸੁਖਾਲਾ ਹੋ ਸਕੇ। ਉਨ੍ਹਾਂ ਕਿਹਾ ਕਿ ਹਰੇਕ ਕੋਰਸ ਲਈ 30 ਵਿਅਕਤੀਆਂ ਦਾ ਗਰੁੱਪ ਬਣਾ ਕੇ ਉਨ੍ਹਾਂ ਦੀ ਇੱਛਾ ਅਨੁਸਾਰ ਏ.ਸੀ. ਰਿਪੇਅਰ, ਵੈਲਡਰ, ਪਲੰਬਰ ਆਦਿ ਵਰਗੇ ਟਰੇਨਿੰਗ ਪ੍ਰੋਗਰਾਮ ਕਰਵਾਏ ਜਾਣਗੇ ਅਤੇ ਜੇਕਰ ਇਕ ਸੈਂਟਰ 'ਤੇ 30 ਤੋਂ ਘੱਟ ਵਿਅਕਤੀ ਇਕ ਕੋਰਸ ਵਿੱਚ ਹੋਣਗੇ ਤਾਂ ਉੱਥੇ ਦੂਸਰੇ ਸੈਂਟਰਾਂ ਤੋਂ ਬੱਸ ਰਾਹੀਂ ਉਨ੍ਹਾਂ ਨੂੰ ਲਿਆਂਦਾ ਜਾਵੇਗਾ ਅਤੇ ਟਰੇਨਿੰਗ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬਾਹਰਲੇ ਜ਼ਿਲ੍ਹਿਆਂ ਤੋਂ ਦਾਖਲ ਮਰੀਜ਼ਾਂ ਨੂੰ ਵੀ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਸਬੰਧਤ ਜ਼ਿਲ੍ਹੇ ਦੇ ਰੋਜ਼ਗਾਰ ਬਿਊਰੋ ਨਾਲ ਰਾਬਤਾ ਕਰਕੇ ਉਨ੍ਹਾਂ ਦੀ ਰਜਿਸਟਰੇਸ਼ਨ ਕਰਵਾਈ ਜਾਵੇਗੀ।

ਡਾ. ਪ੍ਰੀਤੀ ਯਾਦਵ ਨੇ ਸਾਕੇਤ ਹਸਪਤਾਲ ਦੀ ਖ਼ਾਲੀ ਪਈ ਜ਼ਮੀਨ 'ਤੇ ਮੱਛੀ ਪਾਲਣ, ਮਧੂ ਮੱਖੀ ਪਾਲਣ, ਵਰਮੀ ਕਪੋਸਟ (ਗੰਡੋਇਆਂ ਖਾਦ) ਵਰਗੇ ਸਹਾਇਕ ਧੰਦੇ ਸ਼ੁਰੂ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਸਬੰਧਤ ਵਿਭਾਗਾਂ ਨਾਲ ਰਾਬਤਾ ਕਰਕੇ ਅਜਿਹੇ ਕਿੱਤੇ ਸ਼ੁਰੂ ਕੀਤੇ ਜਾਣ ਤਾਂ ਜੋ ਇਥੇ ਇਲਾਜ ਕਰਵਾ ਰਹੇ ਮਰੀਜ਼ ਵੀ ਆਪਣਾ ਕੁਝ ਸਮਾਂ ਅਜਿਹੇ ਉਸਾਰੂ ਕੰਮਾਂ ਵਿੱਚ ਵੀ ਬਤੀਤ ਕਰ ਸਕਣ। ਉਨ੍ਹਾਂ ਕਿਹਾ ਕਿ ਖ਼ਾਲੀ ਪਈ ਜ਼ਮੀਨ ਵਿੱਚ ਕੇ.ਵੀ.ਕੇ ਰਾਹੀਂ ਮੌਸਮੀ ਫ਼ਸਲਾਂ ਦੀ ਕਾਸ਼ਤ ਵੀ ਕਰਵਾਈ ਜਾਵੇ।

ਇਸ ਦੌਰਾਨ ਦਾਖਲ ਮਰੀਜ਼ਾਂ ਵੱਲੋਂ ਵੀ ਹੁਨਰ ਸਿਖਲਾਈ ਕੋਰਸਾਂ ਲਈ ਉਤਸ਼ਾਹ ਦਿਖਾਇਆ ਗਿਆ ਅਤੇ ਟ੍ਰੇਨਿੰਗ ਪ੍ਰਾਪਤ ਕਰਕੇ ਸਮਾਜ ਦੀ ਮੁੱਖ ਧਾਰਾ 'ਚ ਸ਼ਾਮਲ ਹੋਣ ਦਾ ਉਨ੍ਹਾਂ ਅਹਿਦ ਵੀ ਲਿਆ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਜਸਵਿੰਦਰ ਸਿੰਘ ਤੇ ਡਾ. ਸੰਦੀਪ ਸਿੰਘ ਵੀ ਮੌਜੂਦ ਸਨ।

# ਬੱਚਿਆਂ ਨੂੰ ਨੈਤਿਕ ਸਿੱਖਿਆ ਦੇਣ ਲਈ ਕੈਂਪ ਲਾਇਆ




ਸਟੱਡੀ ਸਰਕਲ ਦੇ ਪ੍ਰਬੰਧਕ ਪਰਮਜੀਤ ਸਿੰਘ ਅਤੇ ਨਰਿੰਦਰ ਸਿੰਘ ਇੱਕ ਬੱਚੇ ਨੂੰ ਸਨਮਾਨ ਦਿੰਦੇ ਹੋਏ।

**ਪਟਿਆਲਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਬਸੰਤ ਪੰਚਮੀ ਮੌਕੇ ਬਾਬਾ ਬੰਦਾ ਸਿੰਘ ਬਹਾਦਰ ਸਟੱਡੀ ਸਰਕਲ ਵਲੋਂ ਬੱਚਿਆਂ ਨੂੰ ਨੈਤਿਕ ਸਿਖਿਆ ਅਤੇ ਗੁਰਮਤਿ ਨਾਲ ਜੋੜਨ ਲਈ ਵਿਰਸਾ ਕੈਂਪ ਲਾਇਆ ਗਿਆ ਜਿਸ ਦੌਰਾਨ 350 ਤੋਂ ਵੱਧ ਬੱਚਿਆਂ ਨੇ ਭਾਗ ਲਿਆ। ਕੈਂਪ ਵਿਚ ਬੱਚਿਆਂ ਨੂੰ 10 ਗੁਰੂ ਸਾਹਿਬਾਨ, ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਪੰਜ ਤਖਤਾਂ ਅਤੇ ਪੰਜ ਕਕਾਰਾਂ ਆਦਿ 'ਤੇ ਆਧਾਰਿਤ ਗੁਰਮਤਿ ਦੀ ਮੁਢਲੀ ਜਾਣਕਾਰੀ ਦਿੱਤੀ ਗਈ। ਬੱਚਿਆਂ ਨੇ ਪੰਜਾਬੀ ਲਿਖਣ, ਗੁਰਮੰਤਰ ਲਿਖਣ ਅਤੇ ਰੰਗ ਭਰਨ ਵਰਗੀਆਂ ਕਈ ਗਤੀਵਿਧੀਆਂ ਵਿਚ ਭਾਗ ਲਿਆ। ਸਵਾਲਾਂ ਦੇ ਜਵਾਬ ਦੇਣ ਅਤੇ ਗੁਰਬਾਣੀ ਸੁਣਾਉਣ ਵਾਲੇ ਬੱਚਿਆਂ ਨੂੰ ਇਨਾਮ ਦਿੱਤੇ ਗਏ। ਇਹ ਸਾਰਾ ਪ੍ਰੋਗਰਾਮ ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ ਨੇਪਰੇ ਚੜ੍ਹਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਲੋਕਾਂ ਦੇ ਸਹਿਯੋਗ ਤੋਂ ਬਗੈਰ ਸਰਕਾਰ ਅਤੇ ਪੁਲਿਸ ਨਸ਼ੇ ਨਹੀਂ ਰੋਕ ਸਕਦੀ: ਵਿਧਾਇਕ

**ਨਾਭਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਰਿਆਸਤ-ਏ-ਨਾਭਾ ਪ੍ਰੈੱਸ ਕਲੱਬ ਵੱਲੋਂ ਨਾਭਾ ਡਾਈਟ ਵਿੱਚ ਨਸ਼ਿਆਂ ਖ਼ਿਲਾਫ਼ ਸੈਮੀਨਾਰ ਕਰਵਾਇਆ ਗਿਆ। ਸੈਮੀਵਾਰ 'ਚ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਜ਼ਿਲ੍ਹਾ ਪੁਲੀਸ ਅਧਿਕਾਰੀ ਅਤੇ ਡਾ. ਹਰਸ਼ਿੰਦਰ ਕੌਰ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਡਾ. ਹਰਸ਼ਿੰਦਰ ਕੌਰ ਨੇ ਰਾਜਪਾਲ ਨਾਲ ਇੱਕ ਮੀਟਿੰਗ ਵਿੱਚ ਆਏ ਵਿਚਾਰਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸੂਬੇ ਵਿੱਚ ਨਸ਼ਿਆਂ ਦੇ ਵਪਾਰ ਪਿੱਛੇ ਸਿਆਸਤਦਾਨ, ਪੁਲੀਸ ਅਤੇ ਅਫ਼ਸਰਸ਼ਾਹੀ ਦਾ ਇੱਕ ਗੱਠਜੋੜ ਹੈ। ਉਨ੍ਹਾਂ ਕਿਹਾ ਕਿ ਵਿਆਹ ਸਮਾਗਮਾਂ 'ਚ ਹੁੱਕਾ ਪਾਰਟੀ, ਨਸ਼ਿਆਂ ਦਾ ਪ੍ਰਦਰਸ਼ਨ, ਘਰੇਲੂ ਹਿੰਸਾ ਤੇ ਬੱਚਿਆਂ ਦੇ ਸਰੀਰਕ ਸ਼ੋਸ਼ਣ ਆਦਿ ਨੂੰ ਗੰਭੀਰਤਾ ਨਾਲ ਲੈਣ ਦੀ ਅਪੀਲ ਕੀਤੀ।

ਇਸ ਮੌਕੇ ਜਿੱਥੇ ਐੱਸਪੀ ਸਰਫਰਾਜ਼ ਨੇ ਬੇਰੁਜ਼ਗਾਰੀ ਅਤੇ ਖੇਡ ਸਹੂਲਤਾਂ ਦੀ ਕਮੀ ਨੂੰ ਨਸ਼ਿਆਂ ਦੇ ਵਿਸਤਾਰ ਲਈ ਜ਼ਿੰਮੇਵਾਰ ਦੱਸਿਆ ਉਥੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੇ ਸਹਿਯੋਗ ਤੋਂ ਬਗੈਰ ਨਸ਼ਿਆਂ 'ਤੇ ਠੱਲ੍ਹ ਪਾਉਣਾ ਮੁਸ਼ਕਲ ਹੈ।

ਉਨ੍ਹਾਂ ਦੱਸਿਆ ਕਿ ਸਾਧੋਹੇੜੀ ਪਿੰਡ 'ਚ ਨਸ਼ਿਆਂ ਨਾਲ ਫੌਤ ਹੋਏ ਇੱਕ ਨੌਜਵਾਨ ਦਾ ਡਰਿਆ ਹੋਇਆ ਪਰਿਵਾਰ ਕੋਈ ਕਾਰਵਾਈ ਕਰਵਾਉਣ ਤੋਂ ਇਨਕਾਰੀ ਰਿਹਾ। ਇਸ ਮੌਕੇ ਛੋਟੇ ਬੱਚਿਆਂ ਨੇ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਨਾਟਕ ਵੀ ਖੇਡਿਆ। ਇਸ ਮੌਕੇ ਡੀਐੱਸਪੀ ਮਨਦੀਪ ਕੌਰ ਨੇ ਨੌਜਵਾਨ ਬੱਚਿਆਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ। ਪ੍ਰੈੱਸ ਕਲੱਬ ਦੇ ਪ੍ਰਧਾਨ ਭੁਪਿੰਦਰ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਧੋਖਾਧੜੀ ਦੇ ਦੋਸ਼ ਹੇਠ ਤਿੰਨ ਖ਼ਿਲਾਫ਼ ਕੇਸ ਦਰਜ; ਮਾਮਲੇ 'ਚ ਇਕ ਗ੍ਰਿਫ਼ਤਾਰ

**ਸਮਾਣਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਸਦਰ ਪੁਲੀਸ ਨੇ ਜਸਵਿੰਦਰ ਸਿੰਘ ਵਾਸੀ ਪਿੰਡ ਟੋਡਰਪੁਰ ਦੀ ਸ਼ਿਕਾਇਤ 'ਤੇ ਤਿੰਨ ਜਣਿਆਂ ਖ਼ਿਲਾਫ਼ ਲੱਖਾਂ ਰੁਪਏ ਦੀ ਧੋਖਾਧੜੀ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਇਸ ਮਾਮਲੇ ਵਿੱਚ ਪੁਲੀਸ ਨੇ ਸ਼ਿਕਾਇਤਕਰਤਾ ਦੀ ਸੱਸ ਮਲਕੀਤ ਕੌਰ ਨੂੰ ਗ੍ਰਿਫ਼ਤਾਰ ਕਰਕੇ ਇਕ ਰੋਜ਼ਾ ਪੁਲੀਸ ਰਿਮਾਂਡ ਹਾਸਲ ਕਰ ਲਿਆ। ਥਾਣਾ ਸਦਰ ਦੇ ਮੁਖੀ ਅਵਤਾਰ ਸਿੰਘ ਨੇ ਦੱਸਿਆ ਕਿ ਜਸਵਿੰਦਰ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਸ ਦਾ ਵਿਆਹ 2012 ਵਿੱਚ ਹਰਪ੍ਰੀਤ ਕੌਰ ਵਾਸੀ ਪਿੰਡ ਚੁਨਾਗਰਾਂ ਨਾਲ ਹੋਇਆ ਸੀ। ਕੁਝ ਸਮਾਂ ਪਹਿਲਾਂ ਉਸ ਦੀ ਪਤਨੀ ਆਸਟਰੇਲੀਆ ਰਹਿੰਦੇ ਉਸ ਦੇ ਸਾਲੇ ਗੁਰਵਿੰਦਰ ਸਿੰਘ ਕਲੇਰ ਕੋਲ ਬੱਚੇ ਸਣੇ ਚਲੀ ਗਈ। ਕੁਝ ਮਹੀਨੇ ਬਾਅਦ ਪਤਨੀ ਨੇ ਉਸ ਦਾ ਮੋਬਾਈਲ ਨੰਬਰ ਬਲੌਕ ਕਰਕੇ ਗੱਲ ਕਰਨੀ ਬੰਦ ਕਰ ਦਿੱਤੀ ਤੇ ਨਾ ਹੀ ਬੱਚੇ ਨਾਲ ਗੱਲ ਕਰਵਾਈ। ਇਸ ਮਗਰੋਂ ਸਾਲੇ ਗੁਰਵਿੰਦਰ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਵੱਡੇ ਭਰਾ ਨਾਲ ਗੱਲ ਕਰ ਲਓ। ਉਸ ਨੇ ਅੱਗੇ ਦੱਸਿਆ ਕਿ ਜਦੋਂ ਵੱਡੇ ਸਾਲੇ ਸੁਖਜਿੰਦਰ ਨਾਲ ਗੱਲ ਕੀਤੀ ਤਾਂ ਉਸ ਨੇ ਹਰਪ੍ਰੀਤ ਕੌਰ ਨੂੰ ਤਲਾਕ ਦੇਣ ਦੀ ਗੱਲ ਕੀਤੀ। ਪੀੜਤ ਨੇ ਪੁਲੀਸ ਦੇ ਉੱਚ ਅਧਿਕਾਰੀਆਂ ਨੂੰ ਦਰਖਾਸਤ ਦੇ ਕੇ ਇਨਸਾਫ ਦੀ ਮੰਗ ਕੀਤੀ ਹੈ। ਪੀੜਤ ਨੇ ਦੱਸਿਆ ਕਿ ਉਸ ਦੇ ਸਹੁਰਾ ਪਰਿਵਾਰ ਨੇ ਉਸ ਤੋਂ ਲਗਪਗ 14 ਲੱਖ ਰੁਪਏ ਨਕਦ, 5 ਲੱਖ ਰੁਪਏ ਆਰ.ਟੀ.ਜੀ.ਐਸ ਰਾਹੀਂ ਤੇ 13 ਤੋਲੇ ਸੋਨਾ ਵਾਪਸ ਨਾ ਕਰ ਕੇ ਉਸ ਨਾਲ ਧੋਖਾਧੜੀ ਕੀਤੀ ਹੈ। ਪੁਲੀਸ ਅਨੁਸਾਰ ਪੀੜਤ ਦੀ ਸੱਸ ਮਲਕੀਤ ਕੌਰ, ਪਤਨੀ ਹਰਪ੍ਰੀਤ ਕੌਰ ਤੇ ਸਾਲੇ ਸੁਖਜਿੰਦਰ ਸਿੰਘ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕਰ ਕੇ ਜਾਂਚ ਕੀਤੀ ਜਾ ਰਹੀ ਹੈ।

# ਅਕਾਲੀ ਦਲ ਦੀ ਭਰਤੀ ਸਬੰਧੀ ਸੱਤ ਮੈਂਬਰੀ ਕਮੇਟੀ ਦੀ ਮੀਟਿੰਗ 11 ਨੂੰ

**ਪਟਿਆਲਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਲ ਤਖ਼ਤ ਵੱਲੋਂ 2 ਦਸੰਬਰ ਨੂੰ ਪੰਥਕ ਏਕਤਾ ਲਈ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਗਠਿਤ ਕੀਤੀ ਗਈ ਸੱਤ ਮੈਂਬਰੀ ਕਮੇਟੀ ਦੀ ਪਹਿਲੀ ਮੀਟਿੰਗ ਅੱਜ ਬਹਾਦਰਗੜ੍ਹ ਸਥਿਤ ਟੌਹੜਾ ਇੰਟੀਟਿਊਟ ਵਿੱਚ ਹੋਈ। ਬੈਠਕ ਵਿਚ ਲੰਮੀ ਵਿਚਾਰ ਚਰਚਾ ਮਗਰੋਂ 11 ਫਰਵਰੀ ਨੂੰ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਸੱਦਣ ਦਾ ਫੈਸਲਾ ਕੀਤਾ ਗਿਆ। ਭੂੰਦੜ ਤੋਂ ਉਨਾਂ ਦੀ ਰਾਇ ਲਈ ਜਾਵੇਗੀ ਕਿ ਉਹ ਇਸ ਕਮੇਟੀ ਨੂੰ ਮੰਨਦੇ ਹਨ ਜਾਂ ਨਹੀਂ। ਇਸ ਤਰ੍ਹਾਂ ਜੇ ਭੂੰਦੜ ਦਾ ਜਵਾਬ ਹਾਂ ਵਿੱਚ ਹੋਇਆ, ਤਾਂ ਅਕਾਲੀ ਦਲ ਬਾਦਲ ਵੱਲੋਂ ਹੁਣ ਤੱਕ ਕੀਤੀ ਗਈ ਭਰਤੀ ਖਾਰਜ ਹੋ ਜਾਵੇਗੀ ਤੇ ਫਿਰ ਇਸ ਕਮੇਟੀ ਦੀ ਨਿਗਰਾਨੀ ਹੇਠ ਦੁਬਾਰਾ ਭਰਤੀ ਕੀਤੀ ਜਾਵੇਗੀ।



ਮੀਟਿੰਗ 'ਚ ਸ਼ਾਮਲ ਮੈਂਬਰਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ, ਮਨਪ੍ਰੀਤ ਸਿੰਘ ਇਆਲੀ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰ, ਇਕਬਾਲ ਸਿੰਘ ਝੂੰਦਾਂ ਅਤੇ ਬੀਬੀ ਸਤਵੰਤ ਕੌਰ (ਸਵ. ਭਾਈ ਅਮਰੀਕ ਸਿੰਘ ਦੀ ਧੀ) ਸ਼ਾਮਲ ਸਨ।

# ਅਕਾਲ ਅਕੈਡਮੀ ਵੱਲੋਂ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਰੈਲੀ




ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਰੈਲੀ ਕਰਦੇ ਹੋਏ ਵਿਦਿਆਰਥੀ।

**ਪਟਿਆਲਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਲ ਅਕਾਦਮੀ ਬਲਬੇੜਾ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜਾਗਰੂਕਤਾ ਫੈਲਾਉਣ ਲਈ ਨਸ਼ਿਆਂ ਖ਼ਿਲਾਫ਼ ਰੈਲੀ ਕੀਤੀ ਗਈ। ਇਸ ਦੌਰਾਨ ਜਿੱਥੇ ਪਹਿਲਾਂ ਨਸ਼ਿਆਂ ਖ਼ਿਲਾਫ਼ ਹੋਕਾ ਦਿੰਦਾ ਨਾਟਕ ਖੇਡਿਆ ਗਿਆ ਉਥੇ ਬਾਅਦ 'ਚ ਇਲਾਕੇ ਅੰਦਰ ਜਾਗਰੂਕਤਾ ਰੈਲੀ ਕੱਢ ਕੇ ਚੰਗੇ ਸਮਾਜ ਦੀ ਉਸਾਰੀ ਦਾ ਸੱਦਾ ਦਿੱਤਾ। ਵਿਦਿਆਰਥੀਆਂ ਨੇ ਨਸ਼ਿਆਂ ਖ਼ਿਲਾਫ਼ ਵੱਖ ਵੱਖ ਤਰ੍ਹਾਂ ਦੇ ਨਾਅਰਿਆਂ ਵਾਲੇ ਬੋਰਡ ਤੇ ਫਲੈਕਸ ਵੀ ਚੁੱਕੇ ਹੋਏ ਸਨ। ਅਧਿਆਪਕਾਂ ਨੇ ਨੌਜਵਾਨਾਂ ਨੂੰ ਆਪੋ-ਆਪਣੇ ਪਿੰਡਾਂ ਅੰਦਰ ਵੀ ਨਸ਼ਿਆਂ ਦੇ ਮਾੜੇ ਤੇ ਮਾਰੂ ਪ੍ਰਭਾਵਾਂ ਤੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰੇਰਿਆ। ਇਸ ਦੌਰਾਨ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨਸ਼ਾ ਮੁਕਤ ਜੀਵਨ ਇੱਕ ਸਿਹਤਮੰਦ ਅਤੇ ਉੱਜਵਲ ਭਵਿੱਖ ਦੀ ਕੁੰਜੀ ਹੈ।

ਸਕੂਲ ਪ੍ਰਿੰਸੀਪਲ ਕਮ ਮੈਗਾ ਕਲਸਟਰ ਹੈੱਡ ਅਕਾਲ ਅਕਾਦਮੀ ਬਲਬੇੜਾ ਮੀਰਾ ਵਰਮਾ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਸੱਦਾ ਦਿੱਤਾ ਕਿ ਸੰਸਥਾ ਦੇ ਸਾਰੇ ਵਿਦਿਆਰਥੀ ਤੇ ਅਧਿਆਪਕ ਨਸ਼ਿਆਂ ਖ਼ਿਲਾਫ਼ ਅਜਿਹਾ ਸੁਨੇਹਾਂ ਪਿੰਡ-ਪਿੰਡ ਤੇ ਘਰ-ਘਰ ਪਹੁੰਚਾਉਣ। ਪੰਜਾਬ ਨੂੰ ਨਸ਼ਾ ਰਹਿਤ ਬਣਾਉਣ ਲਈ ਹਰੇਕ ਨੂੰ ਯੋਗਦਾਨ ਪਾਉਣ ਦੀ ਵੱਡੀ ਲੋੜ ਹੈ। ਇਸ ਮੌਕੇ ਵਿਦਿਆਰਥੀਆਂ ਦੀ ਹੌਸਲਾ-ਅਫਜ਼ਾਈ ਵੀ ਕੀਤੀ ਗਈ।

# ਸਮਾਣਾ ਦੇ ਬੱਸ ਅੱਡੇ 'ਚ ਰਾਜਾ ਵੜਿੰਗ ਵੱਲੋਂ ਰੱਖਿਆ ਨੀਂਹ ਪੱਥਰ ਤੋੜਿਆ

**ਸਮਾਣਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਪਿਛਲੀ ਕਾਂਗਰਸ ਸਰਕਾਰ ਦੇ ਆਖਰੀ ਸਮੇਂ ਦੌਰਾਨ ਚੋਣਾਂ ਤੋਂ ਐਨ ਪਹਿਲਾਂ ਸਥਾਨਕ ਬੱਸ ਸਟੈਂਡ ਦੇ ਨਵੀਨੀਕਰਨ ਸਬੰਧੀ ਉਸ ਸਮੇਂ ਦੇ ਟਰਾਂਸਪੋਰਟ ਮੰਤਰੀ ਤੇ ਮੌਜੂਦਾ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਵੱਲੋਂ ਰੱਖਿਆ ਨੀਂਹ ਪੱਥਰ ਰਾਤੋਂ ਰਾਤ ਕੁਝ ਵਿਅਕਤੀਆਂ ਨੇ ਤੋੜ ਦਿੱਤਾ। ਦੱਸਿਆ ਜਾ ਰਿਹੈ ਕਿ ਇਹ ਨੀਂਹ ਪੱਥਰ ਬੱਸ ਸਟੈਂਡ ਵਿਚ ਨੀਂਹ ਪੱਥਰ ਦੇ ਐਨ ਪਿੱਛੇ ਬਣਾਈ ਜਾ ਰਹੀ ਦੁਕਾਨ ਦੇ ਫਰੰਟ ਨੂੰ ਖੋਲ੍ਹਣ ਲਈ ਹਟਾਇਆ ਗਿਆ ਹੈ। ਹਾਲਾਂਕਿ ਅਧਿਕਾਰੀ ਨੀਂਹ ਪੱਥਰ ਹਟਾਉਣ ਨੂੰ ਤਾਂ ਗਲਤ ਦੱਸ ਰਹੇ ਹਨ ਪਰ ਕੋਈ ਵੀ ਅਧਿਕਾਰੀ ਇਸ ਪ੍ਰਤੀ ਕਾਰਵਾਈ ਦੀ ਗੱਲ ਨਹੀਂ ਕਰ ਰਿਹਾ।

ਇਸ ਪਿੱਛੇ ਕੋਈ ਰਾਜਨੀਤਕ ਕਾਰਨ ਹੈ ਜਾਂ ਕੋਈ ਹੋਰ ਕਾਰਨ ਇਹ ਤਾਂ ਉਹ ਅਧਿਕਾਰੀ ਹੀ ਦੱਸ ਸਕਦੇ ਹਨ ਪਰ ਉਸ ਸਮੇਂ ਦੇ ਕਾਂਗਰਸੀ ਵਿਧਾਇਕ ਕਾਕਾ ਰਾਜਿੰਦਰ ਸਿੰਘ ਨੇ ਇਸ ਨੂੰ ਸੱਤਾਧਾਰੀ ਸਰਕਾਰ ਦੀ ਸ਼ਹਿ 'ਤੇ ਕੀਤਾ ਗਿਆ ਕੰਮ ਦੱਸਿਆ ਅਤੇ ਇਸ ਦੀ ਸ਼ਿਕਾਇਤ ਕਰਕੇ ਸਬੰਧਤ ਵਿਅਕਤੀਆਂ ਖ਼ਿਲਾਫ਼ ਬਣਦੀ ਕਾਰਵਾਈ ਕਰਨ ਦੀ ਗੱਲ ਆਖੀ। ਜ਼ਿਕਰਯੋਗ ਹੈ ਕਿ ਚੋਣਾਂ ਤੋਂ ਐਨ ਪਹਿਲਾਂ ਕਾਂਗਰਸ ਪਾਰਟੀ ਦੀ ਸਰਕਾਰ ਦੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਬੱਸ ਸਟੈਂਡ ਦੇ




ਬੱਸ ਅੱਡੇ ਵਿੱਚ ਦੁਕਾਨਾਂ ਅੱਗੇ ਪਿਆ ਨੀਂਹ ਪੱਥਰ ਦਾ ਮਲਬਾ।

ਨਵੀਨੀਕਰਨ ਦਾ ਨੀਂਹ ਪੱਥਰ ਰੱਖਿਆ ਗਿਆ ਸੀ, ਜਿਸ ਦਾ ਟੈਂਡਰ ਵੀ ਲੱਗ ਗਿਆ ਸੀ ਪਰ ਚੋਣ ਜ਼ਾਬਤਾ ਲੱਗਣ ਕਾਰਨ ਇਸ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ। ਬੀਤੀ ਰਾਤ ਕੁੱਝ ਲੋਕਾਂ ਵੱਲੋਂ ਇਹ ਨੀਂਹ ਪੱਥਰ ਤੋੜ ਦਿੱਤਾ ਗਿਆ ਹੈ। ਦੱਸਿਆ ਇਹ ਜਾ ਰਿਹੈ ਕਿ ਇਹ ਨੀਂਹ ਪੱਥਰ ਜਿਸ ਜਗ੍ਹਾ 'ਤੇ ਲੱਗਾ ਹੋਇਆ ਸੀ ਉਸ ਜਗ੍ਹਾ 'ਤੇ ਨਵੀਂ ਦੁਕਾਨ ਦੀ ਉਸਾਰੀ ਕੀਤੀ ਗਈ ਹੈ ਜਿਨ੍ਹਾਂ ਆਪਣੀ ਦੁਕਾਨ ਦਾ ਫਰੰਟ ਖੋਲ੍ਹਣ ਲਈ ਇਸ ਨੀਂਹ ਪੱਥਰ ਨੂੰ ਕਥਿਤ ਤੋੜਿਆ ਹੈ। ਹਾਲਾਂਕਿ ਦੁਕਾਨਦਾਰ ਨੇ ਇਸ ਗੱਲ ਤੋਂ ਸਾਫ਼ ਇਨਕਾਰ ਕੀਤਾ ਅਤੇ ਕਿਹਾ ਕਿ ਇਹ ਨਗਰ ਕੌਂਸਲ ਵੱਲੋਂ ਹਟਾਇਆ ਗਿਆ ਹੈ ਜਿਸ ਨੂੰ ਦੂਸਰੀ ਜਗ੍ਹਾ 'ਤੇ ਤਬਦੀਲ ਕੀਤਾ ਜਾਣਾ ਹੈ।

ਇਸ ਬਾਰੇ ਐੱਸਡੀਐੱਮ ਤਰਸੇਮ ਚੰਦ ਨੇ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਨਹੀਂ ਹੈ ਤੇ ਇਸ ਬਾਰੇ ਉਹ ਕਾਰਜਸਾਧਕ ਅਫ਼ਸਰ ਕੋਲੋਂ ਪਤਾ ਕਰਨਗੇ। ਸਾਬਕਾ ਕਾਂਗਰਸੀ ਵਿਧਾਇਕ ਰਾਜਿੰਦਰ ਸਿੰਘ ਨੇ ਕਿਹਾ ਕਿ ਨੀਂਹ ਪੱਥਰ ਤੋੜਨਾ ਗਲਤ ਗੱਲ ਹੈ। ਉਨ੍ਹਾਂ ਕਿਹਾ ਕਿ ਇਹ ਸਭ ਸੱਤਾਧਾਰੀ ਪਾਰਟੀ ਦੀ ਸ਼ਹਿ 'ਤੇ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਉਹ ਬਣਦੀ ਕਾਨੂੰਨੀ ਕਾਰਵਾਈ ਕਰਨਗੇ।

**ਮਾਮਲੇ ਦੀ ਜਾਂਚ ਕਰਾਂਗੇ: ਈਓ**

ਨਗਰ ਕੌਂਸਲ ਦੇ ਕਾਰਜਸਾਧਕ ਅਧਿਕਾਰੀ ਬਰਜਿੰਦਰ ਸਿੰਘ ਨੇ ਕਿਹਾ ਕਿ ਨੀਂਹ ਪੱਥਰ ਨੂੰ ਤੋੜਿਆ ਨਹੀਂ ਜਾ ਸਕਦਾ। ਜੇਕਰ ਦੁਕਾਨ ਦੇ ਅੱਗੇ ਆ ਰਿਹਾ ਹੈ ਤਾਂ ਉਸ ਨੂੰ ਥੋੜ੍ਹਾ ਬਹੁਤ ਅੱਗੇ ਪਿੱਛੇ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਪਤਾ ਕਰਨਗੇ।

# ਵੰਨ-ਸੁਵੰਨ

## ਔਰਤਾਂ ਲਈ ਸਭ ਤੋਂ ਜ਼ਿਆਦਾ ਅਸੁਰੱਖਿਅਤ ਹਨ ਇਹ ਦੇਸ਼

ਆਸਟ੍ਰੇਲੀਆ ਦੇ ਮੈਲਬਰਨ ਵਿਚ ਰੇਪ ਦਾ ਅਜੀਬੋ ਗਰੀਬ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਵਿਅਕਤੀ ਨੇ ਆਪਣੀ ਗਰਲ ਫਰੈਂਡ ਦੀ ਜੁੜਵਾ ਭੈਣ ਨਾਲ ਬਲਾਤਕਾਰ ਕੀਤਾ। ਜਦੋਂ ਉਸਦੇ ਖਿਲਾਫ ਕੇਸ ਦਾਇਰ ਕੀਤਾ ਗਿਆ ਤਾਂ ਉਸਨੇ ਦੱਸਿਆ ਕਿ ਉਸਨੂੰ ਲੱਗਿਆ ਉਹ ਉਸਦੀ ਗਰਲ ਫਰੈਂਡ ਸੀ। ਹਾਲਾਂਕਿ ਵਿਅਕਤੀ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਚਾਹੇ ਆਸਟ੍ਰੇਲੀਆ ਹੋਵੇ ਜਾਂ ਭਾਰਤ, ਔਰਤਾਂ ਦੇ ਨਾਲ ਰੇਪ ਤੋਂ ਲੈ ਕੇ ਛੇੜਖਾਨੀ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਦੁਨੀਆਂ ਦੇ ਉਹ ਮੁਲਕ ਜਿਹਨਾਂ ਵਿਚ ਔਰਤਾਂ ਅਸੁਰੱਖਿਅਤ ਮੰਨੀਆਂ ਜਾਂਦੀਆਂ ਹਨ, ਦੀ ਲਿਸਟ ਕਾਫੀ ਲੰਮੀ ਹੈ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਇਹਨਾਂ ਮੁਲਕਾਂ ਵਿਚ ਭਾਰਤ ਤੋਂ ਲੈ ਕੇ ਪਾਕਿਸਤਾਨ ਅਤੇ ਥਾਈਲੈਂਡ ਤੱਕ ਸ਼ਾਮਲ ਹਨ। ਚਾਹੇ ਦੁਨੀਆਂ ਕਿੰਨੀ ਵੀ ਤਰੱਕੀ ਕਰ ਲਵੇ, ਔਰਤਾਂ ਦੇ ਲਈ ਅੱਜ ਵੀ ਆਜ਼ਾਦੀ ਨਾਲ ਘੁੰਮਣਾ ਮੁਸ਼ਕਿਲ ਹੈ। ਉਹ ਆਸਾਨੀ ਨਾਲ ਰੇਪ ਅਤੇ ਛੇੜਖਾਨੀ ਦਾ ਸ਼ਿਕਾਰ ਹੋ ਜਾਂਦੀਆਂ ਹਨ। ਫੋਰਬਸ ਨੇ ਔਰਤਾਂ ਦੇ ਲਈ ਅਸੁਰੱਖਿਅਤ ਮੁਲਕਾਂ ਦੀ ਲਿਸਟ ਜਾਰੀ ਕੀਤੀ ਹੈ।



### ਅਫਗਾਨਿਸਤਾਨ

ਅਫਗਾਨਿਸਤਾਨ ਨੂੰ ਔਰਤਾਂ ਦੇ ਨਾਲ ਹੋਣ ਵਾਲੇ ਅਪਰਾਧਾਂ ਵਿਚ ਸਭ ਤੋਂ ਉਪਰ ਰੱਖਿਆ ਜਾਂਦਾ ਹੈ। ਇੱਥੇ ਅਨਪੜ੍ਹ ਔਰਤਾਂ ਦੀ ਗਿਣਤੀ 87 ਫੀਸਦੀ ਹੈ। ਜਦਕਿ 70 ਤੋਂ 80 ਫੀਸਦੀ ਔਰਤਾਂ ਦਾ ਜਬਰੀ ਵਿਆਹ ਕਰ ਦਿੱਤਾ ਜਾਂਦਾ ਹੈ। 54 ਫੀਸਦੀ ਔਰਤਾਂ ਦਾ ਵਿਆਹ 16 ਤੋਂ 19 ਸਾਲ ਦੀ ਉਮਰ ਵਿਚ ਕਰ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਭਾਰੀ ਗਿਣਤੀ ਵਿਚ ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ ਵੀ ਹੁੰਦੀਆਂ ਹਨ।




### ਮੈਕਸੀਕੋ

ਮੈਕਸੀਕੋ ਦੀ ਕਾਨੂੰਨ ਵਿਵਸਥਾ ਘਰੇਲੂ ਅਤੇ ਸੈਕਸੂਅਲ ਹਿੰਸਾ ਦਾ ਸ਼ਿਕਾਰ ਹੋਈਆਂ ਔਰਤਾਂ ਲਈ ਬਿਲਕੁਲ ਬੇਕਾਰ ਹੈ। ਇੱਥੇ ਕਾਫੀ ਘੱਟ ਔਰਤਾਂ ਹੀ ਆਪਣੇ ਨਾਲ ਹੋਏ ਜੁਰਮ ਦੇ ਖਿਲਾਫ ਆਵਾਜ਼ ਉਠਾ ਪਾਉਂਦੀਆਂ ਹਨ। ਜ਼ਿਆਦਾਤਰ ਔਰਤਾਂ ਖਾਮੋਸ਼ ਹੀ ਰਹਿੰਦੀਆਂ ਹਨ।



### ਕਾਂਗੋ

ਇਸ ਦੇਸ਼ ਵਿਚ ਪੁਰਸ਼ਾਂ ਅਤੇ ਔਰਤਾਂ ਵਿਚਕਾਰ ਕਾਫੀ ਵਿਤਕਰਾ ਕੀਤਾ ਜਾਂਦਾ ਹੈ। ਔਰਤਾਂ ਦੇ ਲਈ ਘਰੇਲੂ ਹਿੰਸਾ ਆਮ ਗੱਲ ਮੰਨੀ ਜਾਂਦੀ ਹੈ। ਅਮਰੀਕਨ ਜਰਨਲ ਆਫ ਪਬਲਿਕ ਹੈਲਥ ਦੇ ਮੁਤਾਬਕ ਕਾਂਗੋ ਵਿਚ ਹਰ ਦਿਨ ਕਰੀਬ 1150 ਔਰਤਾਂ ਕਾਮੁਕ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ।




### ਭਾਰਤ

ਇੱਥੇ ਔਰਤਾਂ ਗੈਂਗ ਰੇਪ ਤੋਂ ਲੈ ਕੇ ਬਾਲ ਵਿਆਹ ਅਤੇ ਮਨੁੱਖੀ ਸਮਗਲਿੰਗ ਦਾ ਸ਼ਿਕਾਰ ਹੁੰਦੀਆਂ ਹਨ। ਇੱਥੇ ਹੋਣ ਵਾਲੀਆਂ ਕਈ ਖੋਜਾਂ ਤੇ ਯਕੀਨ ਕਰੀਏ ਤਾਂ ਇਹਨਾ ਅਪਰਾਧਾਂ ਤੋਂ ਇਲਾਵਾ ਪਿਛਲੇ 30 ਸਾਲਾਂ ਤੋਂ ਇੱਥੇ ਕਰੀਬ 60 ਲੱਖ ਕੰਨਿਆ ਭਰੂਣ ਹੱਤਿਆਵਾਂ ਹੋ ਚੁੱਕੀਆਂ ਹਨ।

### ਇਜੀਪਟ

ਇੱਥੇ ਔਰਤਾਂ ਦੇ ਨਾਲ ਛੇੜਛਾੜ ਅਤੇ ਘਰੇਲੂ ਹਿੰਸਾ ਆਮ ਗੱਲ ਹੈ। ਇੱਥੋਂ ਦੀ ਕਾਨੂੰਨ ਵਿਵਸਥਾ ਵੀ ਔਰਤਾਂ ਦੇ ਅਧਿਕਾਰਾਂ ਦੀ ਸੁਰੱਖਿਆ ਨਹੀਂ ਕਰ ਪਾਉਂਦੀ। ਔਰਤਾਂ ਆਪਣੇ ਅਧਿਕਾਰਾਂ ਤੋਂ ਵਾਂਝੀਆਂ ਰੱਖੀਆਂ ਜਾਂਦੀਆਂ ਹਨ। ਕਿਸੇ ਵੀ ਅਪਰਾਧ ਦੀ ਸਜ਼ਾ ਆਖਿਰ ਵਿਚ ਔਰਤਾਂ ਨੂੰ ਹੀ ਭੁਗਤਣੀ ਪੈਂਦੀ ਹੈ।

## ਵਿੱਦਿਆ, ਵਿਦਿਆਰਥੀ ਅਤੇ ਚੁਣੌਤੀਆਂ



ਅੰਗਰੇਜ ਸਿੰਘ ਵਿੱਕੀ
ਮੋਬਾ. 98888 70822

ਬੇਸ਼ੱਕ ਦੇਸ਼ ਨੂੰ ਆਜਾਦ ਹੋਇਆ 73 ਸਾਲ ਹੋ ਚੁੱਕੇ ਹਨ ਪ੍ਰੰਤੂ ਐਨਾ ਜ਼ਿਆਦਾ ਸਮਾਂ ਬੀਤਣ ਉਪਰੰਤ ਵੀ ਗਰੀਬ ਵਰਗ ਦੀ ਹਾਲਤ ਵਿੱਚ ਕੋਈ ਖਾਸ ਸੁਧਾਰ ਨਹੀਂ ਹੋਇਆ ਦਿਸ ਰਿਹਾ, ਜੋ ਸਮੇਂ ਦੇ ਬੀਤਣ ਮੁਤਾਬਕ ਹੋਣਾ ਬਹੁਤ ਜ਼ਿਆਦਾ ਜ਼ਰੂਰੀ ਸੀ । ਜੇਕਰ ਗੱਲ ਇਕੱਲੇ ਪੰਜਾਬ ਦੀ ਹੀ ਕੀਤੀ ਜਾਵੇ ਤਾਂ ਪੰਜਾਬ ਵਿੱਚ ਇਸ ਸਮੇਂ ਗਰੀਬ ਵਰਗ ਦੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਾਪਤੀ ਕਰਨ ਵਿੱਚ ਬਰਾਬਰ ਦੇ ਮੌਕੇ/ਅਵਸਰ ਨਸੀਬ ਨਾ ਹੋਣ ਕਰਕੇ ਗਰੀਬ ਵਰਗ ਦੇ ਵਿਦਿਆਰਥੀ ਵਿੱਦਿਆ /ਸਿੱਖਿਆ ਦੇ ਖੇਤਰ ਵਿੱਚ ਦਿਨੋ ਦਿਨ ਪਛੜਦੇ ਹੀ ਜਾ ਰਹੇ ਹਨ ।ਆਮ ਦਿਹਾੜੀਦਾਰ ਆਦਮੀ ਮਿਹਨਤ ਮਜਦੂਰੀ ਨਾਲ ਤਾਂ ਮਸਾਂ ਹੀ ਆਪਣੇ ਪਰਿਵਾਰ ਦਾ ਗੁਜਾਰਾ ਚਲਾਓਦਾ ਹੈ। ਗਰੀਬ ਬੰਦਾ ਅਜੋਕੇ ਜਮਾਨੇ ਵਿੱਚ ਆਪਣੇ ਬੱਚਿਆਂ ਨੂੰ ਬਹੁਤ ਹੀ ਮੁਸਕਿਲ ਨਾਲ ਪਾਲਦਾ ਹੈ ।ਦਿਹਾੜੀਦਾਰ ਬੰਦਾ ਮਹਿੰਗੇ ਨਿੱਜੀ ਵਿੱਦਿਅਕ ਅਦਾਰਿਆਂ ਵਿੱਚ ਆਪਣੀ ਮਜ਼ਦੂਰੀ ਦੀ ਕਮਾਈ ਨਾਲ ਬੱਚੇ ਪੜਾਉਣ ਬਾਰੇ ਤਾਂ ਸੁਪਨਾ ਵੀ ਨਹੀਂ ਲੈ ਸਕਦਾ। ਬੇਸ਼ੱਕ ਭਾਰਤ ਰਤਨ ਡਾ . ਭੀਮ ਰਾਓ ਅੰਬੇਦਕਰ ਜੀ ਨੇ ਗਰੀਬਾਂ ਦੀ ਬਿਹਤਰੀ ਲਈ ਬਹੁਤ ਵੱਡਾ ਹੰਭਲਾ ਮਾਰਿਆ ਸੀ ਪ੍ਰੰਤੂ ਓਹਨਾਂ ਤੋਂ ਮਗਰੋਂ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਗਰੀਬਾਂ ਦੀ ਭਲਾਈ ਲਈ ਤਾਂ ਕੋਈ ਖਾਸ ਕਦਮ ਨਹੀਂ ਚੁੱਕੇ ਪ੍ਰੰਤੂ ਜਿਆਦਾਤਰ ਡਾ. ਭੀਮ ਰਾਓ ਅੰਬੇਦਕਰ ਜੀ ਦੇ ਨਾਮ ਤੇ ਵੋਟਾਂ ਹੀ ਵਟੋਰੀਆਂ ਹਨ। ਗਰੀਬ ਵਰਗ ਦੇ ਬੱਚੇ /ਵਿਦਿਆਰਥੀ ਸਿਰਫ ਸਰਕਾਰੀ ਵਿੱਦਿਅਕ ਅਦਾਰਿਆਂ ਤੱਕ ਹੀ ਸੀਮਿਤ ਹੋ ਕੇ ਰਹਿ ਗਏ ਹਨ,ਜਿਸ ਕਰਕੇ ਉਹ ਮੁਕਾਬਲੇ ਦੀ ਪ੍ਰੀਖਿਆ ਵਿੱਚ ਦੂਜੇ ਵਿਦਿਆਰਥੀਆਂ ਤੋਂ ਬਹੁਤ ਪਿੱਛੇ ਰਹਿ ਜਾਂਦੇ ਹਨ ਅਤੇ ਬਹੁਤੇ ਤਾਂ ਮਿਆਰੀ ਸਿੱਖਿਆ /ਵਿੱਦਿਆ ਦੀ ਘਾਟ ਕਰਕੇ ਮੁਕਾਬਲੇ ਦੀ ਪ੍ਰੀਖਿਆ ਦੇਣ ਬਾਰੇ ਸੋਚਦੇ ਤੱਕ ਵੀ ਨਹੀ। ਕਿਓਕਿ ਸਰਕਾਰੀ ਸਕੂਲਾਂ /ਕਾਲਜਾਂ ਵਿੱਚ ਵੱਡੇ ਪੱਧਰ ਤੇ ਅਧਿਆਪਕਾਂ ਦੀ ਆਸਾਮੀਆਂ ਲੰਬੇ ਸਮੇਂ ਤੋਂ ਖਾਲੀ ਹਨ । ਦੂਜੇ ਪਾਸੇ ਗਰੀਬ ਵਰਗ ਦੇ ਘਰਾਂ ਵਿੱਚ ਵੀ ਆਧੁਨਿਕ ਸਹੂਲਤਾਂ ਨਾ ਹੋਣ ਕਰਕੇ ਗਰੀਬ ਵਿਦਿਆਰਥੀਆਂ ਦੀ ਪੜ੍ਹਾਈ ਦਾ ਵੀ ਬਹੁਤ ਜਿਆਦਾ ਨੁਕਸਾਨ ਹੋ ਜਾਂਦਾ ਹੈ। ਕਰੋਨਾ ਦੇ ਸਮੇਂ ਦੌਰਾਨ ਤਾਂ ਗਰੀਬ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਹੀ ਜਿਆਦਾ ਨੁਕਸਾਨ ਹੋਇਆ ਹੈ। ਕਿਓਂਕਿ ਮੋਬਾਇਲ ਫੋਨ ਤੇ ਹੀ ਪੜ੍ਹਾਈ ਹੋਣ ਕਰਕੇ ਗਰੀਬ ਵਿਦਿਆਰਥੀ ਮਹਿੰਗੇ ਭਾਅ ਦੇ ਮੋਬਾਇਲ ਫੋਨ ਖਰੀਦਣ ਤੋਂ ਅਸਮਰਥ ਸਨ ।ਜਿਸ ਕਰਕੇ ਜਿੱਥੇ ਗਰੀਬ ਵਰਗ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਵੱਡਾ ਨੁਕਸਾਨ ਹੋਇਆ ਓਥੇ ਓਹ ਵੱਡੇ ਪੱਧਰ ਤੇ ਹੀਣ ਭਾਵਨਾ ਦਾ ਵੀ ਸਿਕਾਰ ਹੋਏ ।ਪਿਛਲੇ ਸਾਲ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਗਰੀਬ ਵਰਗ ਦੇ ਵਿਦਿਆਰਥੀ ਵੀ ਨਿੱਜੀ ਸਕੂਲਾਂ ਦੇ ਵਿਦਿਆਰਥੀਆਂ ਤੋ ਕਿਤੇ ਜਿਆਦਾ ਚੰਗੀ /ਵਧੀਆ ਕਾਰਜਗਾਰੀ ਦਿਖਾ ਸਕਦੇ ਹਨ। ਜੇਕਰ ਇਹਨਾਂ ਗਰੀਬ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਹੋਰ ਸਮੇਂ ਦੇ ਹਾਣ ਦੀਆਂ ਸਹੂਲਤਾਂ ਮਿਲ ਜਾਣ ਤਾਂ ਇਹ ਵਿਦਿਆਰਥੀ ਹੋਰ ਵੀ ਜਿਆਦਾ ਵੱਡੀਆਂ ਮੱਲਾਂ ਮਾਰਕੇ ਪੰਜਾਬ ਦਾ ਨਾਮ ਦੇਸਾਂ / ਵਿਦੇਸਾਂ ਤੱਕ ਚਮਕਾ ਸਕਦੇ ਹਨ ।ਪ੍ਰੰਤੂ ਜਿਸ ਹਿਸਾਬ ਨਾਲ ਸਰਕਾਰ ਇਹਨਾਂ ਗਰੀਬ ਵਿਦਿਆਰਥੀਆਂ ਨੂੰ ਅੱਖੋ ਪਰੋਖੇ ਕਰਕੇ ਨਜਰਅੰਦਾਜ ਕਰਦੀ ਆ ਰਹੀ ਹੈ ਤੋਂ ਕੋਈ ਖਾਸ ਸੁਧਾਰ ਦੀ ਆਸ ਨਹੀਂ ਕੀਤੀ ਜਾ ਸਕਦੀ ।ਸਕੂਲਾਂ ਵਿੱਚ ਵਿਦਿਆਰਥੀਆਂ ਦੀ ਜਾਤ ਲਿਖਣਾ ਤੇ ਇੱਕ ਸਾਲ ਵਿੱਚ ਵਿਦਿਆਰਥੀਆਂ ਤੋਂ ਕਈ ਵਾਰ ਉਹਨਾਂ ਦੀ ਕਿਸੇ ਸਰਕਾਰੀ ਸਹਾਇਤਾ ਦੀ ਕਾਗਜ਼ੀ ਕਾਰਵਾਈ ਲਈ ਜਾਤ ਤੱਕ ਵੀ ਪੁੱਛਿਆ ਜਾਂਦਾ ਹੈ ਜਿਸ ਕਰਕੇ ਵਿਦਿਆਰਥੀ ਹਮੇਸਾਂ ਲਈ ਹੀਣ ਭਾਵਨਾ ਦੇ ਸਿਕਾਰ ਤਾਂ ਹੁੰਦੇ ਹੀ ਹਨ ਸਗੋਂ ਇਸ ਤਰ੍ਹਾਂ ਕਰਨ ਨਾਲ ਆਪਸੀ ਭਾਈਚਾਰਕ ਸਾਂਝ ਵੀ ਨੂੰ ਵੀ ਭਾਰੀ ਸੱਟ ਲੱਗਦੀ ਹੈ। ਜਿਸ ਦਾ ਬਾਲ ਮਨ ਤੇ ਡੂੰਘਾ ਅਸਰ ਹੋਣ ਕਰਕੇ ਕਈ ਬੱਚੇ ਤਾਂ ਪੜਾਈ ‘ਚ ਵੀ ਮਨ ਲਾਓਣ ਤੋਂ ਕੰਨੀ ਕਤਰਾਓਣ ਲੱਗ ਪੈਂਦੇ ਹਨ। ਸਰਕਾਰੀ ਸਕੂਲਾਂ ਨੂੰ ਬਿਜਲੀ ਦੇ ਬਿੱਲ ਦਾ ਭੁਗਤਾਨ ਵੀ ਆਪਣੇ ਪੱਧਰ ਤੇ ਹੀ ਕਰਨਾ ਪੈਂਦਾ ਹੈ, ਜਦ ਕਿ ਸਰਕਾਰ ਸਮਾਰਟ ਸਕੂਲ ਬਣਾਉਣ ਦੀਆਂ ਗੱਲਾਂ ਕਰ ਰਹੀ ਹੈ। ਪ੍ਰਇਮਰੀ ਸਕੂਲਾਂ ਵਿੱਚ ਤਾਂ ਸਫਾਈ ਕਰਮਚਾਰੀ , ਸੇਵਾਦਾਰ ‘ਤੇ ਦਫਤਰ ਬਾਬੂ ਤੱਕ ਵੀ ਨਹੀਂ ਹਨ ।ਜਿਸ ਕਰਕੇ ਹਰ ਰੋਜ ਦੇ ਨਿੱਕੇ ਮੋਟੇ ਕੰਮ ਅਧਿਆਪਕ ਆਪ ਹੀ ਕਰਦੇ ਹਨ ਜਾਂ ਮਜਬੂਰੀ ਵੱਸ ਵਿਦਿਆਰਥੀਆਂ ਅਤੇ ਮਿਡ ਡੇ ਮੀਲ ਵਾਲੀਆਂ ਔਰਤਾਂ ਦੀ ਸਹਾਇਤਾ ਨਾਲ ਕੀਤੇ ਜਾਂਦੇ ਹਨ। ਇੱਥੋਂ ਤੱਕ ਕਿ ਪਖਾਨਿਆਂ / ਬਾਥਰੂਮਾਂ ਦੀ ਸਫ਼ਾਈ ਵੀ ਅਧਿਆਪਕ ਖ਼ੁਦ ਹੀ ਕਰਦੇ ਹਨ । ਪਰ ਕਈ ਅਰਸੇ ਬੀਤਣ ਦੇ ਬਾਵਜੂਦ ਵੀ ਸਰਕਾਰ ਨੇ ਇਸ ਪਾਸੇ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ। ਪੰਜਾਬ ਦੇ ਬਹੁਤ ਸਾਰੇ ਸਰਕਾਰੀ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਵੀ ਵੱਡੇ ਪੱਧਰ ਤੇ ਵੇਖਣ ਵਿੱਚ ਸਾਹਮਣੇ ਆਈ ਹੈ । ਬਹੁਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਤਾਂ ਅਜੋਕੇ ਯੁੱਗ ਵਿੱਚ ਵੀ ਧਰਤੀ ਉੱਪਰ ਬੈਠ ਕੇ ਹੀ ਪੜਨਾ ਪੈਂਦਾ ਹੈ। ਪੰਜਾਬ ਦੇ ਬਹੁਤੇ ਸਰਕਾਰੀ ਸਕੂਲਾਂ ਦੀਆਂ ਤਾਂ ਇਮਾਰਤਾਂ ਵੀ ਡਿੱਗਣ ਕਿਨਾਰੇ ਹੀ ਹਨ ਜੋ ਕਿਸੇ ਵੇਲੇ ਵੀ ਜਾਨੀ ਨੁਕਸਾਨ ਦਾ ਕਾਰਨ ਬਣ ਸਕਦੀਆਂ ਹਨ। ਇੱਕ ਪਾਸੇ ਤਾਂ ਸਰਦੇ ਪੁੱਜਦੇ ਘਰਾਂ ਦੇ ਬੱਚੇ ਲਗਜ਼ਰੀ ਵੈਨਾਂ ਵਿੱਚ ਮਹਿੰਗੇ ਸਕੂਲਾਂ ਵਿੱਚ ਪੜਨ ਜਾਂਦੇ ਹਨ ਅਤੇ ਕੁਝ ਨਾਮਵਰ ਨਿੱਜੀ ਵਿੱਦਿਅਕ ਅਦਾਰਿਆਂ ਦੇ ਅਨੇਕਾਂ ਸਹੂਲਤਾਂ ਨਾਲ ਭਰਪੂਰ ਹੋਸਟਲਾਂ ਵਿੱਚ ਰਹਿੰਦੇ ਹਨ ਜਦਕਿ ਗਰੀਬ ਵਿਦਿਆਰਥੀ ਦੂਰ ਦੁਰਾਡੇ ਦੇ ਸਕੂਲਾਂ ਤੱਕ ਵੀ ਪੈਦਲ ਹੀ ਜਾਂਦੇ ਹਨ ਅਤੇ ਵਿਦਿਆ ਪ੍ਰਾਪਤੀ ਦੇ ਰਾਹ ਵਿੱਚ ਆਉਂਦੀਆਂ ਚੁਣੌਤੀਆਂ ਦਾ ਵੱਡੇ ਪੱਧਰ ਤੇ ਸਾਹਮਣਾ ਕਰਦੇ ਹਨ। ਸਰਕਾਰੀ ਸਕੂਲਾਂ ਤੇ ਗਰੀਬ ਵਰਗ ਦੇ ਵਿਦਿਆਰਥੀਆਂ ਦੀ ਬਿਹਤਰੀ ਲਈ ਅਧਿਆਪਕਾਂ ,ਮਾਪਿਆਂ ਤੇ ਸਰਕਾਰ ਨੂੰ ਆਪੋ ਆਪਣੇ ਪੱਧਰ ਤੇ ਹਰ ਸ਼ੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਤਾਂ ਜੋ ਨਿੱਜੀ ਸਕੂਲਾਂ ਦੇ ਮਹਿੰਗੇ ਮੁੱਲ ਦੀ ਪੜ੍ਹਾਈ ਦੀ ਬਜਾਏ ਸਾਰੇ ਵਰਗ ਸਰਕਾਰੀ ਸਕੂਲਾਂ ਵਿੱਚ ਹੀ ਆਪਣੇ ਬੱਚਿਆਂ ਨੂੰ ਪੜਾਓਣਾ ਮਾਣ ਵਾਲੀ ਗੱਲ ਸਮਝਣ ਲੱਗ ਜਾਣ ।ਇਸ ਗੱਲ ਤੋਂ ਭਲੀਭਾਂਤ ਸਰਕਾਰ ਦਾ ਗਰੀਬ ਵਿਦਿਆਰਥੀਆਂ ਪ੍ਰਤੀ ਨਜਰੀਆਂ ਵੇਖਿਆ ਜਾ ਸਕਦਾ ਹੈ ਕਿ ਸਰਕਾਰ ਸਿਰਫ ਗੱਲਾਂ /ਬਿਆਨਾਂ ਵਿੱਚ ਹੀ ਗਰੀਬ ਵਿਦਿਆਰਥੀਆਂ ਦੀ ਪੜ੍ਹਾਈ /ਵਿੱਦਿਆ ਦਾ ਪੱਧਰ ਓਪਰ ਚੁੱਕ ਰਹੀ ਹੈ। ਜਦਕਿ ਜਮੀਨੀ ਪੱਧਰ ਤੇ ਗਰੀਬ ਵਰਗ ਦੇ ਵਿਦਿਆਰਥੀਆਂ ਦੀ ਸਿੱਖਿਆ/ ਵਿੱਦਿਆ ਦੀ ਹਾਲਤ ਬਹੁਤ ਹੀ ਤਰਸਯੋਗ ਬਣੀ ਹੋਈ ਹੈ ।ਪੰਜਾਬ ਵਿੱਚ ਗਰੀਬਾਂ ਦੀ ਯਾਦ ਸਰਕਾਰ ਨੂੰ ਖਾਸਕਰ ਕੇ ਵੋਟਾਂ ਵੇਲੇ ਹੀ ਆਓਦੀ ਹੈ । ਹਰ ਸਿਆਸੀ ਧਿਰ ਆਪਣੇ ਆਪ ਨੂੰ ਗਰੀਬਾਂ ਦੀ ਸੱਚੀ ਹਮਦਰਦ ਸਮਝਦੀ/ਅਖਵਾਓਦੀ ਹੈ, ਪ੍ਰੰਤੂ ਸੱਤਾ ਵਿੱਚ ਆਓਦਿਆਂ ਹੀ ਸੱਤਾਧਾਰੀ ਧਿਰ ਦੀ ਸੋਚ ਵਿੱਚ ਵੱਡੇ ਪੱਧਰ ਤੇ ਖੋਟ ਆ ਜਾਂਦਾ ਹੈ। ਹਰ ਸਿਆਸੀ ਧਿਰ ਗਰੀਬਾਂ ਨੂੰ ਸਿਰਫ ਵੋਟਾਂ ਦੀ ਗਰਜ ਤੱਕ ਹੀ ਸੀਮਿਤ ਸਮਝਦੀ ਹੈ । ਪੰਜਾਬ ਅੰਦਰ ਘੱਟ ਗਿਣਤੀ ਦੇ ਯੋਗ ਤੇ ਗਰੀਬ ਵਰਗ ਦੇ ਵਿਦਿਆਰਥੀਆਂ ਨੂੰ ਮਿਲਣ ਵਾਲਾ ਵਜੀਫਾਂ ਤਾਂ ਬੇਸ਼ੱਕ ਸਿਆਸਤ ਦੀ ਭੇਟ ਚੜ ਗਿਆ ਹੈ ।ਜਿਸ ਕਰਕੇ ਯੋਗ ਵਿਦਿਆਰਥੀਆਂ ਨੂੰ ਲੰਮੇ ਤੋਂ ਆਸ ਲਗਾਈ ਬੈਠੇ ਹੋਣ ਦੇ ਬਾਵਜੂਦ ਵੀ ਵਜੀਫਾਂ ਨਹੀ ਮਿਲਿਆ । ਕਈ ਵਿਦਿਆਰਥੀ ਤਾਂ ਵਜੀਫਾਂ ਨਾ ਮਿਲਣ ਕਾਰਨ ਆਪਣੀ ਪੜਾਈ ਹੀ ਅੱਧ ਵਿਚਕਾਰ ਛੱਡ ਗਏ ਹਨ, ਓਪਰੋ ਨਿੱਜੀ ਵਿੱਦਿਅਕ ਅਦਾਰਿਆਂ ਵੱਲੋ ਵੀ ਵੱਡੇ ਪੱਧਰ ਤੇ ਜਲੀਲ ਹੋਏ ਹਨ। ਬਹੁਤੇ ਨਿੱਜੀ ਵਿੱਦਿਅਕ ਅਦਾਰਿਆਂ ਨੇ ਗਰੀਬ ਵਿਦਿਆਰਥੀਆਂ ਦੇ ਅਸਲ ਸਰਟੀਫਿਕੇਟ ਵੀ ਆਪਣੇ ਕੋਲ ਇਸ ਕਰਕੇ ਰੱਖ ਲਏ ਹਨ ਕਿ ਜੇ ਓਹਨਾਂ ਨੂੰ ਸਰਕਾਰ ਵਜੀਫੇ ਦੀ ਰਾਸੀ ਦੇਵੇਗੀ ਤਾਂ ਹੀ ਅਸਲ ਸਰਟੀਫਿਕੇਟ ਦੇਣਗੇ ।ਬਹੁਤ ਸਾਰੇ ਨਿੱਜੀ ਵਿੱਦਿਅਕ ਅਦਾਰਿਆਂ ਨੇ ਤਾਂ ਖਾਲੀ ਬੈਂਕ ਚੈੱਕ ਵੀ ਦਸਤਖਤ ਕਰਵਾ ਕੇ ਵਿਦਿਆਰਥੀਆਂ ਤੋਂ ਲਏ ਹੋਏ ਹਨ। ਜੇਕਰ ਕੋਈ ਵਿਦਿਆਰਥੀ ਅਜਿਹਾ ਕਰਨ ਤੋਂ ਮਨਾ ਕਰਦਾ ਹੈ ਤਾਂ ਇਨਟਰਨਲ ਅਸੈਸਮੈਂਟ ਚ ਓਸ ਵਿਦਿਆਰਥੀ ਦਾ ਕਾਫੀ ਨੁਕਸਾਨ ਕਰ ਦਿੱਤਾ ਜਾਂਦਾ ਹੈ। ਦੂਜੇ ਪਾਸੇ ਨਿੱਜੀ ਵਿੱਦਿਅਕ ਅਦਾਰੇ ਵੀ ਸਰਕਾਰ ਵੱਲੋ ਬਣਦੀ ਰਾਸੀ ਨਾ ਮਿਲਣ ਕਰਕੇ ਡਾਵਾਂਡੋਲ ਹੋ ਗਏ ਹਨ, ਜੋ ਮੁਫਤ ਵਿੱਚ ਗਰੀਬ ਵਿਦਿਆਰਥੀਆਂ ਨੂੰ ਪੜ੍ਹਾਈ ਕਰਵਾਓਣ ਲਈ ਹੁਣ ਸਪੱਸ਼ਟ ਜਵਾਬ ਦੇ ਚੁੱਕੇ ਹਨ । ਇਸ ਵਜੀਫੇ ਦੇ ਮਸਲੇ ਬਾਰੇ ਪੰਜਾਬ ਵਿੱਚ ਵੱਡੇ ਪੱਧਰ ਤੇ ਲੰਮਾ ਸਮਾਂ ਧਰਨੇ/ ਪ੍ਰਦਰਸਨ ਹੋਏ। ਪ੍ਰੰਤੂ ਫਿਰ ਵੀ ਵਿਦਿਆਰਥੀ ਵਰਗ ਦੀਆਂ ਆਸਾਂ ਨੂੰ ਕੋਈ ਬੂਰ ਨਾ ਪਿਆ ।ਦੂਜੇ ਪਾਸੇ ਜੇਕਰ ਗੱਲ ਉਸਾਰੀ ਕਿਰਤੀ ਮਜਦੂਰਾਂ ਦੀ ਕੀਤੀ ਜਾਵੇ ਜੋ ਕਿ ਪੰਜਾਬ ਭਵਨ ਨਿਰਮਾਣ ਅਤੇ ਹੋਰ ਉਸਾਰੀ ਭਲਾਈ ਸੰਗਠਨ ਕੋਲ ਰਜਿਸਟਰਡ ਹਨ.ਓਹਨਾਂ ਦੇ ਪੜ੍ਹਾਈ ਕਰ ਰਹੇ ਵਿਦਿਆਰਥੀਆਂਨੂੰ ਵੀ ਸੰਗਠਨ ਕੋਲ ਫੰਡ ਹੋਣ ਦੇ ਬਾਵਜੂਦ ਵੀ ਮਿਲਣ ਵਾਲਾ ਵਜੀਫਾਂ ਵੀ ਕਈ-ਕਈ ਸਾਲ ਨਹੀ ਦਿੱਤਾ ਜਾਂਦਾ । ਜਿਸ ਕਰਕੇ ਲਾਭਪਾਤਰੀ ਸਾਲਾਂਬੱਧੀ ਸਬਰ ਕਰਦਾ ਕਰਦਾ ਦਫ਼ਤਰਾਂ ਦੇ ਗੇੜੇ ਮਾਰ ਮਾਰ ਕੇ ਥੱਕ ਹਾਰਕੇ ਚੁੱਪ ਕਰ ਜਾਂਦਾ ਹੈ ।ਸੰਗਠਨ ਕੋਲ ਰਜਿਸਟਰਡ ਲਾਭਪਾਤਰੀ ਵੀ ਜਿਆਦਾਤਰ ਗਰੀਬ ਤਬਕੇ ਦੇ ਹੀ ਹਨ ।ਜਿਸ ਤੋ ਸਾਫ ਪਤਾ ਲੱਗਦਾ ਹੈ ਕਿ ਗਰੀਬ ਵਰਗ ਪ੍ਰਤੀ ਸਰਕਾਰ ਦੀ ਨੀਤੀ ਨੇਕ ਨਹੀ ਹੈ। ਕਿਓਕਿ ਹਰ ਪਾਸੇ ਗਰੀਬ ਵਿਦਿਆਰਥੀਆਂ ਦੇ ਵਜੀਫੇ ਹੀ ਕਿਓ ਰੋਕੇ ਜਾ ਰਹੇ ਹਨ ? ਸਰਕਾਰ ਵੱਲੋਂ ਵੋਟਾਂ ਬਨਾਉਣ, ਮਰਦਮਸੁਮਾਰੀ ਤੇ ਹੋਰ ਸਰਕਾਰੀ ਕੰਮਾਂ ਚ ਅਧਿਆਪਕਾਂ ਨੂੰ ਲਗਾਉਣ ਕਰਕੇ ਵੀ ਗਰੀਬ ਵਰਗ ਦੇ ਸਰਕਾਰੀ ਸਕੂਲਾਂ ਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਜਿਆਦਾ ਨੁਕਸਾਨ ਹੋ ਜਾਂਦਾ ਹੈ। ਜੇਕਰ ਗੱਲ ਕਾਲਜ ਪੱਧਰ ਤੇ ਕੀਤੀ ਜਾਵੇ ਤਾਂ ਸਰਕਾਰੀ ਕਾਲਜ ਵੀ ਜਿਆਦਾਤਰ ਗਰੀਬ ਵਰਗ ਤੱਕ ਹੀ ਸੀਮਿਤ ਜਾਪਦੇ ਹਨ। ਕਾਲਜਾਂ ਵਿੱਚ ਲੰਬੇ ਸਮੇਂ ਤੋ ਪਰੋਫੈਸਰਾਂ ਤੇ ਹੋਰ ਅਮਲੇ ਦੀਆਂ ਅਸਾਮੀਆਂ ਖਾਲੀ ਹਨ ।ਜਿਸ ਕਰਕੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਬਹੁਤੀ ਵਧੀਆ ਤੇ ਮਿਆਰੀ ਵਿੱਦਿਆ ਨਹੀਂ ਮਿਲ ਰਹੀ ।ਯੂਨੀਵਰਸਿਟੀ ਪੱਧਰ ਤੇ ਵੀ ਕਾਲਜਾਂ ਵਰਗੀ ਹੀ ਸਥਿਤੀ ਬਣੀ ਹੋਈ ਹੈ ।ਨਿੱਜੀ ਯੂਨੀਵਰਸਿਟੀਆਂ ਨੇ ਸਰਕਾਰੀ ਯੂਨੀਵਰਸਿਟੀਆਂ ਨੂੰ ਵੱਡੀ ਢਾਅ ਲਾਈ ਹੈ ਜਿਸ ਕਰਕੇ ਕੁਝ ਸਰਕਾਰੀ ਯੂਨੀਵਰਸਿਟੀਆਂ ਡਾਵਾਂਡੋਲ ਹੋ ਗਈਆਂ ਹਨ। ਪੰਜਾਬੀ ਯੂਨੀਵਰਸਿਟੀ ਦੀ ਵਿੱਤੀ ਹਾਲਾਤ ਤਾਂ ਬਹੁਤ ਹੀ ਜਿਆਦਾ ਤਰਸਯੋਗ ਬਣੀ ਹੋਈ ਹੈ ।ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਇਸ ਯੂਨੀਵਰਸਿਟੀ ਨੂੰ ਬਚਾਉਣ ਲਈ ਸਰਕਾਰ ਦੇ ਮਨਸੂਬੇ ਨੇਕ ਨਹੀਂ ਹਨ। ਕਿਓਂਕਿ ਇੱਥੇ ਪੜ੍ਹਨ ਵਾਲੇ ਵੀ ਜਿਆਦਾਤਰ ਗਰੀਬ ਵਰਗ ਦੇ ਵਿਦਿਆਰਥੀਆਂ ਹੀ ਹਨ। ਬਹੁਤੇ ਵਿਦਿਆਰਥੀ ਇਸ ਯੂਨੀਵਰਸਿਟੀ ਵਿੱਚ ਤਾਂ ਸਰਟੀਫਿਕੇਟ ਲੈਣ ਲਈ ਵੀ ਸਾਲਾਂ ਤੱਕ ਚੱਕਰ ਕੱਟਦੇ ਰਹਿੰਦੇ ਹਨ., ਜਿਸ ਕਰਕੇ ਮਜਬੂਰੀ ਵੱਸ ਓਹਨਾਂ ਦਾ ਯੂਨੀਵਰਸਿਟੀ ਤੋਂ ਮੋਹ ਭੰਗ ਹੋ ਰਿਹਾ ਹੈ। ਗਰੀਬ ਵਰਗ ਦੇ ਵਿਦਿਆਰਥੀਆਂ ਦਾ ਜ਼ਿਆਦਾ ਸਮਾਂ ਕਾਗਜ਼ੀ ਕਾਰਵਾਈ ਪੂਰੀ ਕਰਨ ਵਿੱਚ ਹੀ ਗੁਜ਼ਰ ਜਾਣ ਕਰਕੇ ਉਹਨਾਂ ਦੀ ਪੜ੍ਹਾਈ ਦਾ ਵੀ ਬਹੁਤ ਨੁਕਸਾਨ ਹੋ ਜਾਂਦਾ ਹੈ। ਸਰਕਾਰ ਨੂੰ ਤੁਰੰਤ ਇਸ ਪਾਸੇ ਨੇਕ ਨੀਅਤ ਨਾਲ ਗਰੀਬ ਵਿਦਿਆਰਥੀਆਂ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਸਰਕਾਰ ਨੂੰ ਗਰੀਬ ਵਿਦਿਆਰਥੀਆਂ ਦੀ ਸਿੱਖਿਆ/ਵਿੱਦਿਆ ਲਈ ਵਿਸੇਸ ਧਿਆਨ/ਤਵੱਜੋਂ ਦੇਣ ਦੀ ਸਖਤ ਜਰੂਰਤ ਹੈ । ਕਿਓਂਕਿ ਪੜ੍ਹਿਆ ਲਿਖਿਆ ਮਨੁੱਖ ਹੀ ਚੰਗੇ ਤੇ ਨਰੋਏ ਸਮਾਜ ਦੀ ਸਿਰਜਨਾ ਕਰ ਸਕਦਾ ਹੈ ।ਪਿਛਲੇ ਕੁੱਝ ਸਾਲਾਂ ਦੌਰਾਨ ਬੇਸ਼ੱਕ ਸਰਕਾਰ ਦੀ ਕੁੱਝ ਕੁ ਰਹਿਮ ਦਿਲੀ,ਮਿਹਨਤੀ ਅਧਿਆਪਕਾਂ, ਦਾਨੀ ਸੱਜਣਾ ਤੇ ਵਿਦਿਅਕ ਪ੍ਰੇਮੀਆਂ ਦੇ ਸਹਿਯੋਗ ਸਦਕਾ ਸਰਕਾਰੀ ਸਕੂਲਾਂ ਦੀ ਦਿੱਖ ਵਿੱਚ ਕੁਝ ਕੁ ਸੁਧਾਰ ਆਇਆ ਹੈ ਪ੍ਰੰਤੂ ਅਜੇ ਵੀ ਹੋਰ ਕਿਤੇ ਜਿਆਦਾ ਸੁਧਾਰ ਲਿਆਉਣ ਦੀ ਸਮੇਂ ਦੀ ਪ੍ਰਮੁੱਖ ਤੇ ਅਹਿਮ ਜਰੂਰਤ ਹੈ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਸਧਾਰਨ ਤੇ ਗਰੀਬ ਘਰਾਂ ਦੇ ਵਿਦਿਆਰਥੀਆਂ ਨੂੰ ਵੀ ਵਧੀਆ ਤੇ ਮਿਆਰੀ ਸਿੱਖਿਆ ਦੇ ਕੇ ਸਮੇਂ ਦੇ ਹਾਣ ਦਾ ਬਣਾਇਆ ਜਾ ਸਕੇ।

**(ਸਾਬਕਾ ਚੇਅਰਮੈਨ ਪਸਵਕ ,ਸਾਬਕਾ ਮੈਂਬਰ ਪੰਚਾਇਤ ) ਪਿੰਡ ਤੇ ਡਾਕ. ਕੋਟ ਗੁਰੂ ਤਹਿਸੀਲ ਤੇ ਜਿਲਾ ਬਠਿੰਡਾ**

## ਪੰਜਾਬੀ ਸੰਗ਼ੀਤ ਦੀ ਫੁਲਵਾੜ੍ਹੀ ਖਿੜ੍ਹਿਆ ਇਕ ਹੋਰ ਖ਼ੂਬਸੂਰਤ ਫ਼ੁੱਲ : ਲਵੀ ਕਪੂਰ






ਪਰਮਜੀਤ, ਫ਼ਰੀਦਕੋਟ ਮੁੰਬਈ
9855820713


ਸੰਗ਼ੀਤਕ ਖਿਤੇ ਨੂੰ ਚਾਰ ਚੰਨ ਲਾਉਣ ਵਿਚ ਨਵੀਆਂ ਪ੍ਰਤਿਭਾਵਾਂ ਅਹਿਮ ਭੂਮਿਕਾ ਨਿਭਾ ਰਹੀਆਂ ਹਨ, ਜਿੰਨ੍ਹਾਂ ਦੀ ਲੜ੍ਹੀ ਵਜੋਂ ਆਪਣੇ ਨਾਮ ਦਾ ਮਾਣਮੱਤਾ ਸ਼ੁਮਾਰ ਕਰਵਾਉਣ ਵੱਲ ਵਧ ਰਿਹਾ ਹੈ ਨੌਜਵਾਨ ਗੀਤਕਾਰ, ਗਾਇਕ ਲਵੀ ਕਪੂਰ, ਜਿਸ ਨੇ ਆਪਣੇ ਲਿਖ਼ਿਤ ਭਾਵਪੂਰਨ ਗੀਤ ‘ਓਸ਼ ਮੁਲਖ਼’ ਨਾਲ ਇਸ ਖੇਤਰ ਵਿਚ ਪ੍ਰਭਾਵਸ਼ਾਲੀ ਦਸਤਕ ਦਿੱਤੀ ਹੈ। ਮੂਲ ਰੂਪ ਵਿਚ ਇਤਿਹਾਸਿਕ ਅਤੇ ਰਜਵਾੜ੍ਹਾਸ਼ਾਹੀ ਸ਼ਹਿਰ ਫ਼ਰੀਦਕੋਟ ਨਾਲ ਸਬੰਧਤ ਇਸ ਹੋਣਹਾਰ ਨੌਜਵਾਨ ਨਾਲ ਉਸ ਦੀ ਸੰਗ਼ੀਤਕ ਨਾਲ ਬਣੀ ਸਾਂਝ ਅਤੇ ਆਗਾਮੀ ਸ਼ੰਗੀਤਕ ਯੋਜਨਾਵਾਂ ਨੂੰ ਲੈ ਕੇ ਗੱਲਬਾਤ ਕੀਤੀ ਗਈ ਤਾਂ ਇਸ ਨੇ ਦੱਸਿਆ ਕਿ ਗੀਤ, ਸੰਗੀਤ ਰੂਪੀ ਚਿਣਗ ਬਚਪਣ ਤੋਂ ਹੀ ਮਨ ਵਿਚ ਆਪਣਾ ਵਜੂਦ ਬਣਾਉਣ ਲੱਗ ਪਈ ਸੀ, ਜੋ ਸਕੂਲੀ ਪੜ੍ਹਾਈ ਦੌਰਾਨ ਹੋਰ ਸਿਖ਼ਰ ਵੱਲ ਉਸ ਸਮੇਂ ਵਧੀ , ਜਦੋ ਦੋਸਤਾਂ ਅਤੇ ਅਧਿਆਪਕਾਂ ਵੱਲੋਂ ਮੇਰੀ ਲਿਖ਼ਿਤ ਅਤੇ ਗਾਈਆਂ ਰਚਨਾਵਾਂ ਨੂੰ ਭਰਵੀ ਪ੍ਰਸੰਸ਼ਾ ਮਿਲਣ ਲੱਗ ਪਈ। ਪੜ੍ਹਾਅ ਦਰ ਪੜ੍ਹਾਅ ਜੀਵਨ ਦਾ ਅਟੁੱਟ ਦਾ ਹਿੱਸਾ ਬਣਦੇ ਗਏ ਇਸ ਸ਼ੌਕ ਨੂੰ ਮੇਰੇ ਅੰਦਰ ਗਹਿਰਾਈ ਤੱਕ ਸਮਾ ਜਾਣ ਵਿਚ ਸਾਹਿਤਕ ਪੁਸਤਕਾਂ ਅਤੇ ਸੰਘਰਸ਼ੀ ਪਰਿਵਾਰਿਕ ਹਾਲਾਤਾਂ ਨੇ ਵੀ ਅਹਿਮ ਭੂਮਿਕਾ ਨਿਭਾਈ, ਜਿਸ ਦੌਰਾਨ ਜਿੰਦਗੀ ਦੇ ਕਈ ਅਜਿਹੇ ਤਲਖ਼ ਤਜੁਰਬੇ ਵੀ ਹੋਏ, ਜਿਸ ਨੇ ਛੋਟੀ ਓਮਰੇ ਹੀ ਉਹ ਪਰਪੱਕਤਾਂ ਦੇ ਦਿੱਤੀ, ਜੋ ਕਈ ਵਾਰ ਲੰਮਾਂ ਜੀਵਨ ਅਤੇ ਸੰਘਰਸ਼ ਪੜ੍ਹਾਅ ਹੰਢਾਉਣ ਬਾਅਦ ਕਈਆਂ ਇਨਸਾਨਾਂ ਦੇ ਹਿੱਸੇ ਆਉਂਦੀ ਹੈ।

ਪੰਜਾਬ ਅਤੇ ਪੰਜਾਬੀਅਤ ਕਦਰਾਂ, ਕੀਮਤਾਂ ਨੂੰ ਮਣਾਂ ਮੂਹੀ ਪਿਆਰ, ਸਤਿਕਾਰ ਕਰਦੇ ਇਸ ਬਾਕਮਾਲ ਨੌਜਵਾਨ ਗੀਤਕਾਰ ਨੇ ਆਪਣੀ ਪਹਿਲੇ ਗੀਤ ਦੇ ਸੰਗੀਤ ਮਾਰਕੀਟ ਵਿਚ ਜਾਰੀ ਹੋਣ ਅਤੇ ਮਕਬੂਲੀਅਤ ਦੇ ਨਵੇਂ ਆਯਾਮ ਕਾਇਮ ਸਬੰਧੀ ਆਪਣੀ ਖੁਸ਼ੀ ਦਾ ਪ੍ਰਗਟਾਵਾਂ ਕਰਦਿਆਂ ਦੱਸਿਆ ਕਿ ਕਾਫ਼ੀ ਸਮੇਂ ਦੀ ਤਿਆਰੀ ਬਾਅਦ ਇਸ ਖੇਤਰ ਨੂੰ ਪ੍ਰੋਫੇਸ਼ਨਲ ਰੂਪ ਵਿਚ ਅਪਨਾਉਣ ਦਾ ਫੈਸਲਾ ਲਿਆ ਹੈ, ਜਿਸ ਲਈ ਤੜ੍ਹਕ, ਭੜਕ ਭਰੇ ਗੀਤਾਂ ਦੀ ਬਜਾਏ ਨੌਜਵਾਨ ਮਨ੍ਹਾਂ ਦੀ ਤਰਜ਼ਮਾਨੀ ਕਰਦਾ ਅਜਿਹਾ ਗੀਤ ਲੈ ਕੇ ਸਾਹਮਣੇ ਆਇਆ ਹੈ, ਜਿਸ ਦੀ ਸਬਦਾਵਲੀ ਹਰ ਇਕ ਨੌਜਵਾਨ ਦੇ ਮਨ੍ਹ ਨੂੰ ਝੰਝੋੜਨ ਵਿਚ ਸਫ਼ਲ ਰਹੀ ਹੈ।

ਲਵੀ ਅਨੁਸਾਰ ਸਾਂਝ ਮਿਊਜ਼ਿਕ ਪ੍ਰੋਡੋਕਸ਼ਨ ਕੰਪਨੀ ਦੁਆਰਾ ਮਾਰਕੀਟ ਵਿਚ ਪੇਸ਼ ਕੀਤੀ ਗਈ ਇਸ ਸੋਲੋ ਗੀਤ ਦਾ ਸੰਗੀਤ ਸੰਦੀਪ ਢਿੱਲੋਂ ਫਰੈਸ਼ੀ ਵੱਲੋਂ ਤਿਆਰ ਕੀਤਾ ਗਿਆ ਹੈ, ਜਦਕਿ ਸਬਦਾਂ ਨੂੰ ਆਵਾਜ਼ ਰੋਹਨ ਚਾਵਲਾ ਨੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਗੀਤ ਦੀ ਵਿਲੱਖਣਤਾਂ ਨੂੰ ਅਥਾਹ ਲੋਕਪ੍ਰਿਯਤਾਂ ਨੇ ਉਸ ਅੰਦਰ ਕੁਝ ਕਰ ਗੁਜਰਣ ਦੇ ਜਜਬੇ ਨੂੰ ਹੋਰ ਬੱਲ ਦਿੱਤਾ ਹੈ, ਜਿਸ ਉਪਰੰਤ ਉਸ ਦੀ ਯੋਜਨਾਂ ਆਪਣੇ ਅਗਲੇ ਸੁਫ਼ਨੇ ਗਾਇਕੀ ਨੂੰ ਅੰਜਾਮ ਦੇਣ ਦੀ ਹੈ, ਜਿਸ ਲਈ ਗੀਤ , ਸੰਗੀਤ ਆਦਿ ਦੀ ਚੋਣ ਸੰਬੰਧੀ ਤਿਆਰੀਆਂ ਉਨ੍ਹਾਂ ਅਤੇ ਉਨਾਂ ਦੀ ਪੂਰੀ ਸ਼ੰਗੀਤਕ ਟੀਮ ਵੱਲੋਂ ਆਰੰਭ ਕਰ ਦਿੱਤੀਆਂ ਗਈਆਂ ਹਨ। ਪੰਜਾਬੀ ਸੰਗੀਤ ਵਰਲ਼ਡ ਵਿਚ ਮਾਣਮੱਤੀ ਭੱਲ ਬਣਾਉਣ ਵੱਲ ਵਧ ਚੁੱਕੇ ਇਸ ਪ੍ਰਤਿਭਾਵਾਨ ਨੌਜਵਾਨ ਨੇ ਦੱਸਿਆ ਕਿ ਉਸ ਨੂੰ ਮੁੱਢਲੀਆਂ ਮਜਬੂਤ ਪੈੜ੍ਹਾ ਦੇਣ ਵਿਚ ਉਸ ਦੇ ਮਾਤਾ, ਪਿਤਾ ਹੇਮਾ ਰਾਣੀ, ਦਵਿੰਦਰ ਕੁਮਾਰ , ਵੱਡੇ ਭਰਾ ਯੁਵਰਾਜ਼ ਕਪੂਰ, ਨਿਖ਼ਿਲ ਕਪੂਰ ਤੋਂ ਇਲਾਵਾ ਪਰਿਵਾਰਿਕ ਮੈਂਬਰਾਂ ਨੀਤੂ ਕਪੂਰ, ਨਿਖ਼ਿਲ ਕਪੂਰ, ਦੋਸਤਾਂ ਨਿਤੀਸ਼ ਕੁਮਾਰ, ਸ਼ਿਤਿਸ਼ ਚਾਵਲਾ, ਅਸਲਮ ਹੁਸੈਨ , ਗੌਰਵ ਅਰੋੜਾ ਦਾ ਅਹਿਮ ਯੋਗਦਾਨ ਰਿਹਾ ਹੈ, ਜਿੰਨਾਂ ਦੇ ਯੋਗਦਾਨ ਸਦਕਾ ਹੀ ਉਹ ਆਪਣੇ ਸੁਪਨਿਆਂ ਨੂੰ ਪਰਵਾਜ਼ ਦੇਣ ਵਿਚ ਸਫ਼ਲ ਹੋ ਪਾ ਰਿਹਾ ਹੈ।




## ਸ.ਫਲਤਾ ਦਾ ਮੰਤਰ ਹੈ ਸੰਘਰਸ਼



ਪ੍ਰੋ. ਮੀਨਾਕਸ਼ੀ

ਸੰਘਰਸ਼ ਹੀ ਜ਼ਿੰਦਗੀ ਦਾ ਦੂਜਾ ਨਾਮ ਹੈ। ਕਿਸੇ ਵੀ ਵਿਅਕਤੀ ਦੀ ਤਰੱਕੀ ਜਾਂ ਸ਼ਕਤੀ ਉਸ ਦੁਆਰਾ ਕੀਤੇ ਗਏ ਯਤਨਾਂ ਅਤੇ ਸੰਘਰਸ਼ ਦਾ ਹੀ ਨਤੀਜਾ ਹੁੰਦੀ ਹੈ। ਜਿਹੜੇ ਵਿਅਕਤੀ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਹਰ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਦ੍ਰਿੜ ਨਿਸ਼ਚੇ ਨਾਲ ਕਰਦੇ ਹਨ, ਉਹੀ ਆਪਣੀ ਜ਼ਿੰਦਗੀ ਵਿੱਚ ਕਾਮਯਾਬੀ ਹਾਸਲ ਕਰਦੇ ਹਨ।

ਮਿਸਾਲ ਵਜੋਂ ਭਾਰਤ ਦੀ ਮਹਿਲਾ ਪਹਿਲਵਾਨ ਸਾਕਸ਼ੀ ਮਲਿਕ ਦੀ ਗੱਲ ਕਰੀਏ ਤਾਂ ਉਸ ਦਾ ਉਲੰਪਿਕ ਵਿੱਚ ਮੈਡਲ ਹਾਸਲ ਕਰਨਾ ਇੱਕ ਸੁਪਨਾ ਸੀ। ਉਸ ਨੇ ਆਪਣੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਅਤੇ ਹਰ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਬਹੁਤ ਹਿੰਮਤ ਅਤੇ ਦਲੇਰੀ ਨਾਲ ਕੀਤਾ। ਉਸ ਨੂੰ ਲੋਕ ਹਮੇਸ਼ਾਂ ਇਹ ਕਹਿ ਕੇ ਉਸ ਦੇ ਮਕਸਦ ਤੋਂ ਭਟਕਾਉਂਦੇ ਸਨ ਕਿ ਇਹ ਖੇਡ ਕੁੜੀਆਂ ਦੀ ਨਹੀਂ ਹੈ। ਉਸ ਨੇ ਇਸ ਸਭ ਦੀ ਪਰਵਾਹ ਕੀਤੇ ਬਿਨਾਂ ਆਪਣੇ ਮਕਸਦ ਉੱਤੇ ਜ਼ਿਆਦਾ ਧਿਆਨ ਦਿੱਤਾ ਅਤੇ ਆਖ਼ਰ ਸਫਲ ਵੀ ਹੋਈ। ਉਸ ਦੀ ਜਿੱਤ ਸਾਨੂੰ ਸਾਰਿਆਂ ਨੂੰ ਇਹ ਸੁਨੇਹਾ ਦਿੰਦੀ ਹੈ ਕਿ ਸੰਘਰਸ਼ ਕਰਨ ਵਾਲਿਆਂ ਦੀ ਕਦੇ ਹਾਰ ਨਹੀਂ ਹੁੰਦੀ।

ਇਸੇ ਤਰ੍ਹਾਂ ਐਪਲ ਕੰਪਨੀ ਦੇ ਸੰਸਥਾਪਕ ਸਟੀਵ ਜੌਬਜ਼ ਦੀ ਗੱਲ ਕਰੀਏ ਤਾਂ ਉਸ ਨੇ ਵੀ ਤਰੱਕੀ ਦੀਆਂ ਬੁਲੰਦੀਆਂ ਛੂਹਣ ਲਈ ਆਪਣੀ ਜ਼ਿੰਦਗੀ ਵਿੱਚ ਬਹੁਤ ਸੰਘਰਸ਼ ਕੀਤਾ ਹੈ। ਉਸ ਨੇ ਕਈ ਰਾਤਾਂ ਜ਼ਮੀਨ ਉੱਤੇ ਸੌਂ ਕੇ ਵੀ ਗੁਜ਼ਾਰੀਆਂ ਹਨ। ਉਹ ਹਫ਼ਤੇ ਵਿੱਚ ਇੱਕ ਵਾਰ ਵਧੀਆ ਖਾਣਾ ਖਾਣ ਲਈ ਹਰ ਐਤਵਾਰ ਸੱਤ ਮੀਲ ਪੈਦਲ ਚੱਲ ਕੇ ਹਰੇ ਕ੍ਰਿਸ਼ਨਾ ਮੰਦਰ ਜਾਂਦਾ ਸੀ। ਉਸ ਨੂੰ ਆਪਣੀ ਜ਼ਿੰਦਗੀ ਵਿੱਚ ਇੱਕ ਸਭ ਤੋਂ ਵੱਡੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਜਿਸ ਕੰਪਨੀ ਨੂੰ ਖੜ੍ਹਾ ਕਰਨ ਲਈ ਉਸ ਨੇ ਦਿਨ-ਰਾਤ ਇੱਕ ਕਰ ਦਿੱਤਾ ਸੀ, ਉਸ ਨੂੰ ਉਸੇ ਵਿੱਚੋਂ ਕੱਢ ਦਿੱਤਾ ਗਿਆ। ਉਸ ਨੇ ਫਿਰ ਵੀ ਹਾਰ ਨਹੀਂ ਮੰਨੀ ਅਤੇ ਆਪਣੇ ਸੰਘਰਸ਼ ਨੂੰ ਜਾਰੀ ਰੱਖਿਆ। ਉਸ ਦੀ ਇਸ ਸਖ਼ਤ ਮਿਹਨਤ ਨੂੰ ਦੇਖਦਿਆਂ ਉਸ ਨੂੰ ਐਪਲ ਕੰਪਨੀ ਵਿੱਚ ਵਾਪਸ ਬੁਲਾ ਲਿਆ ਗਿਆ।

ਇਸ ਪ੍ਰਕਾਰ ਹੋਰ ਵੀ ਕਈ ਵਿਅਕਤੀਆਂ ਦੀਆਂ ਉਦਾਹਰਨਾਂ ਵੇਖਣ ਤੇ ਸੁਣਨ ਨੂੰ ਮਿਲਦੀਆਂ ਹਨ ਜਿਨ੍ਹਾਂ ਨੇ ਆਪਣੇ ਮਕਸਦ ਦੀ ਪੂਰਤੀ ਲਈ ਹਰ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਨਿਡਰ ਹੋ ਕੇ ਅਤੇ ਅਣਥੱਕ ਮਿਹਨਤ ਨਾਲ ਕੀਤਾ ਅਤੇ ਸਮਾਜ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਰੋਜ਼ਾਨਾ ਕਈ ਵਿਚਾਰ ਹਰ ਵਿਅਕਤੀ ਦੇ ਦਿਮਾਗ਼ ਵਿੱਚ ਆਉਂਦੇ ਹਨ, ਪਰ ਬਹੁਤ ਘੱਟ ਲੋਕ ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਹਿੰਮਤ ਰੱਖਦੇ ਹਨ। ਜਦੋਂ ਤਕ ਅਸੀਂ ਆਪਣੇ ਸੁਪਨੇ ਜਾਂ ਵਿਚਾਰ ਨੂੰ ਪੂਰਾ ਕਰਨ ਲਈ ਯਤਨ ਜਾਂ ਸੰਘਰਸ਼ ਨਹੀਂ ਕਰਦੇ, ਉਹ ਵਿਚਾਰ ਸਿਰਫ਼ ਵਿਚਾਰ ਜਾਂ ਸੁਪਨਾ ਹੀ ਰਹਿ ਜਾਂਦੇ ਹਨ ਕਦੇ ਹਕੀਕਤ ਨਹੀਂ ਬਣ ਪਾਉਂਦੇ। ਇਹੀ ਕਿਹਾ ਜਾ ਸਕਦਾ ਹੈ ਕਿ ਸੰਘਰਸ਼ ਬਿਨਾਂ ਤਰੱਕੀ ਨਹੀਂ।

# ਮੁੱਖ ਮੰਤਰੀ ਸੈਣੀ ਨੇ ਮਹਾਕੁੰਭ ਲਈ ਮੀਡੀਆ ਪਰਸਨਜ਼ ਦੀ ਬੱਸਾਂ ਨੂੰ ਝੰਡੀ ਦਿਖਾ ਕੇ ਕੀਤਾ ਰਵਾਨਾ

**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਅੱਜ ਇੱਥੇ ਮਹਾਕੁੰਭ ਪ੍ਰਯਾਗਰਾਜ ਦੇ ਲਈ ਮੀਡੀਆ ਪਰਸਨਸ ਦੀ 2 ਬੱਸਾਂ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ ਅਤੇ ਉਨ੍ਹਾਂ ਦੀ ਸੁਰੱਖਿਅਤ ਯਾਤਰਾ ਦੀ ਮਾਕਨਾ ਕੀਤੀ। ਇਸ ਮੌਕੇ 'ਤੇ ਉਨ੍ਹਾਂ ਨੇ ਮੀਡੀਆ ਪਰਸਨਸ ਨਾਲ ਗਲਬਾਤ ਕਰਦੇ ਹੋਏ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਜਨਤਾ ਦੀ ਸਹੂਲਤ ਲਈ ਮਹਾਕੁੰਭ ਪ੍ਰਯਾਗਰਾਜ ਲਈ ਵਿਸ਼ੇਸ਼ ਬੱਸਾਂ ਚਲਾਈ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ਼ਰਧਾਲੂਆਂ ਨੂੰ ਮੁੱਖ ਮੰਤਰੀ ਤੀਰਥ ਦਰਸ਼ਨ ਯੋਜਨਾ ਦੇ ਜਰਇਏ ਦੇਸ਼ ਦੇ ਮਹਤੱਵਪੂਰਣ ਤੀਰਥ ਸਥਾਨਾ ਦੇ ਦਰਸ਼ਨ ਕਰਾਏ ਜਾਂਦੇ ਹਨ। ਮਹਾਕੁੰਭ ਮੇਲੇ ਦੇ ਦਰਸ਼ਨ ਤੇ ਪਵਿੱਤ ਇਸ਼ਨਾਲ ਵਿਚ ਸ਼ਾਮਿਲ ਹੋਣ ਲਈ ਸੀਨੀਅਰ ਨਾਗਰਿਕਾਂ ਦੀ ਸਹੂਲਤ ਤਹਿਤ ਰਾਜ ਸਰਕਾਰ ਨੇ ਮੁੱਖ ਮੰਤਰੀ ਤੀਰਥ ਦਰਸ਼ਨ ਯੋਜਨਾ ਦਾ ਵਿਸਤਾਰ ਕਰਦੇ ਹੋਏ ਮਹਾਕੁੰਭ ਨੂੰ ਇਸ ਯੋਜਨਾ ਵਿਚ ਸ਼ਾਮਿਲ ਕੀਤਾ ਹੈ।ਮਹਾਕੁੰਭ ਲਈ ਪਹਿਲੇ ਜੱਥੇ ਨੂੰ ਰਵਾਨਾ ਕੀਤਾ ਸੀ। ਇਸ ਯੋਜਨਾ ਤਹਿਤ ਪੂਰੇ ਸੂਬੇ ਤੋਂ ਹੁਣ ਤੱਕ ਵੱਡੀ ਗਿਣਤੀ ਵਿਚ ਯਾਤਰੀ ਅਯੋਧਿਆ ਸਮੇਤ ਹੋਰ ਤੀਰਥ ਸਥਾਨਾਂ ਦਾ ਦੌਰਾ ਕਰ ਚੁੱਕੇ ਹਨ।

ਵਰਨਣਯੋਗ ਹੈ ਕਿ ਮੁੱਖ ਮੰਤਰੀ ਤੀਰਥ ਦਰਸ਼ਨ ਯੋਜਨਾ ਤਹਿਤ ਸੂਬਾ ਸਰਕਾਰ ਵੱਲੋਂ 60 ਸਾਲ ਤੋਂ ਵੱਧ ਉਮਰ ਦੇ ਬਜੁਰਗਾਂ ਨੂੰ ਮੁਫਤ ਤੀਰਥ ਯਾਤਰਾ ਕਰਵਾਈ ਜਾਂਦੀ ਹੈ ਜਿਨ੍ਹਾਂ ਦੀ ਪਰਿਵਾਰਕ ਸਾਲਾਨਾ ਆਮਦਨ 1 ਲੱਖ 80 ਹਜਾਰ ਰੁਪਏ ਤੋਂ ਘੱਟ ਹੁੰਦੀ ਹੈ। ਸ਼ਰਧਾਂਲੂਆਂ ਨੂੰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਸਰਲ ਪੋਰਟਲ 'ਤੇ ਰਜਿਸਟ੍ਰੇਸ਼ਨ ਕਰਵਾਉਣਾ ਜਰੂਰੀ ਹੈ। ਹਰਿਆਣਾ ਸਰਕਾਰ ਦਾ ਉਦੇਸ਼ ਹੈ ਕਿ ਗਰੀਬ ਪਰਿਵਾਰਾਂ ਨੂੰ ਵੀ ਦੇਵਸਥਾਨਾਂ ਦੇ ਦਰਸ਼ਨ ਦਾ ਲਾਭ ਮਿਲੇ, ਇਸ ਨਾਲ ਪਵਿੱਤ ਕਾਰਜ ਕੋਈ ਨਹੀਂ ਹੈ।

ਇਸ ਮੌਕੇ 'ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ, ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਅਤੇ ਸੂਚਨਾ, ਜਨ ਸੰਪਰਕ, ਭਾਸ਼ਾ ਅਤੇ ਸਭਿਆਚਾਰ ਵਿਭਾਗ ਦੇ ਮਹਾਨਿਦੇਸ਼ਕ ਕੇ. ਮਕਰੰਦ ਪਾਂਡੂਰੰਗ ਅਤੇ ਮੀਡੀਆ ਸਕੱਤਰ ਪ੍ਰਵੀਨ ਅੱਤਰੇ ਵੀ ਮੌਜੂਦ ਸਨ।

# ਹਰਿਆਣਾ ਪੀਡਬਲਿਊਡੀ ਮਕੈਨੀਕਲ ਵਰਕਰਜ਼ ਯੂਨੀਅਨ ਵੱਲੋਂ ਧਰਨਾ



**ਯਮੁਨਾਨਗਰ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਹਰਿਆਣਾ ਪੀਡਬਲਿਊਡੀ ਮਕੈਨੀਕਲ ਵਰਕਰਜ਼ ਯੂਨੀਅਨ ਮੁੱਖ ਦਫ਼ਤਰ ਚਰਖੀ ਦਾਦਰੀ, ਕਰਨਾਲ ਯੂਨੀਅਨ ਦੇ ਸੱਦੇ 'ਤੇ ਵਰਕਰ ਯੂਨੀਅਨ ਜ਼ਿਲ੍ਹਾ ਕਮੇਟੀ ਯਮੁਨਾਨਗਰ ਵੱਲੋਂ ਜ਼ਿਲ੍ਹਾ ਪ੍ਰਧਾਨ ਸੁਰੇਂਦਰ ਸੈਣੀ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਯੂਨੀਅਨ ਆਗੂਆਂ ਨੇ ਜ਼ਿਲ੍ਹਾ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ।

ਅੱਜ ਦੇ ਧਰਨਾ ਪ੍ਰਦਰਸ਼ਨ ਦੀ ਅਗਵਾਈ ਜ਼ਿਲ੍ਹਾ ਸਕੱਤਰ ਪ੍ਰਦੀਪ ਕੁਮਾਰ, ਸੂਬਾ ਚੇਅਰਮੈਨ ਸਤਪਾਲ ਵਰਮਾ, ਸੂਬਾ ਖਜ਼ਾਨਚੀ ਬਲਰਾਜ ਰਾਣਾ ਅਤੇ ਸੂਬਾ ਸੰਗਠਨ ਸਕੱਤਰ ਪ੍ਰਦੀਪ ਕੁਮਾਰ ਨੇ ਕੀਤੀ। ਇਸ ਦੌਰਾਨ ਆਗੂਆਂ ਨੇ ਸਰਕਾਰ ਦੀਆਂ ਕਰਮਚਾਰੀ ਵਿਰੋਧੀ ਨੀਤੀਆਂ ਦੀ ਆਲੋਚਨਾ ਕੀਤੀ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਸਿੰਜਾਈ ਵਿਭਾਗ ਵੱਲੋਂ ਕੌਸ਼ਲ ਰੁਜ਼ਗਾਰ ਨਿਗਮ ਦੇ ਪੋਰਟਲ 'ਤੇ ਅਪਲੋਡ ਕੀਤੇ ਗਏ ਕਰਮਚਾਰੀਆਂ ਨੂੰ ਨੌਕਰੀ 'ਤੇ ਵਾਪਸ ਲਿਆ ਜਾਵੇ ਅਤੇ ਨਾਲ ਹੀ 21 ਸੂਤਰੀ ਮੰਗ ਪੱਤਰ ਵਿੱਚ ਜੋ ਮੰਗਾਂ ਸਰਕਾਰ ਨੂੰ ਭੇਜੀਆਂ ਗਈਆਂ ਹਨ, ਉਨ੍ਹਾਂ ਨੂੰ ਗੱਲਬਾਤ ਰਾਹੀਂ ਜਲਦੀ ਤੋਂ ਜਲਦੀ ਹੱਲ ਕਰਨ ਦੀ ਅਪੀਲ ਕੀਤੀ ਗਈ। ਇਸ ਦੌਰਾਨ ਉਨ੍ਹਾਂ ਮੰਗ ਕੀਤੀ ਕਿ 15 ਸਾਲਾਂ ਤੋਂ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਸਥਾਈ ਕੀਤਾ ਜਾਵੇ, ਜਨ ਸਿਹਤ ਇੰਜਨੀਅਰਿੰਗ ਵਿਭਾਗ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਸੇਵਾਮੁਕਤੀ ਯੋਜਨਾ ਵਿੱਚ ਸ਼ਾਮਲ ਕੀਤਾ ਜਾਵੇ, 25,500 ਰੁਪਏ ਦਾ ਗ੍ਰੇਡ ਪੇਅ ਦਿੱਤਾ ਜਾਵੇ, ਐੱਲਟੀਸੀ ਦੀ ਸਹੂਲਤ ਦਿੱਤੀ ਜਾਵੇ। ਅੱਜ ਵਿਰੋਧ ਪ੍ਰਦਰਸ਼ਨ ਵਿੱਚ ਆਦਿੱਤਿਆ, ਸਗੀਰ ਅਹਿਮਦ, ਹਰੀਸ਼, ਗੁਲਸ਼ੇਰ ਛਛਰੌਲੀ, ਧਰਮਵੀਰ, ਸੋਨੂੰ, ਅਨੁਰਾਗ ਰਾਣਾ, ਜਸਵੰਤ, ਕੁਲਵੰਤ ਸ਼ਰਮਾ ਮੌਜੂਦ ਸਨ।

# ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵਿਖੇ ਠੇਕੇ ਦੇ ਆਧਾਰ 'ਤੇ 11 ਮਹੀਨਿਆਂ ਲਈ ਕਲਰਕ ਦੀ ਅਸਾਮੀ 'ਤੇ ਨਿਯੁਕਤੀ ਲਈ ਅਰਜ਼ੀਆਂ ਦੀ ਮੰਗ

**ਜਲੰਧਰ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ (ਰਿਟਾ.) ਨੇ ਦੱਸਿਆ ਕਿ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਜਲੰਧਰ ਵਿਖੇ ਠੇਕੇ ਦੇ ਅਧਾਰ 'ਤੇ 11 ਮਹੀਨਿਆਂ ਲਈ ਕਲਰਕ ਦੀ ਅਸਾਮੀ 'ਤੇ ਨਿਯੁਕਤੀ ਕੀਤੀ ਜਾਣੀ ਹੈ। ਉਨ੍ਹਾਂ ਦੱਸਿਆ ਕਿ ਕਲਰਕ ਦੀ ਅਸਾਮੀ ਲਈ ਉਮੀਦਵਾਰ ਦੀ ਘੱਟੋ-ਘੱਟ ਵਿਦਿਅਕ ਯੋਗਤਾ ਗ੍ਰੈਜੂਏ ੇਸ਼ਨ ਅਤੇ ਉਮੀਦਾਵਰ ਅਕਾਊਂਟ ਦੇ ਕੰਮ ਦਾ ਤਜਰਬਾ, ਨਿਰਧਾਰਿਤ ਸਪੀਡ ਵਿੱਚ ਕੰਪਿਊਟਰ 'ਤੇ ਪੰਜਾਬੀ ਅਤੇ ਅੰਗਰੇਜ਼ੀ ਟਾਈਪਿੰਗ ਵਿੱਚ ਚੰਗੀ ਮੁਹਾਰਤ ਰੱਖਦਾ ਹੋਵੇ। ਉਨ੍ਹਾਂ ਦੱਸਿਆ ਕਿ ਉਮੀਦਵਾਰ ਆਰਮੀ, ਨੇਵੀ ਅਤੇ ਹਵਾਈ ਸੈਨਾ ਵਿੱਚੋਂ ਸੇਵਾ ਮੁਕਤ ਹੋਇਆ ਹੋਵੇ।

ਉਨ੍ਹਾਂ ਅੱਗੇ ਦੱਸਿਆ ਕਿ ਕਲਰਕ ਨੂੰ ਪ੍ਰਤੀ ਮਹੀਨਾ 16,000 ਰੁਪਏ ਉਕਾ-ਪੁੱਕਾ ਤਨਖਾਹ ਦਿੱਤੀ ਜਾਵੇਗੀ ਤੇ ਚਾਹਵਾਨ ਉਮੀਦਵਾਰ ਆਪਣਾ ਬਾਇਓਡਾਟਾ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਸ਼ਾਸਤਰੀ ਮਾਰਕੀਟ, ਲਾਡੋਵਾਲੀ ਰੋਡ, ਜਲੰਧਰ-144001 ਵਿਖੇ 8 ਫਰਵਰੀ 2025 ਸ਼ਾਮ 5.00 ਵਜੇ ਤੱਕ ਜਮ੍ਹਾ ਕਰਵਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਸਾਬਕਾ ਸੈਨਿਕ ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਸਿਵਲੀਅਨ ਨੂੰ ਵੀ ਵਿਚਾਰਿਆ ਜਾ ਸਕਦਾ ਹੈ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਕਿਸੇ ਵੀ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

# ਸਮਾਜਸੇਵੀਆਂ ਵੱਲੋਂ ਨਿਗਮ ਅਤੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ



**ਯਮੁਨਾਨਗਰ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਸਮਾਜ ਸੇਵੀ ਆਗਾਜ਼ ਦੇ ਮੈਂਬਰਾਂ ਨੇ ਸ਼ਹਿਰ ਦੀਆਂ ਟੁੱਟੀਆਂ ਸੜਕਾਂ ਦੇ ਮੁੱਦੇ 'ਤੇ ਇੱਕ ਮੰਗ ਪੱਤਰ ਸੌਂਪਿਆ ਜ਼ਿਲ੍ਹਾ ਪ੍ਰਸ਼ਾਸਨ ਨੂੰ ਸੌਂਪਿਆ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਟੁੱਟੀਆਂ ਸੜਕਾਂ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਵਾਈ ਜਾਵੇ । ਮੰਗ ਪੱਤਰ ਦੇਣ ਗਏ ਸੰਸਥਾ ਦੇ ਆਗੂਆਂ ਦਾ ਕਹਿਣਾ ਸੀ ਕਿ ਅਧਿਕਾਰੀਆਂ ਦਾ ਰਵੱਈਆ ਨਕਾਰਾਤਮਕ ਰਿਹਾ। ਉਨ੍ਹਾਂ ਮੁਤਾਬਕ ਕਾਫ਼ੀ ਦੇਰ ਇੰਤਜ਼ਾਰ ਕਰਨ ਤੋਂ ਬਾਅਦ ਵੀ ਏਡੀਸੀ ਮੈਮੋਰੰਡਮ ਲੈਣ ਹੀ ਨਹੀਂ ਆਏ, ਉਸ ਤੋਂ ਬਾਅਦ ਅਧਿਕਾਰੀਆਂ ਨੇ ਉਨ੍ਹਾਂ ਨੂੰ ਦੱਸਿਆ ਕਿ ਪੰਜ ਵਿਅਕਤੀ ਉਪਰਲੀ ਮੰਜ਼ਿਲ 'ਤੇ ਜਾ ਕੇ ਮੈਮੋਰੰਡਮ ਜਮ੍ਹਾਂ ਕਰਵਾ ਸਕਦੇ ਹਨ । ਜਦੋਂ ਪੰਜ ਵਿਅਕਤੀ ਮੈਮੋਰੰਡਮ ਦੇਣ ਲਈ ਉੱਪਰ ਪਹੁੰਚੇ, ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਏਡੀਸੀ ਮੀਟਿੰਗ ਵਿੱਚ ਹਨ ਅਤੇ ਤੁਹਾਨੂੰ ਹੋਰ ਇੰਤਜ਼ਾਰ ਕਰਨਾ ਪਵੇਗਾ। ਮਗਰੋਂ ਸੰਸਥਾ ਦੇ ਸਾਰੇ ਮੈਂਬਰ ਦੁਬਾਰਾ ਹੇਠਾਂ ਆ ਗਏ ਅਤੇ ਨਿਗਮ ਅਤੇ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ ।ਇਸ ਮਗਰੋਂ ਸੀਟੀਐੱਮ ਆਏ ਅਤੇ ਉਨ੍ਹਾਂ ਦਾ ਮੈਮੋਰੰਡਮ ਲੈ ਗਏ। ਆਗਾਜ਼ ਸੰਗਠਨ ਦੇ ਸੰਸਥਾਪਕ ਬਲਬੀਰ ਸਿੰਘ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਅਧਿਕਾਰੀ ਰਾਜਿਆਂ ਵਾਂਗ ਵਿਵਹਾਰ ਕਰਦੇ ਹਨ ਅਤੇ ਜਨਤਾ ਦਾ ਸਤਿਕਾਰ ਨਹੀਂ ਕਰਦੇ। ਸੰਸਥਾ ਦੇ ਕਨਵੀਨਰ ਰਾਹੁਲ ਭਾਨ ਕਾਫ਼ੀ ਸਮੇਂ ਤੋਂ ਸੋਸ਼ਲ ਮੀਡੀਆ ਰਾਹੀਂ ਟੁੱਟੀਆਂ ਸੜਕਾਂ ਦਾ ਮੁੱਦਾ ਚੁੱਕ ਰਹੇ ਹਨ । ਉਨ੍ਹਾਂ ਕਿਹਾ ਕਿ ਵਾਰ-ਵਾਰ ਟੁੱਟੀਆਂ ਸੜਕਾਂ ਦਾ ਮੁੱਦਾ ਚੁੱਕਣ ਦੇ ਬਾਵਜੂਦ, ਅਧਿਕਾਰੀ ਇਸ ਬਾਰੇ ਕੁਝ ਨਹੀਂ ਕਰ ਰਹੇ। ਜਗਾਧਰੀ ਤੋਂ ਆਏ ਸੋਨੂੰ ਹਰਜਾਈ ਨੇ ਕਿਹਾ ਕਿ ਜਗਾਧਰੀ ਦੀਆਂ ਸੜਕਾਂ ਦੀ ਹਾਲਤ ਵੀ ਬਹੁਤ ਮਾੜੀ ਹੈ ਅਤੇ ਅਸੀਂ ਅਧਿਕਾਰੀਆਂ ਤੋਂ ਮੰਗ ਕਰਦੇ ਹਾਂ ਕਿ ਇਨ੍ਹਾਂ ਦੀ ਜਲਦੀ ਤੋਂ ਜਲਦੀ ਮੁਰੰਮਤ ਕੀਤੀ ਜਾਵੇ। ਇਸ ਮੌਕੇ ਸਾਬਕਾ ਡਿਪਟੀ ਰਾਮਪਾਲ, ਕਾਂਗਰਸ ਨੇਤਾ ਦਿਨੇਸ਼ ਡੁਮਰਾ, ਸੁਮਿਤ ਪਾਲ ਸਿੰਘ, ਸ਼ਕੁੰਤਲਾ, ਵੀਨਾ ਰਾਣੀ, ਸ਼ਿਵਦਿਆਲ, ਗੁੱਡੂ ਭਾਟੀਆ, ਮਨੋਜ, ਰਾਮ ਵਰਮਾ, ਜਸਵਿੰਦਰ ਸਿੰਘ ਸੰਧੂ ਆਦਿ ਮੌਜੂਦ ਸਨ।

# ਡੀਸੀ ਵੱਲੋਂ ਵੱਖ-ਵੱਖ ਅਧਿਕਾਰੀਆਂ ਨਾਲ ਮੀਟਿੰਗ



**ਲੁਧਿਆਣਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਸਨਅਤੀ ਸ਼ਹਿਰ ਵਿੱਚ ਸੜਕ ਹਾਦਸਿਆਂ ਦੀ ਰੋਕਥਾਮ ਅਤੇ ਕੀਮਤੀ ਜਾਨਾਂ ਬਚਾਉਣ ਲਈ ਡੀਸੀ ਜਤਿੰਦਰ ਜੋਰਵਾਲ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐੱਨ.ਐੱਚ.ਏ.ਆਈ.), ਨਗਰ ਨਿਗਮ, ਟਰੈਫਿਕ ਪੁਲੀਸ ਅਤੇ ਹੋਰਾਂ ਸਮੇਤ ਵੱਖ-ਵੱਖ ਏਜੰਸੀਆਂ ਨੂੰ ਲੁਧਿਆਣਾ ਦੀਆਂ ਸੜਕਾਂ 'ਤੇ ਸਾਰੇ 77 ਬਲੈਕ ਸਪਾਟਾਂ ਨੂੰ ਤੁਰੰਤ ਠੀਕ ਕਰਨ ਦੇ ਨਿਰਦੇਸ਼ ਦਿੱਤੇ। ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਜਿਨ੍ਹਾਂ ਵਿੱਚ ਆਰਟੀਓ, ਐੱਸਡੀਐੱਮਜ਼ ਅਤੇ ਲੁਧਿਆਣਾ ਟਰੈਫਿਕ ਪੁਲੀਸ ਅਤੇ ਖੰਨਾ ਅਤੇ ਲੁਧਿਆਣਾ ਦਿਹਾਤੀ ਟਰੈਫਿਕ ਪੁਲੀਸ ਦੇ ਅਧਿਕਾਰੀ ਸ਼ਾਮਲ ਸਨ, ਉਨ੍ਹਾਂ ਨਾਲ ਮੀਟਿੰਗ ਦੌਰਾਨ ਡੀਸੀ ਵੱਲੋਂ ਸਬੰਧਤ ਏਜੰਸੀਆਂ ਨੂੰ ਰਾਹਗੀਰਾਂ ਲਈ ਸੁਰੱਖਿਅਤ ਰਸਤਾ ਯਕੀਨੀ ਬਣਾਉਣ ਲਈ ਇਨ੍ਹਾਂ ਬਲੈਕ ਸਪਾਟਾਂ ਦਾ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ।

ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਵੱਲੋਂ ਸਾਰੇ ਸਕੂਲਾਂ ਨੂੰ 'ਸੇਫ਼ ਸਕੂਲ ਵਾਹਨ ਨੀਤੀ' ਦੀ ਪਾਲਣਾ ਦੀ ਪੁਸ਼ਟੀ ਕਰਨ ਵਾਲਾ ਸਵੈ-ਘੋਸ਼ਣਾ ਪੱਤਰ ਜਮ੍ਹਾਂ ਕਰਵਾਉਣ ਲਈ ਵੀ ਕਿਹਾ ਬੇਸ਼ੱਕ ਉਨ੍ਹਾਂ ਆਵਾਜਾਈ ਸੇਵਾਵਾਂ ਆਊਟਸੋਰਸ ਕੀਤੀਆਂ ਹਨ ਜਾਂ ਨਹੀਂ। ਸਕੂਲਾਂ ਨੂੰ ਪ੍ਰਸ਼ਾਸਨ ਨੂੰ ਵਾਹਨ ਮਾਲਕਾਂ ਦੇ ਵੇਰਵੇ ਅਤੇ ਜ਼ਰੂਰੀ ਦਸਤਾਵੇਜ਼ ਪ੍ਰਦਾਨ ਕਰਨੇ ਵੀ ਲਾਜ਼ਮੀ ਹਨ।

ਡਿਪਟੀ ਕਮਿਸ਼ਨਰ ਸ੍ਰੀ ਜੋਰਵਾਲ ਵੱਲੋਂ ਟਰੈਫਿਕ ਪੁਲੀਸ ਨੂੰ ਸ਼ਹਿਰ ਦੇ ਮੁੱਖ ਸਕੂਲਾਂ ਦੇ ਖੁੱਲ੍ਹਣ ਅਤੇ ਬੰਦ ਹੋਣ ਦੇ ਸਮੇਂ ਦੌਰਾਨ ਵਨ ਵੇਅ ਟਰੈਫਿਕ ਨਿਯਮ ਲਾਗੂ ਕਰਨ, ਵਾਹਨਾਂ ਦੀ ਪਾਰਕਿੰਗ ਅਤੇ ਸੜਕ ਕਿਨਾਰੇ ਰੁਕਣ 'ਤੇ ਪਾਬੰਦੀ ਲਗਾਉਣ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਸਕੂਲਾਂ ਨੂੰ ਆਪਣੇ ਮੁੱਖ ਗੇਟ ਦੇ ਬਾਹਰ ਟਰੈਫਿਕ ਜਾਮ ਨੂੰ ਰੋਕਣ ਲਈ ਢੁਕਵੇਂ ਪਾਰਕਿੰਗ ਪ੍ਰਬੰਧ ਕਰਨ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਪੁਲੀਸ ਨੂੰ ਕਿਸੇ ਵੀ ਉਲੰਘਣਾ ਲਈ ਜੁਰਮਾਨੇ ਕਰਨ ਦੇ ਨਿਰਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਸਿਫਾਰਸ਼ ਕੀਤੀ ਕਿ ਸਕੂਲ ਪ੍ਰਬੰਧਨ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਅਸੁਰੱਖਿਅਤ ਆਵਾਜਾਈ ਤਰੀਕਿਆਂ ਦੀ ਵਰਤੋਂ ਦੀ ਰਿਪੋਰਟ ਕਰਨ ਬਾਰੇ ਜਾਗਰੂਕ ਕਰਨ। ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਅਧਿਕਾਰੀਆਂ ਦੁਆਰਾ ਢੁਕਵੀਂ ਕਾਰਵਾਈ ਵੀ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਡੀਸੀ ਸ੍ਰੀ ਜੋਰਵਾਲ ਵੱਲੋਂ ਚੀਮਾ ਚੌਕ, ਗਿੱਲ ਚੌਕ, ਸਮਰਾਲਾ ਚੌਕ, ਸਾਹਨੇਵਾਲ ਚੌਕ, ਕੋਹਾੜਾ ਚੌਕ ਅਤੇ ਵਿਸ਼ਵਕਰਮਾ ਚੌਕ 'ਚ ਟਰੈਫਿਕ ਜਾਮ ਦੇ ਮੁੱਦੇ ਬਾਰੇ ਵੀ ਚਰਚਾ ਕੀਤੀ, ਟਰੈਫਿਕ ਪੁਲੀਸ ਨੂੰ ਆਵਾਜਾਈ ਨੂੰ ਸੁਖਾਵਾਂ ਬਣਾਉਣ ਲਈ ਉਪਾਅ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਵੱਧ ਤੋਂ ਵੱਧ ਜਾਗਰੂਕਤਾ ਗਤੀਵਿਧੀਆਂ ਕਰਨ ਲਈ ਟਰਾਂਸਪੋਰਟ, ਪੁਲੀਸ, ਸਿੱਖਿਆ, ਨਗਰ ਨਿਗਮ ਅਤੇ ਹੋਰ ਵਿਭਾਗਾਂ ਵਿਚਕਾਰ ਸਹਿਯੋਗ ਦਾ ਸੱਦਾ ਦਿੱਤਾ। ਉਨ੍ਹਾਂ ਐੱਸਡੀਐੱਮਜ਼ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਸੜਕ ਸੁਰੱਖਿਆ ਜਾਗਰੂਕਤਾ ਪਹਿਲਕਦਮੀਆਂ ਕਰਨ ਦੇ ਵੀ ਨਿਰਦੇਸ਼ ਦਿੱਤੇ।

# ਕਰੂਜ਼ਰ ਹਾਦਸਾ: ਹਿਸਾਰ ਮੰਡਲ ਕਮਿਸ਼ਨਰ ਅਤੇ ਡੀਸੀ ਵੱਲੋਂ ਮੌਕੇ ਦਾ ਦੌਰਾ



**ਰਤੀਆ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਹਿਸਾਰ ਮੰਡਲ ਕਮਿਸ਼ਨਰ ਏ.ਸ੍ਰੀਨਿਵਾਸ ਅਤੇ ਡੀਸੀ ਮਨਦੀਪ ਕੌਰ ਨੇ ਸਰਦਾਰੇਵਾਲਾ ਭਾਖੜਾ ਪੁਲ 'ਤੇ ਹੋਈ ਦੁਰਘਟਨਾ ਵਾਲੀ ਥਾਂ ਦਾ ਨਿਰੀਖਣ ਕੀਤਾ। ਉਨ੍ਹਾਂ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਵੀ ਦਿੱਤੇ ਅਤੇ ਰਾਹਤ ਅਤੇ ਬਚਾਅ ਕਾਰਜਾਂ ਦੀ ਸਮਿਖਿਆ ਕੀਤੀ। ਇਸ ਦੌਰਾਨ ਮੰਡਲ ਕਮਿਸ਼ਨਰ ਨੇ ਪਿੰਡ ਮਹਿਮੜਾ ਪਹੁੰਚ ਕੇ ਹਾਦਸੇ ਵਿੱਚ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਿਕ ਮੈਂਬਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵਲੋਂ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਰੋਕਣ ਲਈ ਜ਼ਰੂਰੀ ਕਦਮ ਚੁੱਕੇ ਜਾਣਗੇ। ਜ਼ਿਕਰਯੋਗ ਹੈ ਕਿ ਪਿੰਡ ਖਾਈ ਅਤੇ ਸਰਦਾਰੇਵਾਲਾ ਵਿਚਕਾਰ ਭਾਖੜਾ ਨਹਿਰ ਦੇ ਪੁਲ ਦੀ ਪਟੜੀ 'ਤੇ ਸੁਰੱਖਿਆ ਦੀਵਾਰ ਨਾ ਹੋਣ ਕਾਰਨ ਸ਼ੁੱਕਰਵਾਰ ਰਾਤ ਕਰੂਜ਼ਰ ਗੱਡੀ ਭਾਖੜਾ ਵਿੱਚ ਡਿੱਗ ਪਈ ਸੀ, ਜਿਸ ਕਾਰਨ 12 ਲੋਕ ਪਾਣੀ ਵਿੱਚ ਵਹਿ ਗਏ ਸਨ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਜਿੱਥੇ ਜ਼ਰੂਰਤ ਹੈ ਉਨ੍ਹਾਂ ਦੇ ਮੁਤਾਬਕ ਬੀਐੱਮਬੀ (ਭਾਖੜਾ ਮੇਨ ਬ੍ਰਾਂਚ) ਦੇ ਪੁਲਾਂ ਉੱਤੇ ਰੇਲਿੰਗ ਲਗਾਉਣ ਦਾ ਫ਼ੈਸਲਾ ਲਿਆ ਹੈ। ਇਸ ਕਾਰਜ ਨੂੰ ਛੇਤੀ ਸ਼ੁਰੂ ਕੀਤਾ ਜਾਵੇਗਾ ਅਤੇ ਇਸ ਦੀ ਜ਼ਿੰਮੇਵਾਰੀ ਸਿੰਜਾਈ ਵਿਭਾਗ ਨੂੰ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਜਨਤਾ ਦੀ ਸੁਰੱਖਿਆ ਨੂੰ ਪਹਿਲ ਦਿੰਦੇ ਹੋਏ ਤੇਜ਼ੀ ਨਾਲ ਇਸ ਯੋਜਨਾ ਉੱਤੇ ਕੰਮ ਕਰੇਗੀ। ਉਨ੍ਹਾਂ ਭਰੋਸਾ ਦਿਵਾਇਆ ਹੈ ਕਿ ਇਹ ਕਾਰਜ ਜਲਦੀ ਪੂਰਾ ਕੀਤਾ ਜਾਵੇਗਾ। ਡੀਸੀ ਮਨਦੀਪ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2 ਲੱਖ ਅਤੇ ਜ਼ਖ਼ਮੀਆਂ ਨੂੰ 1 ਲੱਖ ਦੀ ਸਹਾਇਤਾ ਰਾਸ਼ੀ ਦੇਣ ਦੀ ਘੋਸ਼ਣਾ ਕੀਤੀ ਹੈ। ਇਸ ਤੋਂ ਇਲਾਵਾ ਸਰਕਾਰ ਵਲੋਂ ਪੀੜਤ ਪਰਿਵਾਰਾਂ ਨੂੰ ਹੋਰ ਜ਼ਰੂਰੀ ਸਹਾਇਤਾ ਵੀ ਦਿੱਤੀ ਜਾਵੇਗੀ। ਇਸ ਮੌਕੇ ਐੱਸਡੀਐਮ ਜਗਦੀਸ਼ ਚੰਦਰ, ਡੀਐੱਸਪੀ ਜੈਪਾਲ ਸਿੰਘ, ਡੀਆਰਓ ਸ਼ਿਆਮ ਲਾਲ ਹਾਜ਼ਰ ਸਨ।

# ਡਿਪਟੀ ਮੇਅਰ ਪ੍ਰਿੰਸ ਜੌਹਰ ਨੇ ਅਹੁਦਾ ਸੰਭਾਲਿਆ



**ਲੁਧਿਆਣਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਸ਼ਹਿਰ ਦੇ ਹਾਲ ਹੀ ਵਿੱਚ ਚੁਣੇ ਗਏ ਡਿਪਟੀ ਮੇਅਰ ਪ੍ਰਿੰਸ ਜੌਹਰ ਨੇ ਅੱਜ ਗਿੱਲ ਰੋਡ 'ਤੇ ਨਗਰ ਨਿਗਮ ਦੇ ਜ਼ੋਨ ਸੀ ਦਫ਼ਤਰ ਵਿੱਚ ਅਹੁਦਾ ਸੰਭਾਲ ਲਿਆ। ਨਗਰ ਨਿਗਮ ਦੇ ਅਧਿਕਾਰੀਆਂ ਅਤੇ ਕੌਂਸਲਰਾਂ ਨਾਲ ਮੀਟਿੰਗ ਕਰਦਿਆਂ ਡਿਪਟੀ ਮੇਅਰ ਸ੍ਰੀ ਜੌਹਰ ਨੇ ਕਿਹਾ ਕਿ ਉਹ ਜਨਤਾ ਅਤੇ ਨਗਰ ਨਿਗਮ ਵਿਚਕਾਰ ਪੁਲ ਵਜੋਂ ਕੰਮ ਕਰਨਗੇ। ਉਨ੍ਹਾਂ ਦਾ ਉਦੇਸ਼ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਨਾ, ਜਨਤਕ ਸ਼ਿਕਾਇਤਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨਾ ਅਤੇ ਸਮਾਜ ਦੀ ਬਿਹਤਰੀ ਲਈ ਕੰਮ ਕਰਨਾ ਹੋਵੇਗਾ। ਇਸ ਸਮਾਗਮ ਦੌਰਾਨ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ, ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਮਰਹੂਮ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਦੀ ਪਤਨੀ ਡਾ. ਸੁਖਚੈਨ ਬੱਸੀ ਗੋਗੀ, ਕੌਂਸਲਰ ਯੁਵਰਾਜ ਸਿੰਘ, ਕੌਂਸਲਰ ਸੋਹਣ ਸਿੰਘ ਗੋਗਾ, ਕੌਂਸਲਰ ਕੋਮਲ ਪ੍ਰੀਤ, ਕੌਂਸਲਰ ਜਗਮੀਤ ਸਿੰਘ ਨੋਨੀ, ਕੌਂਸਲਰ ਊਸ਼ਾ ਰਾਣੀ, ਐਡਵੋਕੇਟ ਸਰਤਾਜ ਸਿੱਧੂ, ਕਮਲ ਕਪੂਰ, ਪਰਮਿੰਦਰ ਸੋਮਾ ਤੇ ਮਨੀ ਭਗਤ ਆਦਿ ਹਾਜ਼ਰ ਸਨ। ਇਸ ਮੌਕੇ ਨਗਰ ਨਿਗਮ ਦੇ ਜ਼ੋਨਲ ਕਮਿਸ਼ਨਰ ਗੁਰਪਾਲ ਸਿੰਘ, ਸੁਪਰਡੈਂਟ ਅਬਦੁਲ ਸੱਤਾਰ ਤੇ ਏਟੀਪੀ ਜਗਦੀਪ ਸਿੰਘ ਵੀ ਮੌਜੂਦ ਸਨ।ਦਫ਼ਤਰ ਵਿੱਚ ਚਾਰਜ ਸੰਭਾਲਣ ਤੋਂ ਪਹਿਲਾਂ ਵਿਧਾਇਕ ਸਿੱਧੂ ਅਤੇ ਡਿਪਟੀ ਮੇਅਰ ਜੌਹਰ ਨੇ ਗਿੱਲ ਰੋਡ 'ਤੇ ਜਨਤਾ ਦਾ ਸਮਰਥਨ ਲਈ ਧੰਨਵਾਦ ਕੀਤਾ। ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਕੰਮ ਨੂੰ ਸੁਚਾਰੂ ਬਣਾਉਣ ਅਤੇ ਨਗਰ ਨਿਗਮ ਦੇ ਦਫ਼ਤਰਾਂ ਵਿੱਚ ਵਸਨੀਕਾਂ ਲਈ ਮੁਸ਼ਕਲ ਰਹਿਤ ਸੇਵਾਵਾਂ ਨੂੰ ਯਕੀਨੀ ਬਣਾਉਣ।

# ਕੌਮਾਂਤਰੀ ਸੂਰਜਕੁੰਡ ਕ੍ਰਾਫਟ ਮੇਲਾ 23 ਤੱਕ

**ਪੰਚਕੂਲਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਹਰਿਆਣਾ ਸੈਰ-ਸਪਾਟਾ ਨਿਗਮ ਦੀ ਪ੍ਰਧਾਨ ਸਕੱਤਰ ਸ੍ਰੀਮਤੀ ਕਲਾ ਰਾਮਚੰਦਰਨ ਨੇ ਕਿਹਾ ਕਿ 38ਵਾਂ ਕੌਮਾਂਤਰੀ ਸੂਰਜਕੁੰਡ ਕ੍ਰਾਫਟਸ ਮੇਲਾ ਸ਼ਾਨੋ-ਸ਼ੌਕਤ ਨਾਲ ਕਰਵਾਇਆ ਜਾਵੇਗਾ। 23 ਫਰਵਰੀ ਤੱਕ ਚੱਲਣ ਵਾਲੇ ਇਸ ਮੇਲੇ ਦੀ ਤਿਆਰੀ ਪ੍ਰਸ਼ਾਸਨ ਤੇ ਸਰਕਾਰ ਵੱਲੋਂ ਬਿਹਤਰੀਨ ਢੰਗ ਨਾਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ 38ਵੇਂ ਸੂਰਜਕੁੰਡ ਕੌਮਾਂਤਰੀ ਕ੍ਰਾਫਟ ਮੇਲੇ ਦੀ ਤਿਆਰੀਆਂ ਨੂੰ ਲੈ ਕੇ ਪ੍ਰਸਾਸ਼ਨਿਕ ਅਧਿਕਾਰੀਆਂ ਦੇ ਨਾਲ ਮੀਟਿੰਗ ਕੀਤੀ।

ਇਸ ਮੌਕੇ ਡਿਪਟੀ ਕਮਿਸ਼ਨਰ ਵਿਕਰਮ ਸਿੰਘ ਵੀ ਮੌਜੂਦ ਸਨ। ਹਰਿਆਣਾ ਸੈਰ-ਸਪਾਟਾ ਨਿਗਮ ਦੀ ਪ੍ਰਧਾਨ ਸਕੱਤਰ ਨੇ ਕਿਹਾ ਕਿ ਸੂਰਜਕੁੰਡ ਮੇਲੇ ਨੂੰ ਡਿਜੀਟਲ ਰੂਪ ਦਿੱਤਾ ਗਿਆ ਹੈ। ਪਹਿਲੀ ਵਾਰ ਸਟਾਲ ਦੀ ਬੁਕਿੰਗ ਆਨਲਾਈਨ ਕੀਤੀ ਗਈ ਹੈ।

# ਨਿਹੰਗ ਜਥੇਬੰਦੀ ਨੇ ਹੋਟਲ ਦੇ ਗੇਟ ਨੂੰ ਜਿੰਦਾ ਲਾਇਆ



**ਜਗਰਾਉਂ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਇੱਥੇ ਮੋਗਾ ਰੋਡ 'ਤੇ ਸਥਿਤ ਇੱਕ ਹੋਟਲ ਦੇ ਗੇਟ ਨੂੰ ਨਿਹੰਗ ਸਿੰਘ ਜਥੇਬੰਦੀ ਨੇ ਜਿੰਦਾ ਲਗਾ ਦਿੱਤਾ। ਉਨ੍ਹਾਂ ਖ਼ਦਸ਼ਾ ਜ਼ਾਹਰ ਕੀਤਾ ਕਿ ਇਸ ਹੋਟਲ ਵਿੱਚ ਕਥਿਤ ਜਿਸਮਫ਼ਰੋਸ਼ੀ ਦੇ ਧੰਦਾ ਚੱਲਦਾ ਹੈ। ਇਸ ਮਗਰੋਂ ਉੱਥੇ ਸਥਿਤੀ ਤਣਾਅਪੂਰਨ ਹੋ ਗਈ। ਜਾਣਕਾਰੀ ਅਨੁਸਾਰ ਨਿਹੰਗ ਜਥੇਬੰਦੀ ਨੇ ਇਸ ਤੋਂ ਪਹਿਲਾਂ ਵੀ ਹੋਟਲ ਪ੍ਰਬੰਧਕਾਂ ਨੂੰ ਚਿਤਾਵਨੀ ਦਿੱਤੀ ਸੀ।

ਇਸ ਬਾਰੇ ਸਤਨਾਮ ਸਿੰਘ ਖਾਲਸਾ ਨੇ ਦੱਸਿਆ ਕਿ ਜਗਰਾਉਂ-ਮੋਗਾ ਰੋਡ 'ਤੇ ਸਥਿਤ ਇੱਕ ਹੋਟਲ ਵਿੱਚ ਨੌਜਵਾਨ ਮੁੰਡੇ-ਕੁੜੀਆਂ ਆਉਂਦੇ-ਜਾਂਦੇ ਰਹਿੰਦੇ ਸਨ। ਲੋਕ ਸਮਝਦੇ ਸਨ ਕਿ ਇੱਥੇ ਕੋਈ ਆਈਲੈੱਟਸ ਸੈਂਟਰ ਹੈ ਪਰ ਇਸ ਹੋਟਲ 'ਚ ਕਥਿਤ ਜਿਸਮਫ਼ਰੋਸ਼ੀ ਦਾ ਧੰਦਾ ਚੱਲਦਾ ਸੀ। ਨਿਹੰਗਾਂ ਨੇ ਦੋਸ਼ ਲਗਾਇਆ ਕਿ ਇਸ ਖ਼ਿਲਾਫ਼ ਚਿਤਾਵਨੀ ਦੇਣ ਦੇ ਬਾਵਜੂਦ ਸਿਆਸੀ ਪਹੁੰਚ ਦੇ ਚੱਲਦਿਆਂ ਪ੍ਰਬੰਧਕਾਂ ਨੇ ਇਹ ਗ਼ਲਤ ਕੰਮ ਬੰਦ ਨਾ ਕੀਤਾ। ਸਤਨਾਮ ਸਿੰਘ ਨੇ ਦੱਸਿਆ ਕਿ ਅੱਜ ਜਦੋਂ ਚਾਰ-ਪੰਜ ਜੋੜੇ ਅੰਦਰ ਚਲੇ ਗਏ ਤਾਂ ਨਿਹੰਗਾਂ ਨੇ ਹੋਟਲ ਦੇ ਗੇਟ ਨੂੰ ਜਿੰਦ ਲਗਾ ਦਿੱਤਾ। ਇਸ ਮਗਰੋਂ ਅੰਦਰ ਮੌਜੂਦ ਮੈਨੇਜਰ ਅਤੇ ਪ੍ਰੇਮੀ ਜੋੜੇ ਪਿਛਲੀ ਕੰਧ ਟੱਪ ਕੇ ਭੱਜ ਗਏ। ਇਸ ਮਗਰੋਂ ਰੌਲਾ ਪੈਣ 'ਤੇ ਇਕੱਤਰ ਹੋਏ ਲੋਕਾਂ ਨੇ ਦੋਸ਼ ਲਗਾਇਆ ਕਿ ਪੁਲੀਸ ਇਸ ਬਾਰੇ ਸਭ ਜਾਣਦੀ ਸੀ ਪਰ ਕੋਈ ਕਾਰਵਾਈ ਨਹੀਂ ਕੀਤੀ।

ਚੌਕੀ ਇੰਚਾਰਜ ਸੁਖਵਿੰਦਰ ਸਿੰਘ ਨੇ ਆਖਿਆ ਕਿ ਜੇ ਕੋਈ ਵੀ ਬਾਲਗ ਆਪਣੀ ਮਰਜ਼ੀ ਨਾਲ ਹੋਟਲ ਵਿੱਚ ਆਉਂਦਾ ਹੈ ਤਾਂ ਪੁਲੀਸ ਕਾਰਵਾਈ ਨਹੀਂ ਕਰ ਸਕਦੀ ਹੈ। ਉਨ੍ਹਾਂ ਆਖਿਆ ਕਿ ਹਾਲ ਦੀ ਘੜੀ ਹੋਟਲ ਦਾ ਜਿੰਦਾ ਖੁੱਲ੍ਹਵਾ ਦਿੱਤਾ ਗਿਆ ਹੈ। ਪੁਲੀਸ ਨੇ ਲੋਕਾਂ ਨੂੰ ਸਹੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

# ਗੁਜਰਾਤੀ ਜੌਹਰੀ ਨੂੰ ਅਮਰੀਕਾ 'ਚ 30 ਮਹੀਨੇ ਜੇਲ੍ਹ

**ਨਿਊ ਜਰਜ਼ੀ, 5 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਬੀਤੇ ਦਿਨ ਮੁੰਬਈ ਦੇ ਰਹਿਣ ਵਾਲੇ ਅਤੇ ਨਿਊ ਜਰਜ਼ੀ ਸੂਬੇ ਦੇ ਜਰਜ਼ੀ ਸਿਟੀ 'ਚ ਰਹਿ ਰਹੇ ਮੋਨੀਸ਼ ਸ਼ਾਹ ਨਾਂ ਦੇ ਇੱਕ ਗੁਜਰਾਤੀ-ਭਾਰਤੀ ਨੂੰ ਅਦਾਲਤ ਨੇ ਕਰੋੜਾਂ ਡਾਲਰ ਦੇ ਘੁਟਾਲੇ ਦੇ ਦੋਸ਼ ਹੇਠ 30 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ। ਹੋਮਲੈਂਡ ਸੈਕਿਓਰਿਟੀ ਇਨਵੈਸਟੀਗੇਸ਼ਨ ਮੁਤਾਬਿਕ ਦੋਸ਼ੀ ਮੋਨੀਸ਼ ਸ਼ਾਹ ਨਿਊ ਯੌਰਕ ਦੇ ਡਾਇਮੰਡ ਡਿਸਟ੍ਰਿਕਟ 'ਚ ਗਹਿਣਿਆਂ ਦੀ ਕੰਪਨੀ ਚਲਾ ਰਿਹਾ ਸੀ ਜਿਸ ਨੇ ਅਮਰੀਕਾ 'ਚ ਦਰਾਮਦ ਕੀਤੇ ਗਏ 13.5 ਮਿਲੀਅਨ ਡਾਲਰ ਦੇ ਗਹਿਣਿਆਂ 'ਤੇ ਕਸਟਮਜ਼ ਡਿਊਟੀ ਨਹੀਂ ਅਦਾ ਕੀਤੀ ਸੀ, ਅਤੇ ਗ਼ੈਰ-ਕਾਨੂੰਨੀ ਢੰਗ ਨਾਲ 10.3 ਮਿਲੀਅਨ ਡਾਲਰ ਦੀ ਵੱਡੀ ਰਕਮ ਵਸੂਲੀ ਸੀ।ਸ਼ੀ ਮੋਨੀਸ਼ ਨੇ ਪਹਿਲਾਂ ਨਿਊ ਜਰਜ਼ੀ ਦੇ ਡਿਸਟ੍ਰਿਕਟ ਲਈ ਅਮਰੀਕੀ ਜ਼ਿਲ੍ਹਾ ਅਦਾਲਤ 'ਚ ਵਾਇਰ ਫ਼ਰੌਡ ਸਾਜ਼ਿਸ਼ ਅਤੇ ਵਾਇਰ ਧੋਖਾਧੜੀ ਦੇ ਦੋਸ਼ਾਂ ਲਈ ਅਦਾਲਤ ਨੇ ਦੋਸ਼ੀ ਮੰਨਿਆ ਸੀ। ਮੋਨੀਸ਼ ਨੇ ਦਸੰਬਰ 2019 ਤੋਂ ਅਪ੍ਰੈਲ 2022 ਦਰਮਿਆਨ ਇਸ ਘੁਟਾਲੇ ਨੂੰ ਅੰਜਾਮ ਦਿੱਤਾ ਜਿਸ 'ਚ ਉਸ ਨੇ ਦੱਖਣੀ ਕੋਰੀਆ ਸਥਿਤ ਆਪਣੀ ਕੰਪਨੀ ਦੀ ਵਰਤੋਂ ਵੀ ਕੀਤੀ। ਕਨਸਾਈਨਰ ਮੋਨੀਸ਼ ਸ਼ਾਹ ਦੋਸ਼ੀ ਭਾਰਤ ਜਾਂ ਤੁਰਕੀ ਤੋਂ ਖੇਪ ਦੱਖਣੀ ਕੋਰੀਆ ਭੇਜਦਾ ਸੀ ਅਤੇ ਉੱਥੋਂ ਅਮਰੀਕਾ ਪਹੁੰਚਾਉਂਦਾ ਸੀ। ਜੇਕਰ ਉਹ ਤੁਰਕੀ ਜਾਂ ਭਾਰਤ ਤੋਂ ਸਿੱਧੇ ਅਮਰੀਕਾ ਨੂੰ ਸਾਮਾਨ ਭੇਜਦਾ ਸੀ ਤਾਂ ਉਸ ਨੂੰ 5.5 ਫ਼ੀਸਦੀ ਡਿਊਟੀ ਦੇਣੀ ਪੈਂਦੀ ਸੀ ਜਿਸ ਤੋਂ ਬਚਣ ਲਈ ਉਹ ਦੱਖਣੀ ਕੋਰੀਆ ਰਾਹੀਂ ਅਮਰੀਕਾ ਨੂੰ ਗਹਿਣੇ ਭੇਜਦਾ ਸੀ। ਮੋਨੀਸ਼ ਨਾਲ ਇਸ ਘਪਲੇ 'ਚ ਸ਼ਾਮਿਲ ਲੋਕ ਭਾਰਤ ਜਾਂ ਤੁਰਕੀ ਤੋਂ ਦੱਖਣੀ ਕੋਰੀਆ ਪਹੁੰਚੀਆਂ ਗਹਿਣਿਆਂ ਦੀਆਂ ਵਸਤਾਂ ਦੇ ਲੇਬਲ ਬਦਲ ਕੇ ਸਟਿੱਕਰ ਲਗਾ ਦਿੰਦੇ ਸਨ ਕਿ ਉਹ ਕੋਰੀਆ ਤੋਂ ਆਏ ਹਨ ਅਤੇ ਫ਼ਿਰ ਇਹ ਖੇਪ ਅਮਰੀਕਾ 'ਚ ਰਹਿੰਦੇ ਮੋਨੀਸ਼ ਸ਼ਾਹ ਜਾਂ ਉਸ ਦੇ ਗਾਹਕਾਂ ਨੂੰ ਭੇਜਦੇ ਸਨ।

ਉਹ ਆਪਣੇ ਗਾਹਕਾਂ ਨੂੰ ਜਾਅਲੀ ਚਲਾਨ ਜਾਂ ਪੈਕਿੰਗ ਸੂਚੀਆਂ ਭੇਜਦਾ ਸੀ ਤਾਂ ਜੋ ਇਹ ਸਥਾਪਿਤ ਕੀਤਾ ਜਾ ਸਕੇ ਕਿ ਮੋਨੀਸ਼ ਦੀ ਦੱਖਣੀ ਕੋਰੀਆ ਸਥਿਤ ਕੰਪਨੀ ਨੇ ਭਾਰਤ ਜਾਂ ਤੁਰਕੀ ਤੋਂ ਗਹਿਣੇ ਮੰਗਵਾਏ ਸਨ।

ਇਸ ਸਕੀਮ ਤਹਿਤ ਮੋਨੀਸ਼ ਨੇ ਢਾਈ ਸਾਲਾਂ ਦੇ ਅਰਸੇ 'ਚ ਦੱਖਣੀ ਕੋਰੀਆ ਤੋਂ 13.5 ਮਿਲੀਅਨ ਡਾਲਰ ਦੇ ਗਹਿਣੇ ਇਕੱਠੇ ਕੀਤੇ ਅਤੇ ਇਸ 'ਤੇ ਟੈਕਸ ਦਾ ਇੱਕ ਪੈਸਾ ਵੀ ਨਹੀਂ ਦਿੱਤਾ। ਇਸ ਤੋਂ ਇਲਾਵਾ ਜੁਲਾਈ 2020 ਅਤੇ ਨਵੰਬਰ 2021 ਵਿੱਚਕਾਰ ਉਸ ਨੇ ਨਿਊ ਯੌਰਕ ਸਿਟੀ ਦੇ ਡਾਇਮੰਡ ਡਿਸਟ੍ਰਿਕਟ 'ਚ ਵੱਖ-ਵੱਖ ਨਾਵਾਂ ਨਾਲ ਗਹਿਣਿਆਂ ਦੀਆਂ ਕੰਪਨੀਆਂ ਵੀ ਚਲਾਈਆਂ।ਜ

ਇਨ੍ਹਾਂ ਕੰਪਨੀਆਂ ਦੇ ਨਾਮ 'ਤੇ ਉਸ ਨੇ ਆਪਣੇ ਗਾਹਕਾਂ ਨਾਲ 10.3 ਮਿਲੀਅਨ ਡਾਲਰ ਦੇ ਗ਼ੈਰ-ਕਾਨੂੰਨੀ ਲੈਣ-ਦੇਣ ਕੀਤੇ ਜਿਸ 'ਚ ਨਕਦ ਨੂੰ ਚੈਕਾਂ ਜਾਂ ਵਾਇਰ ਟ੍ਰਾਂਸਫ਼ਰ 'ਚ ਬਦਲਣਾ ਸ਼ਾਮਿਲ ਹੈ। ਉਹ ਆਪਣੇ ਗਾਹਕਾਂ ਤੋਂ ਨਕਦੀ ਲੈਂਦਾ ਸੀ ਅਤੇ ਹੋਰ ਗਹਿਣਾ ਕੰਪਨੀਆਂ ਦੀ ਵਰਤੋਂ ਕਰਕੇ ਇਸ ਨੂੰ ਤਾਰਾਂ ਜਾਂ ਚੈੱਕਾਂ 'ਚ ਬਦਲਦਾ ਸੀ। ਇਸ ਦੌਰਾਨ ਉਸ ਨੇ ਇੱਕ ਦਿਨ 'ਚ ਕਾਫ਼ੀ ਵੱਡੀ ਰਕਮ ਦੀ ਹੇਰਾਫ਼ੇਰੀ ਕੀਤੀ ਸੀ। ਨਕਦੀ ਨੂੰ ਚਿੱਟੇ ਧਨ 'ਚ ਤਬਦੀਲ ਕਰਨ ਦੇ ਇਸ ਨਾਪਾਕ ਧੰਦੇ 'ਚ ਬਲੈਕ-ਲੌਂਡਰਿੰਗ ਫ਼ੀਸ ਵੀ ਵਸੂਲੀ ਗਈ।

# ਵਿਧਾਇਕ ਦੇਵ ਮਾਨ ਨੇ ਆਂਗਨਵਾੜੀ ਹਲੈਪਰਾਂ ਨੂੰ ਦਿੱਤੇ ਨਿਯੁਕਤੀ ਪੱਤਰ



**ਨਾਭਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਗਾਤਾਰ ਪੰਜਾਬ ਵਿੱਚ ਲੋੜਵੰਦਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਸੀਡੀਪੀਓ ਦਫਤਰ ਨਾਭਾ ਵੱਲੋਂ ਚਾਰ ਹੈਲਪਰਾਂ ਨੂੰ ਨਿਯੁਕਤੀ ਪੱਤਰ ਐਮ ਐਲ ਏ ਦਫਤਰ ਨਾਭਾ ਵਿਖੇ ਦਿੱਤੇ ਜਾਣ ਤੇ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਅੱਜ ਰਜਿੰਦਰ ਕੌਰ ਅਲਹੌਰਾਂ ਖੁਰਦ ਹੈਲਪਰ, ਮਨਿੰਦਰਜੀਤ ਕੌਰ ਅਲਹੌਰਾਂ ਖੁਰਦ ਡੈਥ ਕੇਸ ਹੈਲਪਰ, ਸੁਰਿੰਦਰ ਕੌਰ ਸਹੋਲੀ ਡੈਥ ਕੇਸ ਵਰਕਰ, ਭੁਪਿੰਦਰ ਕੌਰ ਡੈਥ ਕੇਸ ਵਰਕਰ ਵੱਜੋਂ ਨਿਯੁਕਤੀ ਪੱਤਰ ਦਿੱਤੇ ਗਏ ਹਨ। ਦੇਵ ਮਾਨ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਵੱਡੇ ਪੱਧਰ ਤੇ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਹੈ ਕਿ ਸਰਕਾਰ ਵੱਲੋਂ ਚੋਣਾਂ ਦੌਰਾਨ ਜੋ ਵਾਅਦੇ ਕੀਤੇ ਗਏ ਸਨ ਉਸ ਨੂੰ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨਾ ਚਾਰ ਨੂੰ ਨਿਯੁਕਤੀ ਪੱਤਰ ਮਿਲਣ ਨਾਲ ਜਿੱਥੇ ਰੋਜ਼ਗਾਰ ਮਿਲਿਆ ਹੈ ਉਥ ਹੀ ਇਹ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣਗੇ। ਇਸ ਮੌਕੇ ਮੌਕੇ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਮੇਰੀ ਜਿੰਮੇਵਾਰੀ ਨੂੰ ਇਮਾਨਦਾਰੀ ਅਤੇ ਤਨ ਦੇਹੀ ਨਾਲ ਨਿਭਾਵਾਂਗੇ। ਇਸ ਮੌਕੇ ਉਨਾਂ ਦੇ ਨਾਲ ਹਾਕਮ ਸਿੰਘ, ਤੇਜਿੰਦਰ ਸਿੰਘ ਖਹਿਰਾ, ਭੁਪਿੰਦਰ ਸਿੰਘ ਕੱਲਰ ਮਾਜਰੀ, ਮਨਪ੍ਰੀਤ ਸਿੰਘ ਕਾਲੀਆ, ਅਮਨਦੀਪ ਸਿੰਘ ਬਿੱਲਾ ਕੋਟ, ਲੱਖੀ ਭਾਦਸੋਂ, ਜਸਵੀਰ ਸਿੰਘ ਵਜੀਦਪੁਰ, ਭੀਮ ਸਿੰਘ ਥੂਹੀ, ਗੱਗੀ ਬਨੇਰਾ, ਮੇਜਰ ਸਿੰਘ ਤੁੰਗਾਂ ਅਤੇ ਹੋਰ ਆਹੁਦੇਦਾਰ ਮੋਜੂਦ ਸਨ।

# ਵਿਧਾਇਕਾ ਵੱਲੋਂ ਪੀਣ ਵਾਲੇ ਪਾਣੀ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ

**ਲੁਧਿਆਣਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਕਈ ਸ਼ਹਿਰਾਂ ਦੇ ਪਾਣੀ ਵਿੱਚ ਭਾਰੀ ਧਾਤਾਂ ਮਿਲਣ ਤੋਂ ਬਾਅਦ ਲੋਕਾਂ ਨੂੰ ਪੀਣ ਵਾਲਾ ਸ਼ੁੱਧ ਪਾਣੀ ਮੁਹੱਈਆ ਕਰਵਾ ਕੇ ਬਿਮਾਰੀਆਂ ਤੋਂ ਬਚਾਉਣ ਲਈ ਕੇਂਦਰ ਸਰਕਾਰ ਵੱਲੋਂ ਭੇਜੀ ਗਈ 33 ਕਰੋੜ ਰੁਪਏ ਦੀ ਰਕਮ ਨਾਲ ਸ਼ੁਰੂ ਹੋਏ ਪ੍ਰਾਜੈਕਟ ਦਾ ਨੀਂਹ ਪੱਥਰ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਰੱਖਿਆ।

ਅਬੋਹਰ ਬਰਾਂਚ ਦੀ ਅਖਾੜਾ ਨਹਿਰ ਤੋਂ ਇਸ ਪ੍ਰਾਜੈਕਟ ਤਹਿਤ ਪਾਈਪਾਂ ਪਾਉਣ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ ਅਤੇ ਇਸ ਸਬੰਧੀ ਨੀਂਹ ਪੱਥਰ ਇੱਥੇ ਸ਼ਹਿਰ ਦੇ ਮੁੱਖ ਝਾਂਸੀ ਰਾਣੀ ਚੌਕ ਵਿੱਚ ਆਮ ਆਦਮੀ ਪਾਰਟੀ ਦੀ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਪਾਰਟੀ ਅਹੁਦੇਦਾਰਾਂ ਦੀ ਮੌਜੂਦਗੀ ਵਿੱਚ ਰੱਖਿਆ। ਵਿਧਾਇਕਾ ਮਾਣੂੰਕੇ ਨੇ ਇਸ ਮਮੌਕੇ ਕਿਹਾ ਕਿ ਇਹ ਪ੍ਰਾਜੈਕਟ ਜਲਦ ਸ਼ੁਰੂ ਹੋ ਜਾਵੇਗਾ ਜਿਸ ਨਾਲ ਸ਼ਹਿਰ ਵਾਸੀਆਂ ਨੂੰ ਪੀਣਯੋਗ ਸ਼ੁੱਧ ਪਾਣੀ ਮਿਲਣਾ ਸ਼ੁਰੂ ਹੋ ਜਾਵੇਗਾ। ਇਹ ਰਕਮ 'ਅਮਰੁੱਤ 2.0' ਯੋਜਨਾ ਤਹਿਤ ਭੇਜੀ ਗਈ ਹੈ। ਇਸ ਪ੍ਰਾਜੈਕਟ ਲਈ ਅਬੋਹਰ ਬਰਾਂਚ ਦੀ ਅਖਾੜਾ ਨਹਿਰ ਤੋਂ ਜਗਰਾਉਂ ਸ਼ਹਿਰ ਵਿੱਚ ਲਗਭਗ 13 ਕਿਲੋਮੀਟਰ ਲੰਮੀ ਪਾਈਪ ਲਾਈਨ ਵਿਛਾਈ ਜਾ ਰਹੀ ਹੈ।

ਵਿਧਾਇਕਾ ਮਾਣੂੰਕੇ ਨੇ ਦੱਸਿਆ ਕਿ ਇਸ ਪ੍ਰਾਜੈਕਟ 'ਤੇ ਲਗਭਗ 33 ਕਰੋੜ ਰੁਪਏ ਦਾ ਖਰਚਾ ਆਵੇਗਾ। ਅਖਾੜਾ ਨਹਿਰ ਉੱਪਰ 21 ਟਿਊਬਵੈੱਲ ਲਾਏ ਜਾਣਗੇ ਅਤੇ 13 ਕਿਲੋਮੀਟਰ ਲੰਮੀ ਪਾਈਪ ਲਾਈਨ ਰਾਹੀਂ ਜਗਰਾਉਂ ਸ਼ਹਿਰ ਵਿੱਚ ਪਾਣੀ ਦੀ ਸਪਲਾਈ ਘਰ-ਘਰ ਪਹੁੰਚਾਉਣ ਲਈ ਸ਼ਹਿਰ ਵਿੱਚ ਪਹਿਲਾਂ ਲੱਗੇ ਟਿਊਬਵੈਲਾਂ ਦੀਆਂ ਪਾਈਪਾਂ ਨਾਲ ਇਨ੍ਹਾਂ ਨੂੰ ਜੋੜਿਆ ਜਾਵੇਗਾ। ਪ੍ਰਾਜੈਕਟ ਮੁਕੰਮਲ ਹੋਣ ਨੂੰ ਲਗਭਗ ਛੇ ਮਹੀਨੇ ਦਾ ਸਮਾਂ ਲੱਗ ਜਾਵੇਗਾ।

ਇਸ ਮੌਕੇ ਛਿੰਦਰਪਾਲ ਸਿੰਘ ਮੀਨੀਆ, ਗੁਰਪ੍ਰੀਤ ਸਿੰਘ ਨੋਨੀ ਸੈਂਬੀ, ਕਮਲਜੀਤ ਸਿੰਘ ਕਮਾਲਪੁਰਾ, ਅਮਰਦੀਪ ਸਿੰਘ ਟੂਰੇ, ਦਵਿੰਦਰ ਸਿੰਘ, ਗੁਰਪ੍ਰੀਤ ਭੰਮੀਪੁਰਾ, ਸੋਹਣ ਸਿੰਘ ਚਕਰ ਸਰਪੰਚ, ਰਵਿੰਦਰ ਗਾਲਿਬ ਤੇ ਕੈਪਟਨ ਸੁਖਚੈਨ ਸਿੰਘ ਆਦਿ ਹਾਜ਼ਰ ਸਨ।

# ਹਕੀਕਤ ਰਾਏ ਦੀ ਕੁਰਬਾਨੀ ਨੂੰ ਭੁਲਾਇਆ: ਚਾਵਲਾ

**ਅੰਮ੍ਰਿਤਸਰ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਦੁਰਗਿਆਣਾ ਮੰਦਰ ਵਿੱਚ ਅੱਜ ਬਸੰਤ ਪੰਚਮੀ ਦਾ ਤਿਉਹਾਰ ਸ਼ਰਧਾ ਭਾਵਨਾ ਮਨਾਇਆ ਗਿਆ। ਇਸ ਮੌਕੇ ਸ਼ਹੀਦ ਹਕੀਕਤ ਰਾਏ ਦਾ ਬਲਿਦਾਨ ਦਿਵਸ ਵੀ ਮਨਾਇਆ ਗਿਆ। ਦੁਰਗਿਆਣਾ ਕਮੇਟੀ ਦੀ ਪ੍ਰਧਾਨ ਅਤੇ ਭਾਜਪਾ ਆਗੂ ਪ੍ਰੋਫੈਸਰ ਲਕਸ਼ਮੀ ਕਾਂਤਾ ਚਾਵਲਾ ਦੀ ਪ੍ਰਧਾਨਗੀ ਵਿੱਚ ਬਸੰਤ ਪੰਚਮੀ ਸਬੰਧੀ ਕਰਵਾਏ ਸਮਾਗਮ ਦੌਰਾਨ ਭਾਜਪਾ ਆਗੂ ਤਰਨਜੀਤ ਸਿੰਘ ਸੰਧੂ ਤੇ ਹੋਰ ਵੀ ਸ਼ਾਮਲ ਹੋਏ।

ਇਸ ਮੌਕੇ ਸ਼ਹੀਦਾਂ ਦੇ ਜੀਵਨ ਅਤੇ ਸ਼ਹਾਦਤ ਦੀਆਂ ਘਟਨਾਵਾਂ ਨਾਲ ਸਬੰਧਤ ਨਾਟਕ, ਭਾਸ਼ਣ ਅਤੇ ਗੀਤਾਂ ਰਾਹੀਂ ਸਕੂਲ ਵਿਦਿਆਰਥੀਆਂ ਨੇ ਪ੍ਰੋਗਰਾਮ ਪੇਸ਼ ਕੀਤਾ। ਸਮਾਗਮ ਦੌਰਾਨ ਪ੍ਰੋਫੈਸਰ ਲਕਸ਼ਮੀ ਕਾਂਤਾ ਚਾਵਲਾ ਨੇ ਕਿਹਾ ਕਿ 1720 ਵਿੱਚ ਸਿਆਲਕੋਟ ਵਿੱਚ ਪੈਦਾ ਹੋਏ ਹਕੀਕਤ ਰਾਏ ਨੇ ਧਰਮ ਦੀ ਖਾਤਰ ਕੁਰਬਾਨੀ ਦਿੱਤੀ ਸੀ। ਬਾਅਦ ਵਿੱਚ ਉਸ ਦੀ ਪਤਨੀ ਲਕਸ਼ਮੀ ਵੀ ਬਟਾਲਾ ਵਿੱਚ ਸਤੀ ਹੋ ਗਈ ਸੀ। ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਪਹਿਲਾਂ ਲਾਹੌਰ ਵਿੱਚ ਹਿੰਦੂ-ਸਿੱਖ ਰਲ ਕੇ ਹਕੀਕਤ ਰਾਏ ਦਾ ਬਲਿਦਾਨ ਦਿਵਸ ਮਨਾਉਂਦੇ ਸਨ ਪਰ ਆਜ਼ਾਦੀ ਮਗਰੋਂ ਉਸ ਨੂੰ ਭੁਲਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜਿਸ ਦਿਨ ਉਸ ਦੀ ਸ਼ਹਾਦਤ ਹੋਈ, ਉਸ ਦਿਨ ਬਸੰਤ ਪੰਚਮੀ ਸੀ। ਹੁਣ ਸਿਰਫ਼ ਬਸੰਤ ਪੰਚਮੀ ਦਾ ਤਿਉਹਾਰ ਹੀ ਮਨਾਇਆ ਜਾਂਦਾ ਹੈ, ਲੋਕ ਪੀਲੇ ਕੱਪੜੇ ਪਾ ਕੇ ਨੱਚ ਕੇ ਅਤੇ ਪਤੰਗਾਂ ਉਡਾ ਕੇ ਤਿਉਹਾਰ ਮਨਾਉਂਦੇ ਹਨ, ਪਰ ਇਸ ਯੋਧੇ ਦੀ ਕੁਰਬਾਨੀ ਨੂੰ ਭੁੱਲ ਗਏ ਹਨ। ਇਸ ਮੌਕੇ ਭਾਜਪਾ ਆਗੂ ਤਰੁਨਜੀਤ ਸਿੰਘ ਸੰਧੂ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਦਾ ਵਿਦੇਸ਼ ਵੱਲ ਰੁੱਖ ਚਿੰਤਾ ਦੀ ਗੱਲ ਹੈ। ਇਸ ਦੌਰਾਨ ਬਸੰਤ ਪੰਚਮੀ ਸਬੰਧੀ ਪੂਜਾ ਪਾਠ ਵੀ ਕੀਤਾ ਗਿਆ। ਇਸ ਮੌਕੇ ਸਮਾਗਮ ਵਿੱਚ ਆਰਐੱਸਐੱਸ ਦੇ ਆਗੂ ਰਮੇਸ਼ਵਰ, ਸੁਦਰਸ਼ਨ ਕਪੂਰ, ਕੈਪਟਨ ਸੰਜੀਵ ,ਡਾਕਟਰ ਰਕੇਸ਼ ਸ਼ਰਮਾ ਪਵਨ ਕੁੰਦਰਾ ਮਾਲਾ ਚਾਵਲਾ ਹਾਜ਼ਰ ਸਨ।

# ਨਾਰੀ ਸੰਸਾਰ

## ਤੁਹਾਡੀ ਰਸੋਈ



### ਗੋਭੀ, ਗਾਜਰ ਅਤੇ ਮੂਲੀ ਦਾ ਮਿਕਸਡ ਆਚਾਰ



ਸਰਦੀ ਦੇ ਮੌਸਮ ਵਿੱਚ ਗੋਭੀ, ਗਾਜਰ ਅਤੇ ਮੂਲੀ ਦਾ ਆਚਾਰ ਬਹੁਤ ਪਸੰਦ ਕੀਤਾ ਜਾਂਦਾ ਹੈ, ਅੱਸੀਂ ਅਸੀਂ ਤੁਹਾਨੂੰ ਇਸ ਨੂੰ ਬਣਾਉਣ ਦੀ ਵਿਧੀ ਬਾਰੇ ਦੱਸਣ ਜਾ ਰਹੇ ਹਾਂ ਇਸ ਨੂੰ ਬਣਾਉਣਾ ਕਾਫ਼ੀ ਆਸਾਨ ਹੈ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ...

ਜ਼ਰੂਰੀ ਸਮੱਗਰੀ

ਅੱਧਾ ਕਿਲੋ ਗੋਭੀ ਵੱਡੇ ਟੁੱਕੜਿਆਂ ਵਿੱਚ ਕੱਟੀ ਹੋਈ
ਅੱਧਾ ਕਿਲੋ ਗਾਜਰ, ਲੰਬੇ ਚੋਕੋਰ ਟੁੱਕੜਿਆਂ ਵਿੱਚ ਕੱਟੇ ਹੋਏ
ਅੱਧਾ ਕਿਲੋ ਮੂਲੀ ਲੰਬੇ ਚੋਕੋਰ ਟੁੱਕੜਿਆਂ ਵਿੱਚ ਕੱਟੀ ਹੋਈ
ਅੱਠ ਤੋਂ ਦੱਸ ਹਰੀ ਮਿਰਚ ਟੁੱਕੜਿਆਂ ਵਿੱਚ ਕੱਟੇ ਹੋਏ
ਅੱਧਾ ਕੱਪ ਸਰੋਂ ਦਾ ਤੇਲ
ਇੱਕ ਚੁਟਕੀ ਹੀਂਗ
ਦੋ ਵੱਡੇ ਚਮਚ ਸਰੋਂ ਪੀਸੀ ਹੋਈ
ਨਮਕ ਸੁਆਦ ਮੁਤਾਬਕ
ਅੱਧਾ ਛੋਟਾ ਚਮਚ ਲਾਲ ਮਿਰਚ ਪਾਊਡਰ ਪੀਸਿਆ ਹੋਇਆ
ਇੱਕ ਛੋਟਾ ਚਮਚ ਹਲਦੀ ਪਾਊਡਰ
ਤਿੰਨ ਛੋਟੇ ਚਮਚ ਨਿੰਬੂ ਦਾ ਰਸ
– ਦੋ ਕੱਪ ਪਾਣੀ

ਬਣਾਉਣ ਦੀ ਵਿਧੀ

1. ਇੱਕ ਪਤੀਲੇ ਜਾਂ ਬਰਤਨ ਵਿੱਚ ਪਾਣੀ ਅਤੇ ਇੱਕ ਚਮਚ ਨਮਕ ਮਿਲਾ ਕੇ ਗਰਮ ਹੋਣ ਲਈ ਰੱਖ ਦਿਓ।
2. ਜਦੋਂ ਇਸ ਵਿੱਚ ਉਬਾਲ ਆਉਣ ਲੱਗੇ ਤਾਂ ਕੱਟੀ ਹੋਈ ਸਬਜ਼ੀਆਂ ਪਾ ਦਿਓ ਅਤੇ 4–5 ਮਿੰਟ ਲਈ ਉਬਾਲੋ।
3. ਤਅ ਸਮੇਂ ਦੇ ਬਾਅਦ ਗੈਸ ਬੰਦ ਕਰ ਦਿਓ ਅਤੇ 10 ਮਿੰਟ ਤੱਕ ਉਬਾਲ ਕੇ ਰੱਖ ਦਿਓ।
4. ਇਸ ਤੋਂ ਬਾਅਦ ਸਬਜ਼ੀਆਂ ਨੂੰ ਛਾਣ ਕੇ ਭਾਂਡੇ ਵਿੱਚ ਕੱਢ ਲਓ।
5. ਇਸ ਨੂੰ ਦਿਨਭਰ ਧੁੱਪ ਵਿੱਚ ਰੱਖੋ।
6. ਦਿਨ ਭਰ ਧੁੱਪ ਵਿੱਚ ਸੁੱਖਾਉਣ ਦੇ ਬਾਅਦ, ਇੱਕ ਕੜਾਈ ਵਿੱਚ ਤੇਲ ਪਾ ਕੇ ਘੱਟ ਗੈਸ 'ਤੇ ਤੇਲ ਗਰਮ ਕਰੋ।
7. ਜਦੋਂ ਤੇਲ ਗਰਮ ਹੋ ਜਾਵੇ ਤਾਂ ਗੈਸ ਬੰਦ ਕਰ ਦਿਓ।
8. ਜਦੋਂ ਇਹ ਹਲਕਾ ਠੰਡਾ ਹੋ ਜਾਵੇ ਤਾਂ ਇਸ ਵਿੱਚ ਨਮਕ ਸਰੋਂ ਦਾ ਤੇਲ, ਹੀਂਗ,ਹਲਦੀ, ਲਾਲ ਮਿਰਚ ਪਾਊਡਰ ਅਤੇ ਸਬਜ਼ੀਆਂ ਪਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰ ਲਓ।
9. ਫ਼ਿਰ ਇਸ ਵਿੱਚ ਨਿੰਬੂ ਦਾ ਰਸ ਪਾ ਕੇ ਇੱਕ ਵਾਰ ਚੰਗੀ ਤਰ੍ਹਾਂ ਨਾਲ ਮਿਲਾ ਲਓ।
10. ਫ਼ਿਰ ਇਸ ਨੂੰ ਕੱਚ ਦੀ ਬਰਨੀ ਵਿੱਚ ਭਰ ਕੇ 2 ਤੋਂ 3 ਘੰਟੇ ਤੱਕ ਧੁੱਪ ਵਿੱਚ ਰੱਖੋ।
11. ਤਿਆਰ ਹੈ ਗਾਜਰ, ਗੋਭੀ ਅਤੇ ਮੂਲੀ ਦਾ ਮਿਕਸ ਆਚਾਰ। ਇਸ ਨੂੰ ਰੋਟੀ, ਦਾਲ, ਚਾਵਲ ਦੇ ਨਾਲ ਖਾਓ।

### ਸਪਾਇਸੀ ਪਨੀਰ



ਪਨੀਰ ਖਾਣ ਦੇ ਸ਼ੌਕੀਨ ਤਾਂ ਤਕਰੀਬਨ ਸਾਰੇ ਲੋਕ ਹੁੰਦੇ ਹਨ। ਜੋ ਘਰ ਵਿੱਚ ਮਹਿਮਾਨ ਆਉਣ ਵਾਲੇ ਹੋਣ ਤਾਂ ਖਾਸਤੋਰ 'ਤੇ ਪਨੀਰ ਦੀ ਸਬਜ਼ੀ ਬਣਾਈ ਜਾਂਦੀ ਹੈ। ਤਾਂ ਕਿਉਂ ਨਾ ਟੇਸਟੀ ਅਤੇ ਸੁਆਦੀ ਪਨੀਰ ਬਣਾਇਆ ਜਾਵੇ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

1 ਚਮਚ ਤੇਸ
1/2 ਚਮਚ ਲਸਣ
1 ਚਮਚ ਹਰੀ ਮਿਰਚ
3 ਚਮਚ ਸਾਓਸ
3 ਚਮਚ ਚਿਲੀ ਸਾਓਸ
1/4 ਚਮਚ ਲਾਲ ਮਿਰਚ
1/4 ਚਮਚ ਕਾਲੀ ਮਿਰਚ
1 ਚਮਚ ਲਾਲ ਫ਼ਲੇਕਸ
1 ਚਮਚ ਚਾਟ ਮਸਾਲਾ
1 ਚਮਚ ਨਮਕ
2 ਚਮਚ ਪਨੀਰ ਬਟਰ
ਪਨੀਰ 500 ਗ੍ਰਾਮ
1 ਚਮਚ ਸਰੋਂ ਦਾ ਪੇਸਟ

ਬਣਾਉਣ ਦੀ ਵਿਧੀ

1. ਇੱਕ ਵੱਡੀ ਕੜਾਈ ਵਿੱਚ 1 ਵੱਡਾ ਚਮਚ ਤੇਲ ਗਰਮ ਕਰੋ। ਇਸ ਵਿੱਚ ਅਜਵਾਈਨ , ਲਸਣ ਅਤੇ ਹਰੀ ਮਿਰਚ ਮਿਲਾ ਕੇ 3 ਤੋਂ 5 ਮਿੰਟ ਲਈ ਭੁੰਨ ਲਓ ਜਦੋਂ ਤੱਕ ਇਹ ਸੁਨਿਹਰਾ ਨਾ ਹੋ ਜਾਵੇ।
2. ਫ਼ਿਰ ਇਸ ਵਿੱਚ 3 ਚਮਚ ਸਾਓਸ ਅਤੇ 2 ਚਮਚ ਚਿਲੀ ਸਾਓਸ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾਓ।
3. ਫ਼ਿਰ 1/4 ਚਮਚ ਲਾਲ ਮਿਰਚ, ਕਾਲੀ ਮਿਰਚ, ਚਿਲੀ ਫ਼ਲੇਕਸ , ਚਾਟ ਮਸਾਲਾ , ਨਮਕ ਪਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰ ਲਓ।
4. ਇਸ ਤੋਂ ਬਾਅਦ 2 ਚਮਚ ਪੀਨਟ ਬਟਰ ਪਾ ਕੇ ਮਿਲਾਓ।
5. ਫ਼ਿਰ 500 ਗ੍ਰਾਮ ਪਨੀਰ ਇਸ ਵਿੱਚ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
6. ਫ਼ਿਰ 1 ਚਮਚ ਸਰੋਂ ਦਾ ਤੇਲ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾਓ।
7. ਤੁਹਾਡਾ ਸਪਾਇਸੀ ਪਨੀਰ ਤਿਆਰ ਹੈ। ਇਸ ਨੂੰ ਗਰਮਾ–ਗਰਮ ਸਰਵ ਕਰੋ।

# ਦਿਲ ਨੂੰ ਛੂੰਹਦੇ ਮਿੱਠੇ ਬੋਲ

➢ ਸੰਤੋਖ ਸਿੰਘ ਭਾਣਾ

**ਚਿੰਤਾ ਜਾਂ ਘਬਰਾਹਟ ਭਰੇ ਅਤੇ ਭੜਕਾਊ ਸ਼ਬਦਾਂ ਦਾ ਇਸਤੇਮਾਲ ਨਾ ਕਰਕੇ ਸੱਚੀ, ਮਧੁਰ ਅਤੇ ਸਹਿਯੋਗੀ ਭਾਸ਼ਾ ਦੀ ਵਰਤੋਂ ਕਰੋ ਅਤੇ ਆਪਣੇ ਵਚਨਾਂ ਰਾਹੀਂ ਆਪਣੀ ਬਾਣੀ ਨੂੰ ਇਸ ਤਰ੍ਹਾਂ ਸਜਾਓ ਕਿ ਇੰਜ ਲੱਗੇ ਜਿਵੇਂ ਕਿਸੇ ਨੇ ਆਪਣੇ ਸਰੀਰ ਨੂੰ ਗਹਿਣਿਆਂ ਨਾਲ ਸਜਾਇਆ ਹੋਵੇ। ਸ਼ਾਸਤਰਾਂ ਵਿੱਚ ਵੀ ਕਿਹਾ ਗਿਆ ਹੈ ਕਿ ਅਦਾਮੀ ਦਾ ਸਭ ਤੋਂ ਵੱਡਾ ਗਹਿਣਾ ਉਸਦੀ ਮਿੱਠੀ ਬਾਣੀ ਹੈ।**



ਧਰਤੀ ਉੱਤੇ ਮਨੁੱਖ ਹੀ ਇੱਕ ਅਜਿਹਾ ਪ੍ਰਾਣੀ ਹੈ ਜੋ ਗੱਲਬਾਤ ਰਾਹੀਂ ਆਪਣੇ ਵਿਚਾਰਾਂ ਅਤੇ ਸੁਖ–ਦੁਖ ਦੀਆਂ ਗੱਲਾਂ ਕਰਨ ਅਤੇ ਦੂਸਰਿਆਂ ਦੀਆਂ ਸਮਝਣ ਦੀ ਯੋਗਤਾ ਰੱਖਦਾ ਹੈ। ਗੱਲਬਾਤ ਆਪਸੀ ਵਿਚਾਰ–ਵਟਾਂਦਰਾ ਕਰਨ ਦਾ ਸਰਲ ਢੰਗ ਹੈ ਜਿਸ ਨਾਲ ਅਸੀਂ ਕਿਸੇ ਉੱਪਰ ਵੀ ਆਪਣਾ ਪ੍ਰਭਾਵ ਛੱਡ ਸਕਦੇ ਹਾਂ।

ਸਰੀਰ ਦੇ ਅੰਗਾਂ ਵਿੱਚੋਂ ਇੱਕ ਜੀਭ ਹੀ ਅਜਿਹੀ ਹੈ ਜੋ ਚੰਗੀ ਵੀ ਹੈ ਅਤੇ ਮਾੜੀ ਵੀ। ਜੀਭ ਤੋਂ ਉੱਤਮ ਬੋਲ ਬੋਲੇ ਜਾਣ ਤਾਂ ਸਭ ਨੂੰ ਚੰਗੇ ਲੱਗਦੇ ਹਨ। ਕੌੜਾ ਬੋਲਿਆ ਜਾਵੇ ਤਾਂ ਭੈੜਾ ਲੱਗਦਾ ਹੈ। ਕੁਦਰਤ ਨੇ ਆਦਮੀ ਨੂੰ ਵੇਖਣ ਲਈ ਦੋ ਅੱਖਾਂ ਦਿੱਤੀਆਂ ਹਨ, ਸੁਣਨ ਲਈ ਦੋ ਕੰਨ, ਸਾਹ ਲੈਣ ਲਈ ਦੋ ਨਾਸਾਂ ਹਨ, ਪਰ ਕੁਦਰਤ ਨੇ ਦੋ ਕੰਮਾਂ ਲਈ ਜੀਭ ਇੱਕ ਹੀ ਦਿੱਤੀ ਹੈ ਖਾਣ–ਪੀਣ ਲਈ ਵੀ ਅਤੇ ਬੋਲਣ ਲਈ ਵੀ। ਇਸ ਤੋਂ ਕੁਦਰਤ ਦਾ ਇੱਕ ਭਾਵ ਸਾਫ਼ ਹੈ ਕਿ ਅਸੀਂ ਵੇਖੀਏ, ਸੁਣੀਏ ਅਤੇ ਸਮਝੀਏ ਤਾਂ ਜ਼ਿਆਦਾ ਪਰ ਬੋਲੀਏ ਘੱਟ। ਸੱਪ ਦੀਆਂ ਦੋ ਜੀਭਾਂ ਹੁੰਦੀਆਂ ਹਨ। ਸੰਕੇਤਕ ਭਾਸ਼ਾਂ ਵਿੱਚ ਦੋਗਲੀ ਜ਼ੁਬਾਨ (ਦੋ ਜੀਭਾਂ) ਵਾਲੇ ਆਦਮੀ ਜੋ ਆਪਣੀ ਕਿਸੇ ਇੱਕ ਗੱਲ ਉੱਤੇ ਅਟੱਲ ਨਾ ਰਹਿ ਕੇ ਕਥਨੀ ਅਤੇ ਕਰਨੀ ਵਿੱਚ ਫਰਕ ਰੱਖਦੇ ਹਨ, ਸਮਾਜ ਉਨ੍ਹਾਂ ਨੂੰ ਆਦਰ ਦੀ ਨਜ਼ਰ ਨਾਲ ਨਹੀਂ ਵੇਖਦਾ। ਅਜਿਹੇ ਬੰਦੇ ਆਪਣੇ ਭਾਈਚਾਰੇ ਵਿੱਚੋਂ ਵੀ ਦਰਕਾਰੇ ਜਾਂਦੇ ਹਨ। ਸਾਰੇ ਪਾਪਾਂ ਦੀ ਜੜ੍ਹ ਬੋਲ ਬਾਣੀ ਹੈ। ਬਾਣੀ ਦੀ ਕਠੋਰਤਾ, ਕੁੜੱਤਣ ਅਤੇ ਸ਼ਬਦਾਂ ਦੇ ਗ਼ਲਤ ਪ੍ਰਯੋਗ ਕਰਕੇ ਹੀ ਅਸੀਂ ਆਪਣੇ ਸਹੀ ਭਾਵ ਪ੍ਰਗਟ ਨਹੀਂ ਕਰ ਸਕਦੇ। ਇਸ ਕਰਕੇ ਜ਼ਿਆਦਾਤਰ ਲੋਕਾਂ ਜਾਂ ਵਰਗਾਂ ਵਿੱਚ ਸ਼ਬਦਾਂ ਦੇ ਤਿੱਖੇ ਬਾਣਾਂ ਨਾਲ ਕੁੜੱਤਣਾਂ ਭਰ ਜਾਂਦੀਆਂ ਹਨ। ਜੇਕਰ ਲੋਕੀਂ ਆਪਣੇ ਦੁਰਭਾਵਨਾ ਰਹਿਤ, ਰਸੀਲੇ ਅਤੇ ਕਪਟ–ਰਹਿਤ ਵਿਚਾਰ ਸਮੇਂ ਅਨੁਸਾਰ ਸੋਚ ਸਮਝ ਕੇ ਪ੍ਰਗਟ ਕਰਨ ਤਾਂ ਸੰਸਾਰ ਵਿੱਚ ਫੈਲੀ ਕੁੜੱਤਣ ਅਤੇ ਵੈਰ–ਵਿਰੋਧ ਨੂੰ ਕਾਫ਼ੀ ਹੱਦ ਤਕ ਖ਼ਤਮ ਕੀਤਾ ਜਾ ਸਕਦਾ ਹੈ। ਮਨੁੱਖੀ ਜੀਵਨ ਵਿੱਚ ਕੋਈ ਖੇਤਰ ਅਜਿਹਾ ਨਹੀਂ ਜਿੱਥੇ ਗੱਲਬਾਤ ਵਿੱਚ ਨਿਪੁੰਨ ਹੋਏ ਬਿਨਾਂ ਕੋਈ ਸਫ਼ਲ ਹੋ ਸਕੇ। ਇਸ ਦਿਸ਼ਾ ਵਿੱਚ ਕੀਤੇ ਸਰਵੇਖਣਾਂ ਤੋਂ ਪਤਾ ਲੱਗਾ ਹੈ ਕਿ ਹਰ ਤਰ੍ਹਾਂ ਦੇ ਕੰਮਾਂ ਧੰਦਿਆਂ ਵਿੱਚ ਲੱਗੇ ਲੋਕਾਂ ਵਿੱਚ ਕੇਵਲ 15 ਫ਼ੀਸਦੀ ਹੀ ਅਜਿਹੇ ਹਨ ਜਿਨ੍ਹਾਂ ਨੇ ਆਪਣੀਆਂ ਡਿਗਰੀਆਂ ਅਤੇ ਸਿੱਖਿਆ ਪ੍ਰਾਪਤ ਕਰਕੇ ਸਫਲਤਾ ਹਾਸਲ ਕੀਤੀ ਹੈ ਨਹੀਂ ਤਾਂ 85 ਫ਼ੀਸਦੀ ਲੋਕ ਅਜਿਹੇ ਹਨ ਜਿਨ੍ਹਾਂ ਨੇ ਆਪਣੇ ਵਿਅਕਤੀਤਵ ਜਾਂ ਬੋਲਚਾਲ ਦੀ ਕਲਾ ਨੂੰ ਵਿਕਸਿਤ ਕਰਕੇ ਹੀ ਜੀਵਨ ਵਿੱਚ ਤਰੱਕੀ ਪ੍ਰਾਪਤ ਕੀਤੀ ਹੈ। ਕਿਹਾ ਗਿਆ ਹੈ ਕਿ ਕਿਸੇ ਦੀ ਜੇਬ ਵਿੱਚ ਭਾਵੇਂ ਧੇਲਾ ਨਾ ਹੋਵੇ, ਪਰ ਉਸ ਦੀ ਜ਼ੁਬਾਨ ਵਿੱਚੋਂ ਸ਼ਹਿਦ ਜ਼ਰੂਰ ਟਪਕਣਾ ਚਾਹੀਦਾ ਹੈ।

ਬੋਲ ਬਾਣੀ ਸੁੰਦਰ ਅਤੇ ਸਰਲ ਸ਼ਬਦਾਂ ਵਿੱਚ ਹੋਣੀ ਚਾਹੀਦੀ ਹੈ। ਪਸ਼ੂ ਨਾ ਬੋਲਣ ਕਰਕੇ ਅਤੇ ਇਨਸਾਨ ਬੋਲਣ ਕਰਕੇ ਕਸ਼ਟ ਭੋਗਦੇ ਹਨ। ਮਧੁਰ ਬਾਣੀ ਠੰਢੇ ਪਾਣੀ ਵਾਂਗ ਅੰਦਰ ਜਾ ਕੇ ਠੰਢ ਵਰਤਾਉਣ ਵਾਲੀ ਹੁੰਦੀ ਹੈ ਅਤੇ ਕੁੜੱਤਣ ਭਰੀ ਬਾਣੀ ਗਰਮ ਲਾਵੇ ਵਾਂਗ ਹੁੰਦੀ ਹੈ ਜਿਹੜੀ ਜਿੱਧਰ ਵੀ ਵਹਿੰਦੀ ਹੈ ਅੱਗ ਲਾਉਂਦੀ ਤੁਰੀ ਜਾਂਦੀ ਹੈ। ਪਾਣੀ ਗਰਮ ਹੋਵੇ ਤਾਂ ਹੱਥ ਸਾੜਦਾ ਹੈ ਅਤੇ ਬਾਣੀ ਗਰਮ ਹੋਵੇ ਤਾਂ ਕਾਲਜੇ ਭੁੰਨਦੀ ਹੈ। ਮਨੁੱਖ ਆਪਣੇ ਸੁਭਾਅ ਵਿੱਚ ਮਿਠਾਸ ਲੈ ਆਵੇ ਅਤੇ ਜੀਵਨ ਦੀ ਹਰ ਤਰੰਗ ਵਿੱਚ ਮਧੁਰਤਾ ਦਾ ਸੰਚਾਰ ਕਰੇ ਤਾਂ ਨਿਸ਼ਚਿਤ ਹੀ ਉਸ ਦੀ ਹਰ ਸਮੱਸਿਆ ਹੱਲ ਹੋ ਜਾਏਗੀ।

ਸ਼ਬਦਾਂ ਦੇ ਬਿਨਾਂ ਕਿਸੇ ਤਰ੍ਹਾਂ ਦਾ ਵਿਚਾਰ ਪ੍ਰਗਟ ਨਹੀਂ ਕੀਤਾ ਜਾ ਸਕਦਾ। ਅਸਲ ਵਿੱਚ ਸ਼ਬਦ ਹੀ ਵਿਚਾਰਾਂ ਦੀ ਆਤਮਾ ਹਨ। ਸ਼ਬਦਾਂ ਵਿੱਚ ਜੋ ਸ਼ਕਤੀ ਹੈ ਉਹ ਕਿਸੇ ਹੋਰ ਚੀਜ਼ ਵਿੱਚ ਨਹੀਂ ਹੋ ਸਕਦੀ ਕਿਉਂਕਿ ਸ਼ਬਦਾਂ ਵਿੱਚ ਆਦਮੀ ਦੀ ਸੰਪੂਰਨ ਭਾਵਨਾ ਛੁਪੀ ਹੋਈ ਹੁੰਦੀ ਹੈ। ਜੀਵਨ ਦੇ ਹਰ ਖੇਤਰ ਵਿੱਚ ਸ਼ਬਦ ਸ਼ਕਤੀ ਦਾ ਸਰਬਉੱਚ ਮਹੱਤਵ ਹੈ। ਜਿਸ ਦੇ ਬਿਨਾਂ ਮਨੁੱਖ ਕਦੇ ਸਫਲ ਨਹੀਂ ਹੋ ਸਕਦਾ। ਵੱਖ–ਵੱਖ ਅਹੁਦਿਆਂ ਉੱਤੇ ਕੀਤੀਆਂ ਜਾਣ ਵਾਲੀਆਂ ਨਿਯੁਕਤੀਆਂ ਤੋਂ ਜ਼ੁਬਾਨੀ ਪ੍ਰੀਖਿਆ ਇਸ ਲਈ ਹੀ ਲਈ ਜਾਂਦੀ ਹੈ ਕਿ ਉਸ ਦੇ ਸ਼ਬਦਾਂ ਅਤੇ ਬੋਲਚਾਲ ਦਾ ਸਹੀ ਪ੍ਰਗਟਾਅ ਜਾਣਿਆ ਜਾ ਸਕੇ। ਆਦਮੀ ਨੂੰ ਹਰ ਖੇਤਰ ਅਤੇ ਹਰ ਹਾਲਾਤ ਵਿੱਚ ਮਾਨਸਿਕ ਸੰਤੁਲਨ ਬਰਕਰਾਰ ਰੱਖਣ ਦੀ ਜ਼ਰੂਰਤ ਹੈ। ਸਫਲਤਾਪੂਰਬਕ ਸਾਰਥਿਕ ਗੱਲਬਾਤ ਕਰਨ ਲਈ ਇਹ ਹੋਰ ਵੀ ਜ਼ਰੂਰੀ ਹੈ ਕਿ ਆਦਮੀ ਨੂੰ ਅਨਰਥ ਕਰਨ ਵਾਲੀ ਕੌੜੀ ਭਾਸ਼ਾ ਨਹੀਂ ਬੋਲਣੀ ਚਾਹੀਦੀ।

ਚਿੰਤਾ ਜਾਂ ਘਬਰਾਹਟ ਭਰੇ ਅਤੇ ਭੜਕਾਊ ਸ਼ਬਦਾਂ ਦਾ ਇਸਤੇਮਾਲ ਨਾ ਕਰਕੇ ਸੱਚੀ, ਮਧੁਰ ਅਤੇ ਸਹਿਯੋਗੀ ਭਾਸ਼ਾ ਦੀ ਵਰਤੋਂ ਕਰੋ ਅਤੇ ਆਪਣੇ ਵਚਨਾਂ ਰਾਹੀਂ ਆਪਣੀ ਬਾਣੀ ਨੂੰ ਇਸ ਤਰ੍ਹਾਂ ਸਜਾਓ ਕਿ ਇੰਜ ਲੱਗੇ ਜਿਵੇਂ ਕਿਸੇ ਨੇ ਆਪਣੇ ਸਰੀਰ ਨੂੰ ਗਹਿਣਿਆਂ ਨਾਲ ਸਜਾਇਆ ਹੋਵੇ। ਸ਼ਾਸਤਰਾਂ ਵਿੱਚ ਵੀ ਕਿਹਾ ਗਿਆ ਹੈ ਕਿ ਅਦਾਮੀ ਦਾ ਸਭ ਤੋਂ ਵੱਡਾ ਗਹਿਣਾ ਉਸਦੀ ਮਿੱਠੀ ਬਾਣੀ ਹੈ।

ਕੋਈ ਆਦਮੀ ਕਿੰਨਾ ਸਮਝਦਾਰ ਵਿਦਵਾਨ, ਸ਼ਾਲੀਨ ਅਤੇ ਵਿਵੇਕਸ਼ੀਲ ਹੈ ਇਹ ਉਸ ਦੇ ਵਿਵਹਾਰ ਅਤੇ ਉਸ ਦੀ ਬਾਣੀ ਤੋਂ ਹੀ ਪਤਾ ਲੱਗਦਾ ਹੈ। ਜਦੋਂ ਕਿਸੇ ਆਦਮੀ ਨੂੰ ਯਾਦ ਕੀਤਾ ਜਾਂਦਾ ਹੈ ਤਾਂ ਉਸ ਦੇ ਉਨ੍ਹਾਂ ਸ਼ਬਦਾਂ ਕਰਕੇ ਯਾਦ ਕੀਤਾ ਜਾਂਦਾ ਹੈ ਜੋ ਉਸ ਨੇ ਆਖਰੀ ਸਮੇਂ ਕਿਸੇ ਨਾਲ ਬੋਲੇ ਹੋਣ। ਹੁਣ ਕਿਸੇ ਨੂੰ ਇਹ ਪਤਾ ਨਹੀਂ ਕਿ ਆਖਰੀ ਵਕਤ ਕਿਹੜਾ ਹੈ ਅਤੇ ਆਖਰੀ ਸ਼ਬਦ ਕਿਹੜੇ ਹੋ ਸਕਦੇ ਹਨ। ਇਸ ਲਈ ਹਰ ਵਾਕ ਨੂੰ ਇਹੀ ਮੰਨ ਕੇ ਬੋਲਣਾ ਚਾਹੀਦਾ ਹੈ ਕਿ ਇਹ ਜ਼ਿੰਦਗੀ ਦਾ ਆਖਰੀ ਸ਼ਬਦ ਹੈ। ਦੁਨੀਆਂ ਦੇ ਵੱਡੇ ਲੋਕਾਂ ਦੀ ਇਹੀ ਖਾਸੀਅਤ ਰਹੀ ਹੈ ਕਿ ਉਹ ਬੋਲਣ ਤੋਂ ਬਚਦੇ ਸਨ। ਸਰਦਾਰ ਪਟੇਲ ਕਦੇ ਲੰਬਾ ਭਾਸ਼ਣ ਨਹੀਂ ਦਿੰਦੇ ਸਨ। ਸੁਭਾਸ਼ ਚੰਦਰ ਬੋਸ ਨੇ ਵੀ ਹਮੇਸ਼ਾਂ ਬੋਲਣ ਨਾਲੋਂ ਕੁਝ ਕਰਨ ਨੂੰ ਚੰਗਾ ਸਮਝਿਆ। ਬੋਲਣ ਨਾਲੋਂ ਕੰਮ ਕਰਨਾ ਸੋਖਾ ਹੈ ਤੇ ਜਿਸ ਨੂੰ ਕਰਨਾ ਆ ਜਾਏ ਉਸ ਨੂੰ ਬੋਲਣ ਦੀ ਲੋੜ ਹੀ ਨਹੀਂ ਪੈਂਦੀ। ਉਨ੍ਹਾਂ ਲਈ ਬੋਲਣ ਵਾਲੇ ਹੋਰ ਬਹੁਤ ਲੋਕ ਹੁੰਦੇ ਹਨ। ਇਤਿਹਾਸ ਬੋਲਣ ਵਾਲਿਆਂ ਨਾਲ ਨਹੀਂ ਕਰਨ ਵਾਲਿਆਂ ਨਾਲ ਬਣਦਾ ਹੈ। ਇਸ ਲਈ ਸ਼ਾਂਤ ਰਹਿ ਕੇ ਕੰਮ ਕਰਦੇ ਰਹਿਣਾ ਚਾਹੀਦਾ ਹੈ। ਜੋ ਲੋਕ ਸ਼ਾਂਤ ਰਹਿਣਾ ਸਿੱਖ ਜਾਂਦੇ ਹਨ, ਉਨ੍ਹਾਂ ਨੂੰ ਆਤਮਾ ਦੀ ਆਵਾਜ਼ ਵੀ ਸੁਣਨੀ ਆ ਜਾਂਦੀ ਹੈ। ਜੋ ਲੋਕ ਚੁੱਪ ਰਹਿ ਕੇ ਆਪਣੇ ਕੰਮਾਂ ਵਿੱਚ ਰੁੱਝੇ ਰਹਿੰਦੇ ਹਨ, ਉਨ੍ਹਾਂ ਦਾ ਮਨੋਬਲ ਵਧਦਾ ਹੈ ਅਤੇ ਹੋਰ ਕਰਨ ਦੀ ਇੱਛਾ ਜਾਗਦੀ ਹੈ। ਜੇਕਰ ਤੁਸੀਂ ਕਿਸੇ ਕੰਮ ਨੂੰ ਸ਼ੁਰੂ ਕਰਨਾ ਚਾਹੁੰਦੇ ਹੋ ਤਾਂ ਚੁੱਪ–ਚਾਪ ਕਰਦੇ ਜਾਓ। ਉਸ ਦਾ ਢਿੰਡੋਰਾ ਨਾ ਪਿੱਟੋ। ਬਾਣੀ ਦਾ ਉਪਯੋਗ ਇਸ ਤਰ੍ਹਾਂ ਕਰੋ ਕਿ ਸਾਡੇ ਬੋਲ ਹੋਰਨਾਂ ਨੂੰ ਦਿੱਤਾ ਜਾਣ ਵਾਲਾ ਫੁੱਲਾਂ ਦਾ ਗੁਲਦਸਤਾ ਬਣ ਜਾਣ। ਜਨਮ ਦਿਨ ਤਾਂ ਸਾਲ ਬਾਅਦ ਆਉਂਦਾ ਹੈ, ਤਦ ਹੀ ਅਸੀਂ ਕਿਸੇ ਨੂੰ ਮੁਬਾਰਕਬਾਦ ਸਹਿਤ ਗੁਲਦਸਤਾ ਭੇਟ ਕਰ ਸਕਦੇ ਹਾਂ, ਪਰ ਆਪਣੇ ਮਧੁਰ ਅਤੇ ਖੇੜਿਆਂ ਭਰੇ ਬੋਲਾਂ ਦਾ ਗੁਲਦਸਤਾ ਤਾਂ ਭਾਵੇਂ ਹਰ ਰੋਜ਼ ਹੀ ਸੱਜਣਾਂ ਨੂੰ ਦਿੰਦੇ ਫਿਰੀਏ। ਮਿੱਠੜੇ ਬੋਲਾਂ 'ਤੇ ਕੋਈ ਖ਼ਰਚਾ ਨਹੀਂ ਆਉਂਦਾ। ਹਰ ਆਦਮੀ ਦੇ ਜੀਵਨ ਵਿੱਚ ਕੁਝ ਖਾਮੀਆਂ ਜ਼ਰੂਰ ਹੁੰਦੀਆਂ ਹਨ। ਜੇਕਰ ਅਸੀਂ ਉਨ੍ਹਾਂ ਨੂੰ ਗਿਣਨਾ ਸ਼ੁਰੂ ਕਰ ਦਈਏ ਤਾਂ ਉਸ ਦੇ ਜੀਵਨ ਦਾ ਕਚਰਾ ਸਾਡੇ ਜੀਵਨ ਵਿੱਚ ਆਉਂਦਿਆਂ ਦੇਰ ਨਹੀਂ ਲੱਗਣੀ।

ਜੋ ਆਦਮੀ ਕਿਸੇ ਦੀ ਨਿੰਦਾ ਨਹੀਂ ਕਰਦਾ ਉਸ ਨੂੰ ਕਿਤੇ ਵੀ ਤੀਰਥੀ ਘੁੰਮਣ ਦੀ ਲੋੜ ਨਹੀਂ ਕਿਉਂਕਿ ਉਸ ਦਾ ਮਨ ਤਾਂ ਪਹਿਲਾਂ ਹੀ ਨਿਰਮਲ ਹੁੰਦਾ ਹੈ। ਰਸੀਲੀ ਅਤੇ ਮਧੁਰ ਬਾਣੀ ਪਰਿਵਾਰਕ ਸਮਾਜਿਕ, ਵਪਾਰਕ ਅਤੇ ਹੋਰ ਸਾਰੇ ਖੇਤਰਾਂ ਵਿੱਚ ਆਪਸੀ ਸਬੰਧਾਂ ਦੇ ਨਾਲ–ਨਾਲ ਸਾਡੀ ਸ਼ਾਨ ਨੂੰ ਵੀ ਵਧਾਉਂਦੀ ਹੈ ਅਤੇ ਸਾਨੂੰ ਜੀਵਨ ਦੀ ਸਰਲਤਾ ਵੱਲ ਲੈ ਜਾਂਦੀ ਹੈ। ਜੀਵਨ ਦਾ ਨਾਸ਼ ਇੱਕ ਅਟੱਲ ਸੱਚਾਈ ਹੈ, ਪਰ ਇਸ ਨੂੰ ਪ੍ਰਗਟ ਕਰਨ ਲਈ ਜ਼ਿੰਦਗੀ ਪ੍ਰਤੀ ਉਦਾਸੀਨਤਾ ਅਤੇ ਨਿਰਾਸ਼ਾ ਦੀ ਜਗ੍ਹਾ ਵਰਤਮਾਨ ਸਮੇਂ ਦੇ ਕੀਮਤੀ ਪਲਾਂ ਦਾ ਸਹੀ ਉਪਯੋਗ ਕੀਤਾ ਜਾਣਾ ਚਾਹੀਦਾ ਹੈ। ਦੁਨੀਆਂ ਵਿੱਚ ਰੋਂਦੇ ਰਹਿਣ ਵਾਲੇ ਦਾ ਕੋਈ ਸਾਥ ਨਹੀਂ ਦਿੰਦਾ। ਸਾਰੇ ਹੱਸਣ ਵਾਲੇ ਦਾ ਸਾਥੀ ਬਣਨਾ ਚਾਹੁੰਦੇ ਹਨ।

# ਹੁਣ ਗੋਰਾ ਦਿਸਣਾ ਆਸਾਨ

ਸ਼ਿਵਾਂਗੀ ਝਾਂਬ



ਸਾਂਵਲਾ ਰੰਗ ਦਿਲ ਨੂੰ ਮੋਹਣ ਵਾਲਾ ਹੁੰਦਾ ਹੈ, ਫਿਰ ਵੀ ਲੋਕ ਗੋਰਾ, ਸਾਫ਼ ਅਤੇ ਚਮਕਦਾ ਚਿਹਰਾ ਪਸੰਦ ਕਰਦੇ ਹਨ। ਕੁਝ ਲੋਕਾਂ ਨੂੰ ਗਹਿਰੀ ਰੰਗਤ ਜਨਮ ਤੋਂ ਪ੍ਰਾਪਤ ਹੁੰਦੀ ਹੈ ਅਤੇ ਕੁਝ ਲੋਕਾਂ ਦੀ ਜ਼ਿਆਦਾ ਦੇਰ ਤੱਕ ਧੁੱਪ ਵਿਚ ਰਹਿਣ ਨਾਲ ਚਮੜੀ ਟੈਨ ਹੋ ਜਾਂਦੀ ਹੈ, ਜਿਸ ਨਾਲ ਉਨ੍ਹਾਂ ਦਾ ਰੰਗ ਸਾਂਵਲਾ ਦਿਸਦਾ ਹੈ ਪਰ ਤੁਸੀਂ ਪ੍ਰੇਸ਼ਾਨ ਨਾ ਹੋਵੋ, ਕਿਉਂਕਿ ਹੁਣ ਘਰ ਵਿਚ ਰਹਿ ਕੇ ਤੁਸੀਂ ਕੁਝ ਘਰੇਲੂ ਨੁਸਖਿਆਂ ਨਾਲ ਗੋਰਾ ਨਿਖਾਰ ਪਾ ਸਕਦੇ ਹੋ।

× ਇਕ ਕੁਦਰਤੀ ਤਰੀਕਾ ਜਿਸ ਨਾਲ ਤੁਸੀਂ ਸਾਫ਼ ਚਮੜੀ ਪਾ ਸਕਦੇ ਹੋ, ਉਹ ਹੈ ਜੌਂ ਦਾ ਆਟਾ। ਜੌਂ ਦੇ ਆਟੇ ਵਿਚ ਕੁਝ ਬੂੰਦਾਂ ਗੁਲਾਬਜਲ ਅਤੇ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਪਾ ਕੇ ਲੇਪ ਬਣਾ ਲਓ। ਇਸ ਨੂੰ ਚਿਹਰੇ 'ਤੇ ਲਗਾ ਲਓ ਅਤੇ ਸੁੱਕਣ 'ਤੇ ਠੰਢੇ ਪਾਣੀ ਨਾਲ ਧੋ ਲਓ।

× ਚਮੜੀ ਦੀ ਰੰਗਤ ਨਿਖਾਰਨ ਲਈ ਤੁਸੀਂ ਉਬਟਨ ਵੀ ਲਗਾ ਸਕਦੇ ਹੋ। ਇਸ ਵਾਸਤੇ ਚਾਰ ਚਮਚ ਵੇਸਣ, ਅੱਧਾ ਚਮਚ ਚੰਦਨ ਪਾਊਡਰ, ਇਕ ਚਮਚ ਨਿੰਬੂ ਦਾ ਰਸ, ਇਕ ਚਮਚ ਖੀਰੇ ਦਾ ਰਸ ਅਤੇ ਇਕ ਚਮਚ ਦੁੱਧ ਨੂੰ ਮਿਲਾ ਕੇ ਲਗਾਓ।

× ਨਿਯਮਤ ਰੂਪ ਨਾਲ ਸੇਬ ਦਾ ਰਸ ਅਤੇ ਇਕ ਚਮਚ ਗੁਲਾਬਜਲ ਨੂੰ ਚੰਗੀ ਤਰ੍ਹਾਂ ਮਿਲਾ ਕੇ ਲਗਾਉਣ ਨਾਲ ਤੁਹਾਡੀ ਚਮੜੀ ਚਮਕਦਾਰ ਲੱਗੇਗੀ। ਰੰਗਤ ਵੀ ਨਿਖਰੇਗੀ।

× ਟਮਾਟਰ ਦਾ ਰਸ ਤਾਜ਼ਗੀ ਦਾ ਅਹਿਸਾਸ ਦਿੰਦਾ ਹੈ। ਟਮਾਟਰ ਦੇ ਗੁੱਦੇ ਨੂੰ ਚਿਹਰੇ 'ਤੇ ਲਗਾਉਣਾ ਚਮੜੀ ਨੂੰ ਗੋਰੀ ਬਣਾਉਣ ਵਿਚ ਅਦਭੁਤ ਕੰਮ ਕਰਦਾ ਹੈ।

× ਇਕ ਆਂਡਾ ਲਓ। ਉਸ ਦਾ ਸਫੈਦ ਵਾਲਾ ਭਾਗ ਕੱਢੋ ਅਤੇ ਚਿਹਰੇ 'ਤੇ ਲਗਾਓ। ਇਸ ਨਾਲ ਚਮੜੀ ਨਰਮ ਅਤੇ ਮੁਲਾਇਮ ਹੋ ਜਾਵੇਗੀ।

× ਖੀਰੇ ਦੇ ਰਸ ਵਿਚ ਜੈਤੂਨ ਦਾ ਤੇਲ ਮਿਲਾ ਕੇ ਲਗਾਓ। ਇਸ ਨਾਲ ਸਾਂਵਲੀ ਚਮੜੀ ਸਾਫ ਹੁੰਦੀ ਹੈ।

× ਦੋ ਚਮਚ ਮੁਲਤਾਨੀ ਮਿੱਟੀ, ਇਕ ਚਮਚ ਕੱਚਾ ਦੁੱਧ, ਇਕ ਚਮਚ ਗੁਲਾਬ ਜਲ ਅਤੇ ਇਕ ਚਮਚ ਨਾਰੀਅਲ ਦਾ ਪਾਣੀ ਮਿਲਾ ਕੇ ਪੇਸਟ ਬਣਾਓ। ਇਸ ਪੇਸਟ ਨੂੰ 15 ਮਿੰਟ ਤੱਕ ਚਿਹਰੇ 'ਤੇ ਲਗਾਓ। ਸੁੱਕਣ 'ਤੇ ਠੰਢੇ ਪਾਣੀ ਨਾਲ ਸਾਫ਼ ਕਰੋ।

× ਨਿੰਬੂ ਦਾ ਰਸ ਅਤੇ ਖੀਰੇ ਦਾ ਰਸ ਮਿਲਾ ਕੇ ਚਿਹਰੇ 'ਤੇ ਲਗਾਉਣ ਨਾਲ ਚਮੜੀ ਵਿਚ ਨਿਖਾਰ ਆਉਂਦਾ ਹੈ। ਇਹ ਨੁਸਖਾ ਤੇਲੀ ਚਮੜੀ ਲਈ ਕਾਫੀ ਲਾਭਦਾਇਕ ਹੈ।

× ਚਿਹਰੇ 'ਤੇ ਪਪੀਤਾ ਅਤੇ ਸ਼ਹਿਦ ਦਾ ਮਾਸਕ ਲਗਾ ਕੇ ਵੀ ਚਮੜੀ ਨੂੰ ਗੋਰੀ ਅਤੇ ਚਮਕਦਾਰ ਬਣਾਇਆ ਜਾ ਸਕਦਾ ਹੈ।

# ਬਨਾਉਟੀ ਗਹਿਣਿਆਂ ਦੀ ਸੰਭਾਲ ਕਿਵੇਂ ਕਰੀਏ ?



ਕਾਸਟਿਊਮ ਜਿਊਲਰੀ ਜਾਂ ਬਨਾਉਟੀ ਗਹਿਣਿਆਂ ਨੂੰ ਬਣਾਉਣ ਵਿਚ ਸਸਤੇ ਧਾਤ, ਬਨਾਉਟੀ ਮੋਤੀ ਅਤੇ ਨਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਇਸ ਲਈ ਇਹ ਸਸਤੀ ਹੁੰਦੀ ਹੈ। ਇਹ ਬਾਜ਼ਾਰ ਵਿਚ ਕਈ ਤਰ੍ਹਾਂ ਦੇ ਰੰਗਾਂ ਅਤੇ ਡਿਜ਼ਾਈਨਾਂ ਵਿਚ ਮਿਲਦੀ ਹੈ।

× ਆਪਣੇ ਗਹਿਣਿਆਂ ਨੂੰ ਪਾਣੀ ਤੋਂ ਬਚਾਅ ਕੇ ਰੱਖੋ। ਨਮਕ ਅਤੇ ਕਲੋਰੀਨ ਵਾਲੇ ਪਾਣੀ ਨਾਲ ਗਹਿਣਿਆਂ ਨੂੰ ਨੁਕਸਾਨ ਹੋ ਸਕਦਾ ਹੈ। ਇਨ੍ਹਾਂ 'ਤੇ ਗੂੜ੍ਹੇ ਧੱਬੇ ਪੈ ਸਕਦੇ ਹਨ, ਜਿਨ੍ਹਾਂ ਨੂੰ ਹਟਾਉਣਾ ਮੁਸ਼ਕਿਲ ਹੁੰਦਾ ਹੈ। ਜੇਕਰ ਇਨ੍ਹਾਂ ਨੂੰ ਜ਼ਿਆਦਾ ਰਗੜਿਆ ਜਾਂਦਾ ਹੈ ਤਾਂ ਗਹਿਣਿਆਂ ਦੀ ਚਮਕ ਫਿੱਕੀ ਪੈ ਜਾਂਦੀ ਹੈ।

× ਜਦੋਂ ਬਨਾਉਟੀ ਗਹਿਣੇ ਖਰੀਦਦੇ ਹੋ ਤਾਂ ਇਸ ਗੱਲ ਨੂੰ ਦੇਖ ਲਓ ਕਿ ਉਸ ਦੇ ਨਗ ਢਿੱਲੇ ਨਾ ਹੋਣ। ਨਗਾਂ ਵਾਲੇ ਬਨਾਉਟੀ ਗਹਿਣਿਆਂ ਦੀ ਜ਼ਿਆਦਾ ਦੇਖਭਾਲ ਕਰਨੀ ਪੈਂਦੀ ਹੈ, ਕਿਉਂਕਿ ਇਸ ਵਿਚੋਂ ਜੇ ਇਕ ਵੀ ਨਗ ਨਿਕਲ ਜਾਂਦਾ ਹੈ ਤਾਂ ਉਸ ਦੀ ਪੂਰੀ ਸੁੰਦਰਤਾ ਹੀ ਖ਼ਤਮ ਹੋ ਜਾਂਦੀ ਹੈ। ਜੇ ਇਸ ਦਾ ਇਕ ਵੀ ਨਗ ਗੁਆਚ ਜਾਵੇ ਤਾਂ ਉਸ ਨੂੰ ਉਸੇ ਸਮੇਂ ਲੱਭ ਕੇ ਗਲੂ ਨਾਲ ਉਸੇ ਜਗ੍ਹਾ ਚਿਪਕਾ ਦਿਓ ਜਾਂ ਇਸ ਨੂੰ ਬਨਾਉਟੀ ਗਹਿਣਿਆਂ ਦੀ ਦੁਕਾਨ 'ਤੇ ਜਾ ਕੇ ਸਹੀ ਕਰਾਓ।

× ਸੌਣ ਤੋਂ ਪਹਿਲਾਂ ਜਾਂ ਪਾਣੀ ਦਾ ਕੰਮ ਕਰਨ ਤੋਂ ਪਹਿਲਾਂ ਆਪਣੇ ਗਹਿਣੇ ਉਤਾਰ ਲਓ।

× ਆਪਣੇ ਗਹਿਣਿਆਂ ਨੂੰ ਸੁੱਕੇ, ਠੰਢੇ ਅਤੇ ਨਮੀ ਵਾਲੇ ਸਥਾਨ 'ਤੇ ਰੱਖੋ।

× ਗਹਿਣੇ ਪਹਿਨਣ ਤੋਂ ਬਾਅਦ ਪਰਫਿਊਮ, ਡੀਓ ਜਾਂ ਕਿਸੇ ਹੋਰ ਤਰ੍ਹਾਂ ਦੇ ਸਪਰੇਅ ਦੀ ਵਰਤੋਂ ਨਾ ਕਰੋ।

× ਗਹਿਣਿਆਂ ਨੂੰ ਪਲਾਸਟਿਕ ਜਾਂ ਪੇਪਰ ਬੈਗ ਵਿਚ ਰੱਖੋ। ਗਹਿਣੇ ਉਤਾਰਨ ਤੋਂ ਬਾਅਦ ਨਰਮ ਬੁਰਸ਼ ਦੀ ਮਦਦ ਨਾਲ ਉਸ ਦੀ ਧੂੜ ਸਾਫ਼ ਕਰ ਲਓ। ਇਸ ਤੋਂ ਬਾਅਦ ਇਕ ਪਤਲੇ ਸੂਤੀ ਕੱਪੜੇ ਵਿਚ ਲਪੇਟ ਲਓ।

× ਕਸਰਤ ਕਰਨ ਸਮੇਂ, ਤੈਰਨ ਸਮੇਂ, ਨਹਾਉਣ ਸਮੇਂ ਇਨ੍ਹਾਂ ਗਹਿਣਿਆਂ ਨੂੰ ਨਾ ਪਹਿਨੋ।


× ਇਨ੍ਹਾਂ ਗਹਿਣਿਆਂ ਨੂੰ ਸਾਫ਼ ਕਰਨ ਲਈ ਸਾਬਣ, ਪਾਣੀ ਜਾਂ ਕਲੀਨਿੰਗ ਪਾਊਡਰ ਦੀ ਵਰਤੋਂ ਨਾ ਕਰੋ।

× ਇਨ੍ਹਾਂ ਗਹਿਣਿਆਂ ਨੂੰ ਸਾਫ਼ ਕਰਦੇ ਸਮੇਂ ਪਹਿਲਾਂ ਇਨ੍ਹਾਂ ਦੇ ਅੰਦਰੂਨੀ ਕਿਨਾਰੇ 'ਤੇ ਥੋੜ੍ਹਾ ਜਿਹਾ ਪੈਚ ਟੈਸਟ ਕਰਕੇ ਫਿਰ ਬਾਕੀ ਦੇ ਹਿੱਸੇ ਨੂੰ ਸਾਫ਼ ਕਰੋ।

× ਜ਼ਿਆਦਾ ਹਵਾ ਦੇ ਸੰਪਰਕ ਵਿਚ ਰਹਿਣ 'ਤੇ ਇਨ੍ਹਾਂ ਗਹਿਣਿਆਂ ਦੀ ਚਮਕ ਖ਼ਤਮ ਹੋ ਜਾਂਦੀ ਹੈ। ਇਨ੍ਹਾਂ ਨੂੰ ਹਮੇਸ਼ਾ ਜਿਪ ਪਾਊਚ ਵਿਚ ਰੱਖੋ ਅਤੇ ਬੰਦ ਕਰਨ ਤੋਂ ਪਹਿਲਾਂ ਪਾਊਚ ਦੀ ਵੀ ਹਵਾ ਚੰਗੀ ਤਰ੍ਹਾਂ ਕੱਢ ਦਿਓ।

× ਜੇਕਰ ਇਨ੍ਹਾਂ ਦੀ ਚਮਕ ਫਿੱਕੀ ਪੈਣ ਲੱਗੇ ਤਾਂ ਇਨ੍ਹਾਂ ਨੂੰ ਰੂੰ ਜਾਂ ਕਿਸੇ ਨਰਮ ਕੱਪੜੇ ਨਾਲ ਹਲਕੇ ਹੱਥਾਂ ਨਾਲ ਪੂੰਝ ਲਓ। ਇਸ ਨਾਲ ਇਨ੍ਹਾਂ ਦੀ ਚਮਕ ਮੁੜ ਆ ਸਕਦੀ ਹੈ।

# ਮੈਨੂੰ ਜੱਗ ਵੇਖਣ ਦਾ ਚਾਅ ਨੀਂ ਮਾਏਂ



'ਮਾਵਾਂ ਤੇ ਧੀਆਂ ਬੈਠੀਆਂ ਨੀਂ ਮਾਂ, ਕੋਈ ਕਰਦੀਆਂ ਗੱਲਾਂ...।' ਜੀ ਹਾਂ, ਇਕ ਧੀ ਦੀ ਆਪਣੀ ਮਾਂ ਨਾਲ ਉਮਰ ਭਰ ਲਈ ਹੀ ਇਕ ਭਾਵੁਕ ਜਿਹੀ ਸਾਂਝ ਹੁੰਦੀ ਹੈ। ਧੀ ਸਦਾ ਹੀ ਆਪਣੀ ਮਾਂ ਨਾਲ ਆਪਣੇ ਮਨ ਦੇ ਚਾਅ, ਵਲਵਲੇ, ਜਜ਼ਬਾਤ ਸਾਂਝੇ ਕਰਦੀ ਹੈ। ਮਾਂ–ਧੀ ਦਰਮਿਆਨ ਰਿਸ਼ਤਾ ਏਨਾ ਨਿੱਘਾ ਹੋਣ ਕਰਕੇ ਕਿਸੇ ਲਿਖਾਰੀ ਨੇ ਠੀਕ ਹੀ ਲਿਖਿਆ ਹੈ, 'ਮਾਵਾਂ ਤੇ ਧੀਆਂ ਵਰਗਾ ਰਿਸ਼ਤਾ ਕੋਈ ਹੋਰ ਨਾ।' ਜ਼ਮਾਨੇ ਦੇ ਬਦਲਾਅ ਕਾਰਨ ਅਜੋਕੇ ਪੜ੍ਹੇ–ਲਿਖੇ, ਅਗਾਂਹਵਧੂ ਪਰਿਵਾਰਾਂ ਅਤੇ ਸਮਾਜ 'ਚ ਧੀਆਂ ਨੂੰ ਪੂਰਾ ਮਾਣ–ਸਨਮਾਨ ਦਿੱਤਾ ਜਾ ਰਿਹਾ ਹੈ। ਅਜਿਹੇ ਪਰਿਵਾਰਾਂ 'ਚ ਕੁੜੀਆਂ ਦੀ ਲੋਹੜੀ ਵੰਡੀ ਜਾਂਦੀ ਹੈ, ਜਨਮ ਦਿਨ ਪੂਰੇ ਚਾਅ ਨਾਲ ਮਨਾਇਆ ਜਾਂਦਾ ਹੈ। ਜਨਮ ਸਮੇਂ ਬੂਹੇ ਅੱਗੇ ਸ਼ਰੀਂਹ ਦੀਆਂ ਟਹਿਣੀਆਂ ਬੰਨ੍ਹ ਕੇ ਇਸ ਦਾ ਪੂਰਾ ਚਾਅ ਮਨਾਇਆ ਜਾਂਦਾ ਹੈ। ਇਵੇਂ ਹੀ ਇਕ–ਦੋ ਫ਼ੀਸਦੀ ਅਜਿਹੇ ਮਾਪੇ ਵੀ ਹਨ, ਜਿਨ੍ਹਾਂ ਦੇ ਕੇਵਲ ਇਕ ਹੀ ਬੱਚਾ ਹੈ, ਉਹ ਵੀ ਲੜਕੀ। ਉਨ੍ਹਾਂ ਨੇ ਹੋਰ ਬੱਚਾ ਲੈਣ ਦੀ ਇੱਛਾ ਹੀ ਨਹੀਂ ਰੱਖੀ ਅਤੇ ਕੇਵਲ ਇਕਲੌਤੀ ਧੀ ਨੂੰ ਹੀ ਆਪਣਾ ਸਭ ਕੁਝ ਮੰਨਿਆ ਹੈ, ਜੋ ਕਿ ਇਕ ਚੰਗੀ ਪਿਰਤ ਹੈ। ਇਸ ਨਾਲ ਇਹ ਵੀ ਤਸੱਲੀ ਹੁੰਦੀ ਹੈ ਕਿ ਧੀਆਂ ਨੂੰ ਅੱਜ ਵੀ ਪੁੱਤਾਂ ਵਾਂਗ ਪਿਆਰ ਕਰਨ ਵਾਲੇ ਮਾਪੇ ਮੌਜੂਦ ਹਨ। ਬੇਸ਼ੱਕ ਉਨ੍ਹਾਂ ਦੀ ਗਿਣਤੀ ਸਮਾਜ 'ਚ ਥੋੜ੍ਹੀ ਹੈ। ਅਜਿਹੇ ਮਾਪਿਆਂ ਤੋਂ ਸਮਾਜ ਦੇ ਬਾਕੀ ਲੋਕਾਂ ਨੂੰ ਵੀ ਸੇਧ ਲੈ ਕੇ ਅੱਗੇ ਵਧਣਾ ਚਾਹੀਦਾ ਹੈ। ਸਾਡੀ ਖੁਸ਼ਹਾਲ ਧਰਤੀ 'ਤੇ ਜਿਥੇ ਧੀਆਂ ਨੂੰ ਚੰਗੇ ਪਰਿਵਾਰਾਂ ਅਤੇ ਸਮਾਜ 'ਚ ਚੰਗਾ ਮਾਣ–ਸਨਮਾਨ ਦੇਣ ਵਾਲੇ ਲੋਕ ਬੈਠੇ ਹਨ, ਉਥੇ ਕੁਝ ਕੁ ਧੀਆਂ ਪ੍ਰਤੀ ਤੰਗਦਿਲੀ ਨਜ਼ਰੀਏ ਵਾਲੇ ਲੋਕ ਵੀ ਬੈਠੇ ਹਨ, ਜੋ ਕਿ ਗੁਰੂਆਂ–ਪੀਰਾਂ ਦੁਆਰਾ ਸਤਿਕਾਰੀ ਗਈ ਧੀ (ਔਰਤ) ਦੇ ਜੰਮਣ ਨੂੰ ਅਜੋਕੇ ਸਮੇਂ ਵੀ ਅਪਸ਼ਗਨ ਮੰਨ ਰਹੇ ਹਨ। ਤਾਂ ਹੀ ਕਿਸੇ ਨੇ ਕਿਹਾ ਹੈ, 'ਧੀਆਂ ਜੰਮੀਆਂ ਤੇ ਗੁੜ ਵੀ ਨਾ ਵੰਡਿਆ...।' ਇਹੋ ਵੱਡਾ ਕਾਰਨ ਹੈ ਕਿ ਦੇਸ਼ ਦੇ ਖੁਸ਼ਹਾਲ ਸੂਬੇ ਪੰਜਾਬ 'ਚ ਲੜਕੇ–ਲੜਕੀਆਂ ਦੀ ਗਿਣਤੀ ਦਾ ਅਨੁਪਾਤ ਅੱਜ ਵੀ 1000 : 882 'ਤੇ ਖੜ੍ਹਾ ਹੈ। ਇਹ ਪਾੜਾ ਖ਼ਤਮ ਕਰਨ ਦੀ ਅਹਿਮ ਲੋੜ ਹੈ। ਇਸ ਪਾੜੇ ਦਾ ਵੱਡਾ ਕਾਰਨ ਭਰੂਣ ਹੱਤਿਆ ਹੈ। ਭਾਰਤ ਸਰਕਾਰ ਵਲੋਂ ਭਰੂਣਹੱਤਿਆ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਏ ਹਨ। ਗਰਭ 'ਚ ਪਲ ਰਹੇ ਬੱਚੇ ਦੇ ਵਿਕਾਸ ਤੇ ਤੰਦਰੁਸਤੀ ਦਾ ਜਾਇਜ਼ਾ ਲੈਣ ਲਈ ਅਲਟਰਾ ਸਾਊਂਡ ਮਸ਼ੀਨ ਦੁਆਰਾ ਸਕੈਨ ਕਰਨ ਸਮੇਂ ਲਗਪਗ ਸਾਰੇ ਹੀ ਸਕੈਨ ਸੈਂਟਰਾਂ ਨੇ ਸਰਕਾਰ ਦੇ ਆਦੇਸ਼ ਦਾ ਪਾਲਣ ਕਰਦਿਆਂ ਗਰਭ ਦਾ ਲਿੰਗ ਦੱਸਣ 'ਤੇ ਸਖ਼ਤੀ ਨਾਲ ਪਾਬੰਦੀ ਲਾਈ ਹੋਈ ਹੈ ਪਰ ਫਿਕਰਮੰਦੀ ਦੀ ਗੱਲ ਹੈ ਕਿ ਇਸ ਦੇ ਬਾਵਜੂਦ ਧੀਆਂ ਦੇ ਦੁਸ਼ਮਣ ਅਤੇ ਪਿਛਾਂਹਖਿੱਚੂ ਸੋਚ ਦੇ ਧਾਰਨੀ ਮਾਪੇ ਚੋਰੀ–ਛੁਪੇ ਇਨ੍ਹਾਂ ਨੂੰ ਗਰਭ 'ਚ ਖ਼ਤਮ ਕਰਨ 'ਤੇ ਤੁਲੇ ਹੋਏ ਹਨ। ਉਨ੍ਹਾਂ ਲੋਕਾਂ ਅਤੇ ਮਾਪਿਆਂ ਦੀ ਜੰਗਾਲੀ ਮਾਨਸਿਕਤਾ ਖ਼ਿਲਾਫ਼ ਮਾਂ ਦੇ ਗਰਭ ਅੰਦਰ ਹੀ ਪਲ ਰਹੀ ਇਕ ਧੀ ਆਪਣੀ ਮਾਂ ਨੂੰ ਪੁਕਾਰ ਕਰਦੀ ਹੋਈ ਆਖਦੀ ਹੈ, 'ਮੈਨੂੰ ਜੱਗ ਵੇਖਣ ਦਾ ਚਾਅ, ਨੀਂ ਮਾਏਂ ਮੇਰੀਏ। ਮੈਨੂੰ ਕੁੱਖ 'ਚ ਨਾ ਕਤਲ ਕਰਾ ਨੀਂ ਮਾਏਂ ਮੇਰੀਏ...।' ਸੋ, ਸਾਡਾ ਸਭਨਾਂ ਦਾ ਇਹ ਨੈਤਿਕ ਫ਼ਰਜ਼ ਬਣਦਾ ਹੈ ਕਿ ਅਸੀਂ ਗਰਭ 'ਚ ਪਲ ਰਹੀ ਧੀ ਦੀ ਪੁਕਾਰ ਨੂੰ ਪੂਰੇ ਗਹੁ ਨਾਲ ਸੁਣੀਏ ਅਤੇ ਉਸ ਉੱਪਰ ਅਮਲ ਕਰਦੇ ਹੋਏ ਧੀ ਨੂੰ ਸਮਾਜ 'ਚ ਪੂਰੇ ਮਾਣ–ਸਨਮਾਨ ਨਾਲ ਜਿਊਣ ਦਾ ਮੌਕਾ ਦੇਈਏ। ਜੇਕਰ ਸਮਾਜ ਵਿਚ ਧੀਆਂ ਹੋਣਗੀਆਂ ਤਾਂ ਹੀ ਨੂੰਹਾਂ ਆਉਣਗੀਆਂ ਅਤੇ ਅੱਗੇ ਵੰਸ਼–ਅੰਸ਼ ਚਲਦੀ ਰਹੇਗੀ। ਧੀ ਵੀ ਜੱਗ 'ਤੇ ਜਨਮ ਲੈਣਾ ਚਾਹੁੰਦੀ ਹੈ ਅਤੇ ਇਸ ਰੰਗਲੇ ਸੰਸਾਰ ਨੂੰ ਦੇਖਣ, ਜਿਊਣ, ਮਾਨਣ ਦੀ ਪ੍ਰਬਲ ਇੱਛਾ ਆਪਣੇ ਮਨ 'ਚ ਰੱਖਦੀ ਹੈ। ਇਹ ਪੁਕਾਰ ਇਕ ਮਾਂ ਨੂੰ ਹੀ ਨਹੀਂ, ਸਗੋਂ ਸਮੁੱਚੇ ਸਮਾਜ ਨੂੰ ਗੰਭੀਰਤਾ ਨਾਲ ਸੋਚਣ ਅਤੇ ਵਿਚਾਰਨ ਲਈ ਹੈ ਕਿ ਅਸੀਂ ਧੀਆਂ ਨੂੰ ਸਮਾਜ 'ਚ ਪੂਰਾ ਮਾਣ–ਸਨਮਾਨ ਅਤੇ ਜਿਊਣ ਦਾ ਪੂਰਾ ਹੱਕ ਦੇਣ 'ਚ ਭਾਗੀਦਾਰ ਬਣੀਏ। ਇਸ ਵਿਚ ਹੀ ਸਾਡੇ ਸਭਨਾਂ ਦੀ ਭਲਾਈ ਹੈ, ਕਿਉਂਕਿ ਪੁੱਤ ਕਪੁੱਤ ਹੋ ਸਕਦਾ ਹੈ ਪਰ ਧੀਆਂ ਕਦੇ ਵੀ ਮਾਪਿਆਂ ਲਈ ਕੁ–ਧੀਆਂ ਨਹੀਂ ਬਣਦੀਆਂ...।

–ਮੋਹਰ ਗਿੱਲ ਸਿਰਸੜੀ, ਮੋਬਾ: 98156-59110

# ਜੇਕਰ ਵੱਡੀ ਵਾਰਦਾਤ ਵਾਪਰੀ ਤਾਂ ਉਸ ਇਲਾਕੇ ਦੇ ਪੁਲਿਸ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਹੋਵੇਗੀ-ਮੁੱਖ ਮੰਤਰੀ ਨੇ ਪੁਲਿਸ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਕੀਤਾ ਸਪੱਸ਼ਟ

**➢ ਸੰਗਠਿਤ ਅਪਰਾਧ ਤੇ ਨਸ਼ਿਆਂ ਵਿਰੁੱਧ ਕਿਸੇ ਤਰ੍ਹਾਂ ਦਾ ਲਿਹਾਜ਼ ਨਾ ਵਰਤਿਆ ਜਾਵੇ ➢ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਲੋਕਾਂ ਨੂੰ ਬਖਸ਼ਿਆ ਨਾ ਜਾਵੇ**

**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਅਪਰਾਧ ਨੂੰ ਨੱਥ ਪਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਜਿਹੜੇ ਵੀ ਇਲਾਕੇ ਵਿੱਚ ਕੋਈ ਵੱਡੀ ਵਾਰਦਾਤ ਵਾਪਰਦੀ ਹੈ ਤਾਂ ਉਸ ਇਲਾਕੇ ਦੇ ਸਬੰਧਤ ਪੁਲਿਸ ਅਫਸਰਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ।



ਅੱਜ ਇੱਥੇ ਪੁਲਿਸ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਅਪਰਾਧ ਨੂੰ ਠੱਲ੍ਹ ਪਾਉਣ ਲਈ ਅਸਰਦਾਰ ਪੁਲਿਸਿੰਗ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ, ਦੇਸ਼ ਦੀਆਂ ਸਭ ਤੋਂ ਬਿਹਤਰੀਨ ਫੋਰਸਾਂ ਵਿੱਚੋਂ ਇਕ ਹੈ ਅਤੇ ਦੇਸ਼ ਦੀ ਏਕਤਾ, ਅਖੰਡਤਾ ਤੇ ਪ੍ਰਭੂਸੱਤਾ ਦੀ ਰਾਖੀ ਲਈ ਪੰਜਾਬ ਪੁਲਿਸ ਦੀ ਸ਼ਾਨਦਾਰ ਰਵਾਇਤ ਨੂੰ ਹਰ ਹਾਲ ਵਿੱਚ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ ਅਤੇ ਸੂਬੇ ਵਿੱਚ ਫਿਰਕੂ ਸਦਭਾਵਨਾ, ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਰੱਖਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਡੇ ਪੁਲਿਸ ਸੁਧਾਰ ਲਾਗੂ ਕਰੇਗੀ ਤਾਂ ਜੋ ਲੋਕਾਂ ਨੂੰ ਇਸ ਦਾ ਲਾਭ ਮਿਲ ਸਕੇ। ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸੂਬੇ ਵਿੱਚ ਸਖ਼ਤ ਘਾਲਣਾ ਘਾਲ ਕੇ ਹਾਸਲ ਕੀਤੀ ਅਮਨ-ਸ਼ਾਂਤੀ ਨੂੰ ਹਰ ਹਾਲ ਵਿੱਚ ਕਾਇਮ ਰੱਖਿਆ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲਾਂ ਹੀ ਸੂਬੇ ਵਿੱਚ ਪੁਲਿਸ ਦੇ ਆਧੁਨਿਕੀਕਰਨ ’ਤੇ ਜ਼ੋਰ ਦਿੱਤਾ ਹੋਇਆ ਹੈ ਅਤੇ ਪੰਜਾਬ ਪੁਲਿਸ ਅੱਜ ਵਿਸ਼ਵ ਪੱਧਰੀ ਵਾਹਨਾਂ ਨਾਲ ਲੈਸ ਹੋ ਰਹੀ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ ਅਤੇ ਇਸ ਅਪਰਾਧ ਵਿੱਚ ਸ਼ਾਮਲ ਲੋਕਾਂ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਪੁਲਿਸ ਅਧਿਕਾਰੀਆਂ ਨੂੰ ਖੁਫੀਆ ਇਤਲਾਹ ਇਕੱਠੀ ਕਰਨ ਅਤੇ ਆਮ ਆਦਮੀ ਨੂੰ ਇਨਸਾਫ਼ ਦਿਵਾਉਣ ’ਤੇ ਵੱਧ ਜ਼ੋਰ ਦੇਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਨੂੰ ਲੋਕ ਲਹਿਰ ਵਿੱਚ ਬਦਲਣਾ ਚਾਹੀਦਾ ਹੈ ਅਤੇ ਇਸ ਉਦੇਸ਼ ਲਈ ਪੰਚਾਇਤਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਹੋਰ ਸਖ਼ਤੀ ਨਾਲ ਤੋੜਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖ਼ਤਰੇ ਵਿਰੁੱਧ ਕਿਸੇ ਤਰ੍ਹਾਂ ਦਾ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਜਾਣੀ ਚਾਹੀਦੀ ਹੈ ਅਤੇ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਰੋਜ਼ਾਨਾ ਨਸ਼ਿਆਂ ਵਿਰੁੱਧ ਕਾਰਵਾਈ ਦੀ ਨਿਗਰਾਨੀ ਕਰਨਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਕੂਲ ਅਤੇ ਕਾਲਜ ਪੱਧਰ ’ਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਨਤ ਵਿਰੁੱਧ ਜਾਗਰੂਕ ਕਰਨ ਲਈ ਢੁਕਵੀਂ ਰਣਨੀਤੀ ਬਣਾਈ ਜਾਣੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਇਸ ਵਿੱਚ ਕੋਈ ਢਿੱਲ ਨਹੀਂ ਵਰਤੀ ਜਾਣੀ ਚਾਹੀਦੀ। ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ, ਜਦੋਂ ਸਾਨੂੰ ਨਸ਼ਿਆਂ ਦੀ ਲਾਹਨਤ ਵਿਰੁੱਧ ਫੈਸਲਾਕੁੰਨ ਲੜਾਈ ਲੜਨੀ ਚਾਹੀਦੀ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਤੋਂ ਬਚਾਇਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਤੁਰੰਤ ਜ਼ਬਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਇਸ ਵੱਡੇ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚੋਂ ਸੰਗਠਿਤ ਅਪਰਾਧ ਦਾ ਸਫਾਇਆ ਕਰਨ ਲਈ ਦ੍ਰਿੜ੍ਹ ਵਚਨਬੱਧ ਹੈ ਅਤੇ ਗੈਂਗਸਟਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥ ਵਿੱਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਅਜਿਹੇ ਲੋਕਾਂ ਵਿਰੁੱਧ ਮਿਸਾਲੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਨੂੰ ਕਾਬੂ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਗੈਂਗਸਟਰਾਂ ਵਿਰੁੱਧ ਕਰੜੀ ਕਾਰਵਾਈ ਕੀਤੀ ਜਾਵੇ ਤਾਂ ਜੋ ਇਨ੍ਹਾਂ ਸਮਾਜ ਵਿਰੋਧੀ ਅਨਸਰਾਂ ਨੂੰ ਰੋਕਿਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ਸੂਬੇ ਵਿੱਚ ਸੰਗਠਿਤ ਅਪਰਾਧ ਕਰਨ ਵਾਲਿਆਂ ਨੂੰ ਸਿਰ ਚੁੱਕਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਉਨ੍ਹਾਂ ਨੂੰ ਸਬਕ ਸਿਖਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਸੂਬੇ ਵਿੱਚ ਛੋਟੇ-ਮੋਟੇ ਅਪਰਾਧਾਂ ਨੂੰ ਰੋਕਣ ਲਈ ਪੂਰਾ ਖਾਕਾ ਤਿਆਰ ਕੀਤਾ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਭ੍ਰਿਸ਼ਟਾਚਾਰ ਦੇ ਖ਼ਾਤਮੇ ਲਈ ਵਚਨਬੱਧ ਹੈ ਅਤੇ ਇੱਥੋਂ ਤੱਕ ਕਿ ਪੁਲਿਸ ਤੰਤਰ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਵੀ ਸਖ਼ਤੀ ਨਾਲ ਰੋਕਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੁਲਿਸ ਫੋਰਸ ਵਿੱਚ ਮੌਜੂਦ ਸਾਰੀਆਂ ਕਾਲੀਆਂ ਭੇਡਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ੱਕੀ ਕਿਰਦਾਰ ਵਾਲੇ ਅਜਿਹੇ ਪੁਲਿਸ ਮੁਲਾਜ਼ਮ ਸਾਰੀ ਪੁਲਿਸ ਫੋਰਸ ਦਾ ਨਾਮ ਬਦਨਾਮ ਕਰ ਰਹੇ ਹਨ ਅਤੇ ਇਸ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਸੂਬੇ ਭਰ ਵਿੱਚ ਅਪਰਾਧ ਦਰ ਨੂੰ ਰੋਕਣ ਲਈ ਆਮ ਲੋਕਾਂ ਨਾਲ ਬਿਹਤਰ ਤਾਲਮੇਲ ਦੀ ਵੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਲ ਸੂਬੇ ਵਿੱਚ ਅਪਰਾਧ ਨੂੰ ਖਤਮ ਕਰਨ ਵਿੱਚ ਮਦਦ ਮਿਲੇਗੀ ਜਿਸ ਨਾਲ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਨੂੰ ਵੱਡਾ ਹੁਲਾਰਾ ਮਿਲੇਗਾ। ਭਗਵੰਤ ਸਿੰਘ ਮਾਨ ਨੇ ਆਮ ਲੋਕਾਂ ਦੇ ਸਰਗਰਮ ਸਹਿਯੋਗ ਨਾਲ ਅੱਤਵਾਦ ਦੇ ਕਾਲੇ ਦਿਨਾਂ ਦਾ ਮੁਕਾਬਲਾ ਕਰਨ ਵਿੱਚ ਪੰਜਾਬ ਪੁਲਿਸ ਦੀ ਸ਼ਾਨਦਾਰ ਭੂਮਿਕਾ ਨੂੰ ਯਾਦ ਕੀਤਾ।

ਇਕ ਹੋਰ ਮੁੱਦੇ ’ਤੇ ਚਰਚਾ ਕਰਦਿਆਂ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਅਚਨਚੇਤ ਜਾਂਚ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਨੁਕਸ ਲੱਭਣਾ ਨਹੀਂ ਹੋਣਾ ਚਾਹੀਦਾ ਸਗੋਂ ਕਾਨੂੰਨ ਵਿਵਸਥਾ ਨਾਲ ਸਬੰਧਤ ਮਾਮਲਿਆਂ ਨੂੰ ਸੁਚਾਰੂ ਬਣਾਉਣ ਦਾ ਉਦੇਸ਼ ਹੋਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਪੰਜਾਬ ਪੁਲਿਸ ਦੀ ਕੁਸ਼ਲਤਾ ਹੋਰ ਵਧੇਗੀ ਅਤੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ।

# ਜੇਸੀਬੀ ਮਸ਼ੀਨਾਂ ’ਚ ਭਰੀਆਂ ਗਈਆਂ ਲਾਸ਼ਾਂ; ਸਰਕਾਰ ਨੇ ਮੌਤਾਂ ਦੇ ਅੰਕੜੇ ਲੁਕਾਏ, ਸਪਸ਼ਟੀਕਰਨ ਲਈ ਸਰਬ ਪਾਰਟੀ ਬੈਠਕ ਸੱਦੀ ਜਾਵੇ: ਅਖਿਲੇਸ਼ ਯਾਦਵ

**ਲੋਕ ਪੁੰਨ ਖਟਣ ਲਈ ਆਏ, ਸਕੇ ਸਬੰਧੀਆਂ ਦੀਆਂ ਲਾਸ਼ਾਂ ਲੈ ਕੇ ਮੁੜੇ**

**ਨਵੀਂ ਦਿੱਲੀ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕੇਂਦਰ ਤੇ ਯੂਪੀ ਸਰਕਾਰ ’ਤੇ ਪ੍ਰਯਾਗਰਾਜ ਮਹਾਂਕੁੰਭ ਵਿਚ ਮਚੀ ਭਗਦੜ ਦੌਰਾਨ ਮਾਰੇ ਗਏ ਲੋਕਾਂ ਦੇ ਅੰਕੜੇ ਲੁਕਾਉਣ ਦਾ ਦੋਸ਼ ਲਗਾਉਂਦਿਆਂ ਅੱਜ ਮੰਗ ਕੀਤੀ ਕਿ ਮਹਾਂਕੁੰਭ ਦੇ ਪ੍ਰਬੰਧਾਂ ਬਾਰੇ ਸਪਸ਼ਟੀਕਰਨ ਲਈ ਸਰਬ ਪਾਰਟੀ ਬੈਠਕ ਸੱਦੀ ਜਾਵੇ। ਯਾਦਵ ਨੇ ਕਿਹਾ ਕਿ ਮਹਾਂਕੁੰਭ ਵਿਚ ਪ੍ਰਬੰਧਾਂ ਦਾ ਕੰਮ ਫੌਜ ਦੇ ਹਵਾਲੇ ਕੀਤਾ ਜਾਵੇ। ਯਾਦਵ ਨੇ ਕਿਹਾ ਕਿ ਸਰਕਾਰ ਮ੍ਰਿਤਕਾਂ ਦੀ ਗਿਣਤੀ ਲੁਕਾ ਰਹੀ ਤੇ ਭਗਦੜ ਵਿਚ ਮੌਤ ਦੇ ਮੂੰਹ ਪਏ ਲੋਕਾਂ ਦੀਆਂ ਲਾਸ਼ਾਂ ਜੇਸੀਬੀ ਮਸ਼ੀਨਾਂ ਨਾਲ ਟਰੈਕਟਰਾਂ ਵਿਚ ਭਰ ਕੇ ਗਾਇਬ ਕਰ ਦਿੱਤੀਆਂ ਗਈਆਂ। ਉਨ੍ਹਾਂ ਦਾਅਵਾ ਕੀਤਾ ਲੋਕ ਮਹਾਂਕੁੰਭ ਵਿਚ ਪੁੰਨ ਖੱਟਣ ਲਈ ਆਏ ਸਨ, ਪਰ ਆਪਣੇ ਸਕੇ ਸਬੰਧੀਆਂ ਦੀਆਂ ਲਾਸ਼ਾਂ ਲੈ ਕੇ ਮੁੜੇ।

ਯਾਦਵ ਨੇ ਮੰਗਲਵਾਰ ਨੂੰ ਲੋਕ ਸਭਾ ਵਿਚ ਰਾਸ਼ਟਰਪਤੀ ਦੇ ਭਾਸ਼ਣ ’ਤੇ ਪੇਸ਼ ਧੰਨਵਾਦ ਮਤੇ ’ਤੇ ਬਹਿਸ ਵਿਚ ਸ਼ਾਮਲ ਹੁੰਦਿਆਂ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਬਜਟ ਦੇ ਅੰਕੜੇ ਦੇ ਰਹੀ ਹੈ, ਮਹਾਂਕੁੰਭ ਵਿਚ ਮਰਨ ਵਾਲਿਆਂ ਦੇ ਅੰਕੜੇ ਵੀ ਉਸੇ ਤਰ੍ਹਾਂ ਜਾਰੀ ਕੀਤੇ ਜਾਣ। ਉਨ੍ਹਾਂ ਕਿਹਾ ਕਿ ਜ਼ਖ਼ਮੀਆਂ ਦੇ ਇਲਾਜ, ਭੋਜਨ, ਆਵਾਜਾਈ ਆਦਿ ਦਾ ਅੰਕੜਾ ਸੰਸਦ ਵਿਚ ਪੇਸ਼ ਕੀਤਾ ਜਾਵੇ।



ਯਾਦਵ ਨੇ ਕੇਂਦਰ ਸਰਕਾਰ ਤੇ ਯੂਪੀ ਸਰਕਾਰ ਨੂੰ ਲੰਮੇ ਹੱਥੀਂ ਲੈਂਦਿਆਂ ਭਗਦੜ ਵਿਚ ਮਰਨ ਵਾਲਿਆਂ ਦੀ ਗਿਣਤੀ ਲੁਕਾਉਣ ਦਾ ਦੋਸ਼ ਲਾਇਆ ਤੇ ਹਾਦਸੇ ਲਈ ਜ਼ਿੰਮੇਵਾਰ ਲੋਕਾਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਯੂਪੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ, “ਜਿਨ੍ਹਾਂ ਨੇ ਸੱਚ ਲੁਕਾਇਆ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ। ਜੇ (ਸਰਕਾਰ ਨੂੰ) ਅਪਰਾਧ ਦੀ ਜਾਣਕਾਰੀ ਨਹੀਂ ਹੈ ਤਾਂ (ਮੌਤਾਂ ਦੀ ਗਿਣਤੀ ਸਬੰਧੀ) ਅੰਕੜਿਆਂ ਨੂੰ ਦਬਾਇਆ, ਲੁਕਾਇਆ ਤੇ ਮਿਟਾਇਆ ਕਿਉਂ ਗਿਆ? ਅੰਕੜੇ ਲੁਕਾਉਣ ਲਈ ਮੀਡੀਆ ਦਾ ਸਹਾਰਾ ਲਿਆ ਜਾ ਰਿਹਾ ਹੈ। ਜਿੱਥੇ ਪ੍ਰਬੰਧ ਹੋਣਾ ਚਾਹੀਦਾ ਸੀ, ਉਥੇ ਪ੍ਰਚਾਰ ਹੋ ਰਿਹਾ ਸੀ। ਧਾਰਮਿਕ ਸਮਾਗਮ ਦੌਰਾਨ ਸਰਕਾਰ ਦਾ ਪ੍ਰਚਾਰ ਨਿੰਦਣਯੋਗ ਹੈ।”

ਯਾਦਵ ਨੇ ਕਿਹਾ ਕਿ ‘ਡਿਜੀਟਲ ਕੁੰਭ ਕਰਵਾਉਣ ਦਾ ਦਾਅਵਾ ਕਰਨ ਵਾਲੇ ਮ੍ਰਿਤਕਾਂ ਦੀ ਡਿਜਿਟ (ਅੰਕੜਾ) ਨਹੀਂ ਦੇ ਸਕੇ ਹਨ।” ਉਨ੍ਹਾਂ ਦਾਅਵਾ ਕੀਤਾ ਕਿ ਮਹਾਂਕੁੰਭ ਵਿਚ ਭਗਦੜ ਕਰਕੇ ਸੰਤਾਂ ਦੇ ਇਕ ਨਿਰਧਾਰਿਤ ਮਹੂਰਤ ਵਿਚ ਇਸ਼ਨਾਨ ਦੀ ਰਵਾਇਤ ਵੀ ਟੁੱਟ ਗਈ।

ਯਾਦਵ ਨੇ ਕਿਹਾ, ‘ਜੇ ਮੇਰੀ ਗੱਲ ਗ਼ਲਤ ਹੈ ਤਾਂ ਸਦਨ ਦੇ ਆਗੂ (ਪ੍ਰਧਾਨ ਮੰਤਰੀ ਨਰਿੰਦਰ ਮੋਦੀ) ਚਰਚਾ ਨੂੰ ਸਮੇਟਣ ਮੌਕੇ ਇਸ ਦਾ ਜਵਾਬ ਦੇਣ।” ਸਪਾ ਮੁਖੀ ਨੇ ਦਾਅਵਾ ਕੀਤਾ ਕਿ ਭਗਦੜ ਦੀ ਘਟਨਾ ਦੇ 17 ਘੰਟਿਆਂ ਮਗਰੋਂ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੇ ਸ਼ੋਕ ਸੁਨੇਹਿਆਂ ਤੋਂ ਬਾਅਦ ਯੂਪੀ ਦੇ ਮੁੱਖ ਮੰਤਰੀ (ਯੋਗੀ ਆਦਿੱਤਿਆਨਾਥ) ਨੇ ਲੋਕਾਂ ਦੇ ਮਾਰੇ ਜਾਣ ਦੀ ਗੱਲ ਸਵੀਕਾਰ ਕੀਤੀ।

ਯਾਦਵ ਨੇ ਤਨਜ਼ ਕਸਦਿਆਂ ਕਿਹਾ ਕਿ ਭਾਜਪਾ ‘ਡਬਲ ਇੰਜਣ’ ਦੀ ਸਰਕਾਰ ਦਾ ਦਾਅਵਾ ਕਰਦੀ ਹੈ, ਪਰ ‘ਹੁਣ ਇਸ ਦੇ ਇੰਜਨ ਤਾਂ ਟਕਰਾ ਹੀ ਰਹੇ ਹਨ ਬਲਕਿ ਡੱਬੇ ਵੀ ਟਕਰਾਉਣ ਲੱਗੇ ਹਨ।” ਯਾਦਵ ਨੇ ਕਿਹਾ ਕਿ ਦਸ ਸਾਲ ਪਹਿਲਾਂ ਵਾਰਾਨਸੀ ਨੂੰ ਜਾਪਾਨ ਦੇ ਕਿਓਟੋ ਸ਼ਹਿਰ ਵਰਗਾ ਬਣਾਉਣ ਦਾ ਦਾਅਵਾ ਕੀਤਾ ਗਿਆ ਸੀ, ਪਰ ਪ੍ਰਧਾਨ ਮੰਤਰੀ ਦਾ ਚੋਣ ਹਲਕਾ ਹੋਣ ਦੇ ਬਾਵਜੂਦ ਅੱਜ ਤੱਕ ਉਥੇ ਮੈਟਰੋ ਸ਼ੁਰੂ ਨਹੀਂ ਹੋ ਸਕੀ।

# ਹਰ ਸੁਆਦ ਦੀ ਲਾਲਸਾ ਦਾ ਜਵਾਬ- ਫੈਂਟਾ ਦੀ ਨਵੀਂ ਮੁਹਿੰਮ ‘ਫੈਂਟਾ ਮੰਗਤਾ’ ਕਾਰਤਿਕ ਆਰੀਅਨ ਨਾਲ

**ਜਲੰਧਰ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਕਾ-ਕੋਲਾ ਇੰਡੀਆ ਦਾ ਮਸ਼ਹੂਰ ਪੀਣ ਵਾਲਾ ਪਦਾਰਥ ਬ੍ਰਾਂਡ ਫੈਂਟਾ ਇੱਕ ਵਾਰ ਫਿਰ ਆਪਣੀ ਨਵੀਂ ਮੁਹਿੰਮ ‘ਫੈਂਟਾ ਮੰਗਤਾ’ ਨਾਲ ਮੌਜੂਦ ਹੈ। ਬ੍ਰਾਂਡ ਦੇ ਸਦਾਬਹਾਰ ਅੰਬੈਸਡਰ ਕਾਰਤਿਕ ਆਰੀਅਨ ਇਸ ਮੁਹਿੰਮ ਵਿੱਚ ਦਿਖਾਈ ਦੇਣਗੇ। ਇਹ ਮੁਹਿੰਮ ਖਾਸ ਤੌਰ ’ਤੇ ਜਨਰੇਸ਼ਨ ਜ਼ੀ ਦੀਆਂ ਪਸੰਦਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀ ਗਈ ਹੈ ਅਤੇ ਇਹ ਦਰਸਾਉਂਦੀ ਹੈ ਕਿ ਜਦੋਂ ਉਹ ਕੁਝ ਸੁਆਦੀ ਚਾਹੁੰਦੇ ਹਨ, ਤਾਂ ਫੈਂਟਾ ਤੋਂ ਵਧੀਆ ਕੋਈ ਵਿਕਲਪ ਨਹੀਂ ਹੈ। ਸੁਮੇਲੀ ਚੈਟਰਜੀ, ਸੀਨੀਅਰ ਸ਼੍ਰੇਣੀ ਨਿਰਦੇਸ਼ਕ, ਸਪਾਰਕਲਿੰਗ ਫਲੇਵਰਸ, ਕੋਕਾ-ਕੋਲਾ ਇੰਡੀਆ ਅਤੇ ਦੱਖਣ ਪੱਛਮੀ ਏਸ਼ੀਆ, ਦਾ ਮੰਨਣਾ ਹੈ ਕਿ ਹਜ਼ਾਰਾਂ ਸਾਲ ਪਹਿਲਾਂ ਦੇ ਲੋਕ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਦੇ ਬਾਵਜੂਦ ਕੁਝ ਸੁਆਦੀ ਖਾਣ ਲਈ ਸਮਾਂ ਕੱਢਦੇ ਹਨ। ਫੈਂਟਾ ਦਾ ਵਿਲੱਖਣ ਸੁਆਦ ਹਰ ਲਾਲਸਾ ਦਾ ਸੰਪੂਰਨ ਹੱਲ ਹੈ। ਨਵੀਂ ਮੁਹਿੰਮ ‘ਫੈਂਟਾ ਮੰਗਤਾ’ ਇਸ ਮਜ਼ੇਦਾਰ ਅਤੇ ਬੁਲਬੁਲੇ ਅੰਦਾਜ਼ ਨੂੰ ਪੇਸ਼ ਕਰਦੀ ਹੈ। ਇਸ ਵਿੱਚ, ਕਿਸ਼ੋਰਾਂ ਨੂੰ ਇਹ ਸੰਦੇਸ਼ ਦਿੱਤਾ ਗਿਆ ਹੈ ਕਿ ਜਦੋਂ ਵੀ ਉਨ੍ਹਾਂ ਨੂੰ ਕੁਝ ਖਾਸ ਖਾਣ ਜਾਂ ਪੀਣ ਦਾ ਮਨ ਕਰੇ, ਤਾਂ ਉਨ੍ਹਾਂ ਨੂੰ ਫੈਂਟਾ ਦੇ ਸੁਆਦ ਦਾ ਆਨੰਦ ਲੈਣਾ ਚਾਹੀਦਾ ਹੈ। ਇਸ ਮੁਹਿੰਮ ਵਿੱਚ ਕਾਰਤਿਕ ਆਰੀਅਨ ਦੀ ਮਨਮੋਹਕ ਮੌਜੂਦਗੀ ਅਤੇ 1980 ਦੇ ਦਹਾਕੇ ਦੇ ਸੰਗੀਤ ਦੀ ਮੁੜ ਕਲਪਨਾ ਦੇ ਨਾਲ ਇੱਕ ਵਿਲੱਖਣ ਦਿੱਖ ਹੈ, ਜੋ ਇੱਕ ਆਧੁਨਿਕ ਤਰੀਕੇ ਨਾਲ ਇੱਕ ਪੁਰਾਣੀ ਯਾਦ ਲਿਆਉਂਦੀ ਹੈ। ਦਹਾਕਿਆਂ ਤੋਂ, ਫੈਂਟਾ ਸਿਰਫ਼ ਇੱਕ




ਸਾਫਟ ਡਰਿੰਕ ਤੋਂ ਵੱਧ ਰਿਹਾ ਹੈ, ਸਗੋਂ ਚਮਕਦਾਰ ਰੰਗ, ਮਜ਼ੇਦਾਰ ਅਤੇ ਸ਼ਾਨਦਾਰ ਸੁਆਦ ਦਾ ਪ੍ਰਤੀਕ ਹੈ। ਇਹ ਹਮੇਸ਼ਾ ਉਨ੍ਹਾਂ ਲੋਕਾਂ ਦਾ ਪਸੰਦੀਦਾ ਰਿਹਾ ਹੈ ਜੋ ਬਿਨਾਂ ਕਿਸੇ ਝਿਜਕ ਦੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਇਸ ਨਵੀਂ ਮੁਹਿੰਮ ਰਾਹੀਂ, ਬ੍ਰਾਂਡ ਨੇ ਇੱਕ ਵਾਰ ਫਿਰ ਉਹੀ ਉਤਸ਼ਾਹ ਅਤੇ ਉਤਸ਼ਾਹ ਲਿਆਇਆ ਹੈ ਤਾਂ ਜੋ ਲੋਕਾਂ ਨੂੰ ਸਮਝਾਇਆ ਜਾ ਸਕੇ ਕਿ ਜਦੋਂ ਸੁਆਦ ਦੀ ਗੱਲ ਆਉਂਦੀ ਹੈ, ਤਾਂ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ। ਜੇ ਤੁਹਾਨੂੰ ਕੁਝ ਪੀਣਾ ਹੈ, ਤਾਂ ਉਹ ਸਿਰਫ਼ ਫੈਂਟਾ ਹੋਣਾ ਚਾਹੀਦਾ ਹੈ।

ਮੁਹਿੰਮ ਫਿਲਮ ‘ਔਰ ਕੁਛ ਨਹੀਂ ਮੰਗਤਾ, ਸਿਰਫ ਫੰਟਾ ਮੰਗਤਾ’ ਇਸ ਵਿਚਾਰ ਨੂੰ ਦਰਸਾਉਂਦੀ ਹੈ। ਇਹ ਦਰਸਾਉਂਦਾ ਹੈ ਕਿ ਜਦੋਂ ਵੀ ਕੋਈ ਕੁਝ ਪੀਣ ਨੂੰ ਦਿਲ ਕਰਦਾ ਹੈ, ਤਾਂ ਇੱਕੋ ਇੱਕ ਸਹੀ ਜਵਾਬ ਫੈਂਟਾ ਹੈ। ਕਾਰਤਿਕ ਆਰੀਅਨ ਆਪਣੇ ਵਿਲੱਖਣ ਅੰਦਾਜ਼ ਵਿੱਚ ਦੱਸਦੇ ਹਨ ਕਿ ਫੈਂਟਾ ਹਰ ਮੂਡ, ਹਰ ਮੌਕੇ ਅਤੇ ਹਰ ਇੱਛਾ ਲਈ ਸਭ ਤੋਂ ਵਧੀਆ ਸਾਥੀ ਹੈ।

ਮੁਕੰਦ ਓਲੇਟੀ, ਕਰੀਏਟਿਵ ਹੈੱਡ, ਸਟੂਡੀਓਐਕਸ, ਇੰਸਵਾ ਅਤੇ ਚੀਫ਼ ਕਰੀਏਟਿਵ ਅਫਸਰ, ਵੀਐਮਐਲ ਇੰਡੀਆ ਨੇ ਕਿਹਾ, ਜਦੋਂ ਕੋਈ ਵਿਅਕਤੀ ਸੱਚਮੁੱਚ ਕੁਝ ਸੁਆਦੀ ਚਾਹੁੰਦਾ ਹੈ, ਤਾਂ ਪੈਸਾ, ਸੋਨਾ ਜਾਂ ਪ੍ਰਸਿੱਧੀ ਵੀ ਉਸਦੀ ਇੱਛਾ ਨੂੰ ਪੂਰਾ ਨਹੀਂ ਕਰ ਸਕਦੀ। ਉਸ ਸਮੇਂ ਸਿਰਫ਼ ਫੈਂਟਾ ਦੀ ਲੋੜ ਹੁੰਦੀ ਹੈ। ਇਸ ਵਿਚਾਰ ਨੂੰ ਜੀਵਨ ਵਿੱਚ ਲਿਆਉਣ ਲਈ, ਮੁਹਿੰਮ ਵਿੱਚ ਇੱਕ ਮਿੱਠੀ ਕਹਾਣੀ ਹੈ ਜੋ ਇੱਕ ਯਾਦਗਾਰੀ ਟਰੈਕ ਰਾਹੀਂ ਪੂਰੇ ਸੰਦੇਸ਼ ਨੂੰ ਮਜ਼ੇਦਾਰ ਤਰੀਕੇ ਨਾਲ ਪੇਸ਼ ਕਰਦੀ ਹੈ। ਉਸਨੇ ਮਜ਼ਾਕ ਵਿੱਚ ਕਿਹਾ ਕਿ ਇਹ ਟਰੈਕ ਇੰਨਾ ਆਕਰਸ਼ਕ ਹੈ ਕਿ ਉਹ ਇਸਨੂੰ ਗੁਣਗੁਣਾਉਣ ਤੋਂ ਆਪਣੇ ਆਪ ਨੂੰ ਨਹੀਂ ਰੋਕ ਸਕਦਾ। ਇਸ ਮੁਹਿੰਮ ਦਾ ਚਿਹਰਾ ਬਣੇ ਕਾਰਤਿਕ ਆਰੀਅਨ ਨੇ ਕਿਹਾ ਕਿ ‘ਫੰਟਾ ਮੰਗਤਾ’ ਮੁਹਿੰਮ ਦਾ ਹਿੱਸਾ ਬਣਨਾ ਉਨ੍ਹਾਂ ਲਈ ਬਹੁਤ ਮਜ਼ੇਦਾਰ ਰਿਹਾ। ਫੈਂਟਾ ਹਰ ਪਲ ਵਿੱਚ ਇੱਕ ਨਵੀਂ ਤਾਜ਼ਗੀ ਜੋੜਦਾ ਹੈ ਅਤੇ ਇਸਨੂੰ ਖਾਸ ਬਣਾਉਂਦਾ ਹੈ। ਇਹ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਜੀਉਣ ਅਤੇ ਆਪਣੀ ਪਸੰਦ ਦੀਆਂ ਚੀਜ਼ਾਂ ਦਾ ਆਨੰਦ ਲੈਣ ਦਾ ਪ੍ਰਤੀਕ ਹੈ। ਇਹ 360-ਡਿਗਰੀ ਮੁਹਿੰਮ ਟੈਲੀਵਿਜ਼ਨ ਅਤੇ ਡਿਜੀਟਲ ਪਲੇਟਫਾਰਮਾਂ ’ਤੇ ਪ੍ਰਸਾਰਿਤ ਕੀਤੀ ਜਾਵੇਗੀ, ਜੋ ਇੱਛਾਵਾਂ ਨੂੰ ਰੋਕਣ ਅਤੇ ਮਜ਼ੇਦਾਰ ਤਰੀਕੇ ਨਾਲ ਜ਼ਿੰਦਗੀ ਜਿਉਣ ਦੇ ਤਰੀਕੇ ਬਾਰੇ ਇੱਕ ਨਵਾਂ ਦ੍ਰਿਸ਼ਟੀਕੋਣ ਪੇਸ਼ ਕਰੇਗੀ।

# ਕਾਲੇ ਖੇਤੀ ਕਾਨੂੰਨ ਖ਼ਿਲਾਫ਼ ਸੰਘਰਸ਼ ਦੌਰਾਨ ਜਾਨਾਂ ਗੁਆਉਣ ਵਾਲੇ ਕਿਸਾਨਾਂ ਦੇ 597 ਪਰਿਵਾਰਕ ਮੈਂਬਰਾਂ ਨੂੰ ਨੌਕਰੀਆਂ ਦਿੱਤੀਆਂ: ਖੁੱਡੀਆਂ

**ਗੁਰਮੀਤ ਸਿੰਘ ਖੁੱਡੀਆਂ ਨੇ ਸ਼ਹੀਦ ਕਿਸਾਨਾਂ ਦੇ ਤਿੰਨ ਪਰਿਵਾਰਕ ਮੈਂਬਰਾਂ ਨੂੰ ਖੇਤੀਬਾੜੀ ਵਿਭਾਗ ਵਿੱਚ ਅੰਕੜਾ ਗਿਣਤੀਕਾਰ ਵਜੋਂ ਨਿਯੁਕਤੀ ਪੱਤਰ ਸੌਂਪੇ**

**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਦੌਰਾਨ ਆਪਣੀਆਂ ਜਾਨਾਂ ਗੁਆਉਣ ਵਾਲੇ ਕਿਸਾਨਾਂ ਦੇ 597 ਪਰਿਵਾਰਕ ਮੈਂਬਰਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਇਹ ਕਦਮ ਪੰਜਾਬ ਸਰਕਾਰ ਦੀ ਕਿਸਾਨ ਭਾਈਚਾਰੇ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਪ੍ਰਤੀ ਦ੍ਰਿੜ੍ਹ ਵਚਨਬੱਧਤਾ ਨੂੰ ਦਰਸਾਉਂਦਾ ਹੈ।



ਸ. ਗੁਰਮੀਤ ਸਿੰਘ ਖੁੱਡੀਆਂ ਨੇ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਤਿੰਨ ਪਰਿਵਾਰਕ ਮੈਂਬਰਾਂ ਨੂੰ ਅੱਜ ਇੱਥੇ ਨਿਯੁਕਤੀ ਪੱਤਰ ਸੌਂਪੇ। ਇਨ੍ਹਾਂ ਨੂੰ ਖੇਤੀਬਾੜੀ ਵਿਭਾਗ ਦੇ ਅੰਕੜਾ ਵਿੰਗ ਵਿੱਚ ਅੰਕੜਾ ਗਿਣਤੀਕਾਰ ਵਜੋਂ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਨਵ-ਨਿਯੁਕਤ ਕਰਮਚਾਰੀਆਂ ਵਿੱਚ ਫਾਜ਼ਿਲਕਾ ਜ਼ਿਲ੍ਹੇ ਤੋਂ ਜਸਵਿਪਨ ਕੰਬੋਜ, ਤਰਨ ਤਾਰਨ ਜ਼ਿਲ੍ਹੇ ਤੋਂ ਰਮਨਦੀਪ ਕੌਰ ਅਤੇ ਜਲੰਧਰ ਜ਼ਿਲ੍ਹੇ ਤੋਂ ਪਰਵਿੰਦਰ ਕੌਰ ਸ਼ਾਮਲ ਹਨ। ਇਨ੍ਹਾਂ ਨੂੰ ਭਵਿੱਖ ਲਈ ਸ਼ੁੱਭਇਛਾਵਾਂ ਦਿੰਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਉਨ੍ਹਾਂ ਨੂੰ ਪੰਜਾਬ ਦੇ ਵਿਕਾਸ ਲਈ ਪੂਰੀ ਇਮਾਨਦਾਰੀ ਤੇ ਲਗਨ ਨਾਲ ਕੰਮ ਕਰਨ ਅਤੇ ਸੂਬੇ ਦੇ ਲੋਕਾਂ ਨੂੰ ਪਾਰਦਰਸ਼ੀ ਅਤੇ ਕੁਸ਼ਲ ਸੇਵਾਵਾਂ ਪ੍ਰਦਾਨ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੌਜਵਾਨਾਂ ਲਈ ਨੌਕਰੀ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਠੋਸ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਹਿਯੋਗੀ ਮਾਹੌਲ ਸਿਰਜ ਕੇ, ਸਰਕਾਰ ਦਾ ਉਦੇਸ਼ ਖੇਤੀਬਾੜੀ ਵਿਕਾਸ ਨੂੰ ਉਤਸ਼ਾਹਿਤ ਕਰਨਾ ਅਤੇ ਕਿਸਾਨ ਭਾਈਚਾਰੇ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਾਲੀਆਂ ਨੀਤੀਆਂ ਨੂੰ ਲਾਗੂ ਕਰਨਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਵੱਖ-ਵੱਖ ਵਿਭਾਗਾਂ ਵਿੱਚ 50,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ ਜੋ ਕਿ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਇਸ ਮੌਕੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਅਤੇ ਹੋਰ ਅਧਿਕਾਰੀ ਤੇ ਕਰਮਚਾਰੀ ਵੀ ਮੌਜੂਦ ਸਨ।

# ਪੰਜਾਬ ਪੁਲਿਸ ਵੱਲੋਂ ਪਾਸਪੋਰਟ ਵੈਰੀ.ਫੀਕੇਸ਼ ਨੂੰ ਬਿਹਤਰ ਬਣਾਉਣ ਲਈ ਨਵੀਂ ਪ੍ਰਣਾਲੀ ਦੀ ਸ਼ੁਰੂਆਤ

**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਪਾਰਦਰਸ਼ੀ ਅਤੇ ਸਮਾਂਬੱਧ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਦੇ ਮੱਦੇਨਜ਼ਰ ਪੰਜਾਬ ਪੁਲਿਸ ਨੇ ਮੰਗਲਵਾਰ ਨੂੰ ਪਾਸਪੋਰਟ ਵੈਰੀਫ਼ਿਕੇਸ਼ਨ ਲਈ ਇੱਕ ਸੁਚੱਜੀ ਤੇ ਆਧੁਨਿਕ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਹੈ, ਜੋ ਨਾਗਰਿਕਾਂ ਨੂੰ ਪ੍ਰੀ-ਵੈਰੀਫ਼ਿਕੇਸ਼ਨ ਐਸ.ਐਮ.ਐਸ. ਦੀ ਸਹੂਲਤ ਪ੍ਰਦਾਨ ਕਰੇਗੀ ਅਤੇ ਪੋਸਟ-ਵੈਰੀਫ਼ਿਕੇਸ਼ਨ ਐਸ.ਐਮ.ਐਸ. ਰਾਹੀਂ ਬਿਨੈਕਾਰ ਆਪਣੇ ਫੀਡਬੈਕ ਵੀ ਦੇ ਸਕਣਗੇ।

ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀ.ਏ.ਡੀ.) ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ ਪੰਜਾਬ ਪੁਲਿਸ ਲੋਕਾਂ ਨੂੰ ਨਿਰਵਿਘਨ ਅਤੇ ਸੁਚੱਜੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਦਿਨ-ਰਾਤ ਕੰਮ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ 8 ਫਰਵਰੀ, 2025 ਤੋਂ, ਪੰਜਾਬ ਪੁਲਿਸ ਵੱਲੋਂ ਬਿਨੈਕਾਰ ਨੂੰ ‘ਪੀਬੀਸਾਂਝ’ ਤੋਂ ਐਸ.ਐਮ.ਐਸ. ਰਾਹੀਂ ਸੂਚਨਾ ਭੇਜੀ ਜਾਵੇਗੀ, ਜਿਸ ਵਿੱਚ ਤਸਦੀਕ ਕਰਨ



ਵਾਲੇ ਅਧਿਕਾਰੀ ਦਾ ਨਾਮ ਅਤੇ ਮੁਲਾਕਾਤ ਦੀ ਮਿਤੀ ਅਤੇ ਸਮੇਂ ਸਬੰਧੀ ਜਾਣਕਾਰੀ ਹੋਵੇਗੀ। ਇਸ ਸੁਧਾਰ ਦਾ ਉਦੇਸ਼ ਬੇਲੋੜੀ ਅਨਿਸ਼ਚਿਤਤਾ ਨੂੰ ਘਟਾਉਣਾ ਅਤੇ ਬਿਨੈਕਾਰ ਨੂੰ ਉਸਦੀ ਵੈਰੀਫ਼ਿਕੇਸ਼ਨ ਪ੍ਰਕਿਰਿਆ ਬਾਰੇ ਪੂਰੀ ਤਰ੍ਹਾਂ ਜਾਣੂ ਕਰਵਾਉਣਾ ਹੈ ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਇਸ ਤੋਂ ਇਲਾਵਾ ਨਾਗਰਿਕ ਪੋਸਟ-ਵੈਰੀਫਿਕੇਸ਼ਨ ਐਸ.ਐਮ.ਐਸ. ਰਾਹੀਂ ਆਪਣੇ ਫੀਡਬੈਕ ਵਿੱਚ ਸਬੰਧਤ ਅਧਿਕਾਰੀ ਦੇ ਵਿਵਹਾਰ ਸਬੰਧੀ ਰਿਪੋਰਟ ਵੀ ਭੇਜ ਸਕਣਗੇ।

ਫੀਡਬੈਕ ਦੇਣ ਲਈ, ਬਿਨੈਕਾਰਾਂ ਨੂੰ ‘ਪੀਬੀਸਾਂਝ’ ਤੋਂ ਇੱਕ ਪੋਸਟ-ਵੈਰੀਫਿਕੇਸ਼ਨ ਐਸ.ਐਮ.ਐਸ. ਪ੍ਰਾਪਤ ਹੋਵੇਗਾ, ਜਿਸ ਵਿੱਚ ਫੀਡਬੈਕ ਫਾਰਮ ਨਾਲ ਇੱਕ ਹਾਈਪਰਲਿੰਕ ਹੋਵੇਗਾ। ਉਨ੍ਹਾਂ ਕਿਹਾ ਕਿ ਬਿਨੈਕਾਰ ਫੀਡਬੈਕ

ਫਾਰਮ ਰਾਹੀਂ ਆਪਣਾ ਕੋਈ ਵੀ ਸੁਝਾਅ, ਟਿੱਪਣੀ ਜਾਂ ਸਮੱਸਿਆ ਸਾਂਝੀ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਇਹ ਫੀਡਬੈਕ ਵਿਧੀ ਪੰਜਾਬ ਪੁਲਿਸ ਨੂੰ ਸੇਵਾਵਾਂ ਦੇ ਮਿਆਰਾਂ ਨੂੰ ਹੋਰ ਬਿਹਤਰ ਬਣਾਉਣ ਅਤੇ ਨਾਗਰਿਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਨ ਵਿੱਚ ਮਦਦ ਕਰੇਗੀ।

# ਸਟੀਫਨ ਦੀ ਐਥਲੀਟ ਸਹਿਨੂਰ ਬਾਵਾ ਓਪਨ ਸਟੇਟ ਐਥਲੈਟਿਕ ਚੈਂਪੀਅਨਸ਼ਿਪ 2025 ਵਿੱਚ ਚਮਕੀ



**ਸੁਨਾਮ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੀਫਨ ਇੰਟਰਨੈਸ਼ਨਲ ਸਕੂਲ ਦੇ ਸਹਿਨੂਰ ਬਾਵਾ ਨੇ ਓਪਨ ਸਟੇਟ ਐਥਲੈਟਿਕ ਚੈਂਪੀਅਨਸ਼ਿਪ 2025 ਵਿੱਚ 500 ਮੀਟਰ ਦੌੜ ਵਿੱਚ ਏਅਰ ਕੂਲਰ ਜਿੱਤਿਆ।

ਸ਼੍ਰੀ ਗੁਰੂ ਨਾਨਕ ਦੇਵ ਜੀ ਸਪੋਰਟਸ ਕਲੱਬ ਮੋਹਲਣ ਦੁਆਰਾ ਆਯੋਜਿਤ ਇਸ ਈਵੈਂਟ ਵਿੱਚ ਪੰਜਾਬ ਅਤੇ ਹਰਿਆਣਾ ਦੇ ਚੋਟੀ ਦੇ ਐਥਲੀਟਾਂ ਨੇ ਭਾਗ ਲਿਆ।

ਸ਼੍ਰੀਮਤੀ ਮੋਨਿਕਾ ਸ਼ਰਮਾ, ਪ੍ਰਿੰਸੀਪਲ ਨੇ ਕਿਹਾ, ÷ਸਾਨੂੰ ਸਹਿਨੂਰ ਦੀ ਪ੍ਰਾਪਤੀ ’ਤੇ ਬਹੁਤ ਮਾਣ ਹੈ,÷ ਇਹ ਜਿੱਤ ਉਸ ਦੀ ਮਿਹਨਤ, ਲਗਨ ਅਤੇ ਐਥਲੈਟਿਕਸ ਲਈ ਜਨੂੰਨ ਦਾ ਪ੍ਰਮਾਣ ਹੈ। ਸ੍ਰੀ ਜਸਪ੍ਰੀਤ ਸਿੰਘ, ਕੋਚ, ਨੇ ਅੱਗੇ ਕਿਹਾ, ÷ਸਹਿਨੂਰ ਦੇ ਸਮਰਪਣ ਅਤੇ ਲਗਨ ਦਾ ਨਤੀਜਾ ਨਿਕਲਿਆ ਹੈ। ਮੈਨੂੰ ਉਸ ਦਾ ਕੋਚਿੰਗ ਬਣਨ ’ਤੇ ਮਾਣ ਹੈ ਅਤੇ ਭਵਿੱਖ ਵਿੱਚ ਉਸ ਤੋ ਹੋਰ ਵੀ ਉੱਚਾਈਆਂ ਪ੍ਰਾਪਤ ਕਰਨ ਦੀ ਉਮੀਦ ਹੈ।

ਸ੍ਰੀ ਦੀਪਕ ਗੁਪਤਾ, ਚੇਅਰਮੈਨ, ਨੇ ਕਿਹਾ, ÷ਸਹਿਨੂਰ ਦੀ ਜਿੱਤ ਸਿਰਫ਼ ਇੱਕ ਨਿੱਜੀ ਪ੍ਰਾਪਤੀ ਨਹੀਂ ਹੈ, ਸਗੋਂ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਪਾਲਣ ਪੋਸ਼ਣ ਲਈ ਸਕੂਲ ਦੀ ਵਚਨਬੱਧਤਾ ਦਾ ਪ੍ਰਤੀਬਿੰਬ ਵੀ ਹੈ। ਅਸੀਂ ਸਹਿਨੂਰ ਨੂੰ ਵਧਾਈ ਦਿੰਦੇ ਹਾਂ ਅਤੇ ਉਸਦੇ ਐਥਲੈਟਿਕ ਮੁਕਾਬਲਿਆਂ ਵਿੱਚ ਲਗਾਤਾਰ ਸਫਲਤਾ ਦੀ ਕਾਮਨਾ ਕਰਦੇ ਹਾਂ।

# ਸੀਵਰਮੈਨ ਕਰਮਚਾਰੀ ਯੂਨੀਅਨ ਵੱਲੋਂ ਮੇਅਰ ਨੂੰ ਮਿਲ ਕੇ ਆਪਣੀਆਂ ਮੰਗਾਂ ਪ੍ਰਤੀ ਜਾਣੂ ਕਰਵਾਇਆ



**ਅੰਮ੍ਰਿਤਸਰ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਵਰਮੈਨ ਕਰਮਚਾਰੀ ਯੂਨੀਅਨ ਦੇ ਨੇਤਾ ਤੇ ਕਰਮਚਾਰੀਆ ਦਾ ਵਫਦ ਨਗਰ ਨਿਗਮ ਦੇ ਮੇਅਰ ਜੀ ਨੂੰ ਮਿਲਿਆ ਤੇ ਆਪਣਿਆ ਮੰਗਾ ਪ੍ਰਤੀ ਮੈਮੋਰੈਂਡਮ ਦਿਤਾ ਤੇ ਕਿਹਾ ਕਿ ਸਾਰੇ ਮੁਲਾਜਮਾ ਦੀ ਪੁਰਾਣੀ ਪੈਂਸ਼ਨ ਸ਼ੁਰੂ ਕੀਤੀ ਜਾਵੇ ਦਰਜਾ ਚਾਰ ਦੇ ਸਾਰੇ ਮੁਲਾਜਮਾ ਦਾ ਈ.ਪੀ.ਐਫ ਹਰ ਮਹੀਨੇ ਕੱਟਿਆ ਜਾ ਰਿਹਾ ਹੈ ਪਰ ਸਾਨੂੰ ਈ.ਪੀ,ਐਫ. ਫੰਡ ਦੀਆ ਕਾਪੀਆ ਨਹੀ ਮਿਲ ਰਹੀਆ 190 ਸੀਵਰਮੈਨਾ ਦੀਆ ਪੋਸਟਾ ਖਾਲੀ ਹਨ।

ਉਹਨਾ ਨੂੰ ਜਲਦੀ ਤੋ ਜਲਦੀ ਭਰੀਆ ਜਾਵੇ ਸਾਰੇ ਸੀਵਰ ਮੈਨਾ ਨੂੰ ਜੋਨਾਂ ਵਿਚ ਬੈਠਣ ਵਾਸਤੇ ਕਮਰੇ ਤੇ ਬਾਥਰੂਮ ਦਿਤੇ ਜਾਣ ਪਿਛਲੇ ਸਮੇ 192 ਵਿਚੋ 168 ਸੀਵਰਮੈਨ ਮਿਤੀ 13/04/2022 ਨੂੰ ਰੈਗੂਲਰ ਕੀਤੇ ਗਏ ਸਨ ਉਹਨਾ ਵਿਚੋ 24 ਸੀਵਰਮੈਨ ਪੱਕੇ ਨਹੀ ਕੀਤੇ ਗਏ ਕਿਉਕਿ ਉਹਨਾ ਦਾ ਸਮਾ ਪੂਰਾ ਨਹੀ ਸੀ ਹੋਇਆ ਪਰ ਹੁਣ ਉਹਨਾ ਦਾ ਸਮਾਂ ਪੂਰਾ ਹੋ ਗਿਆ ਹੈ ਅਤੇ ਉਹਨਾ ਨੂੰ ਵੀ ਰੈਗੂਲਰ ਕੀਤਾ ਜਾਵੇ ਦਰਜਾ 4 ਦੇ ਸਾਰੇ ਮੁਲਾਜਮਾਂ ਦੀ ਮੈਡੀਕਲ ਇੰਸ਼ੋਰੈਂਸ ਕੀਤੀ ਜਾਵੇ ਸਾਰੇ ਜੋਨਾਂ ਵਿਚ ਜੈਟਿੰਗ ਮਸ਼ੀਨਾ ਦਿਤੀਆ ਜਾਂਣ ਤੇ ਉਹਨਾ ਨਾਲ 2-2 ਹੈਲਪਰ ਵੀ ਦਿਤੇ ਜਾਣ ਦਰਜਾ 4ਦੇ ਮੁਲਾਜਮਾ ਦੀਆ ਤਨਖਾਹਵਾ ਵੀ ਸਮੇ ਸਿਰ ਦਿਤੀਆ ਜਾਣ, ਦਰਜਾ 4 ਦੇ ਸੀਵਰਮੈਨ ਅਤੇ ਸਫਾਈ ਸੇਵਕਾ ਦੀ ਡਾਇਰੈਕਟ ਭਰਤੀ ਕੀਤੀ ਜਾਵੇ ਸਾਰੀਆ ਜੋਨਾ ਵਿਚ ਸੀਵਰੇਜ ਕਲੀਨਿੰਗ ਮਸ਼ੀਨਾ ਦਿਤੀਆ ਜਾਣ।

# ਫ਼ਿਰੋਜ਼ਪੁਰ ਮਹਾਪੰਚਾਇਤ ਲਈ ਪਿੰਡਾਂ ਚ ਮੀਟਿੰਗਾਂ



**ਬਠਿੰਡਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਗਾਮੀ 11 ਫਰਵਰੀ ਨੂੰ ਫਿਰੋਜ਼ਪੁਰ ਵਿਖੇ ਹੋਣ ਵਲੀ ‘ਕਿਸਾਨ ਮਜ਼ਦੂਰ ਮਹਾ ਪੰਚਾਇਤ’ ਦੀ ਤਿਆਰੀ ਵਜੋਂ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਵੱਲੋਂ ਅੱਜ ਜ਼ਿਲ੍ਹਾ ਬਠਿੰਡਾ ਦੇ ਬਲਾਕ ਫੂਲ਼ ਦੇ ਪਿੰਡਾਂ ਸੇਲਬਰਾਹ ਅਤੇ ਚੋਟੀਆਂ ਵਿੱਚ ਸੂਬਾ ਕਮੇਟੀ ਮੈਂਬਰ ਬਲਵੰਤ ਮਹਿਰਾਜ ਦੀ ਅਗਵਾਈ ਚ ਮੀਟਿੰਗਾਂ ਕੀਤੀਆਂ ਗਈਆਂ। ਬਲਵੰਤ ਮਹਿਰਾਜ ਨੇ ਦੱਸਿਆ ਕਿ ਫਿਰੋਜ਼ਪੁਰ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੇਰੀ ਵਾਲੇ ਮਾਮਲੇ ’ਚ ਕਿਸਾਨ ਮਜ਼ਦੂਰ ਆਗੂਆਂ ਦੇ ਨਾਮ ਸ਼ਾਮਿਲ ਕਰਕੇ ਸੰਗੀਨ ਧਾਰਾਵਾਂ ਤਹਿਤ ਐਫਆਈਆਰ ਵਿੱਚ ਜੋ ਵਾਧਾ ਕੀਤਾ ਗਿਆ ਹੈ, ਉਸ ਤੋਂ ਸਾਫ਼ ਪਤਾ ਚੱਲਦਾ ਹੈ ਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਨੇ ਕੇਂਦਰ ਦੀ ਮੋਦੀ ਹਕੂਮਤ ਅੱਗੇ ਗੋਡੇ ਟੇਕ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੋਦੀ ਹਕੂਮਤ ਵਾਲੇ ਰਾਹਾਂ ’ਤੇ ਚੱਲ ਕੇ ਕਿਸਾਨਾਂ ਮਜ਼ਦੂਰਾਂ ਨੂੰ ਕੁਚਲਣ ਦੀ ਜੋ ਸਾਜਿਸ਼ ਰਚੀ ਗਈ ਹੈ, ਉਸ ਦਾ ਜਵਾਬ ਦੇਣ ਲਈ 11 ਫ਼ਰਵਰੀ ਨੂੰ ਫਿਰੋਜ਼ਪੁਰ ਦੇ ਐਸਐਸਪੀ ਦਫ਼ਤਰ ਅੱਗੇ ਵਿਸ਼ਾਲ ‘ਕਿਸਾਨ ਮਜ਼ਦੂਰ ਮਹਾ ਪੰਚਾਇਤ’ ਰੱਖੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਪੰਚਾਇਤ ’ਚ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਸ਼ਾਮਿਲ ਹੋਣਗੇ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਨੂੰ ਠੋਕਵਾਂ ਜਵਾਬ ਦਿੱਤਾ ਜਾਵੇਗਾ।

# ਸਕੂਲ ਆਫ ਹੈਪੀਨੈੱਸ ਪ੍ਰਾਜੈਕਟ ਨੇ ਅਧਿਆਪਕ ਪੜ੍ਹਨੇ ਪਾਏ

**ਬਠਿੰਡਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਸਕੂਲ ਆਫ ਅਮੀਨੈੱਸ ਤੋਂ ਬਾਅਦ ਪ੍ਰਾਇਮਰੀ ਸਕੂਲਾਂ ਨੂੰ ਸਕੂਲ ਆਫ ਹੈਪੀਨੈੱਸ ਬਣਾਇਆ ਜਾ ਰਿਹਾ। ਪੰਜਾਬ ਸਰਕਾਰ ਦੇ ਇਸ ਡਰੀਮ ਪ੍ਰਾਜੈਕਟ ਲਈ ਅਕਤੂਬਰ 2024 ਵਿੱਚ ਸੈਕਸ਼ਨ ਹੋਈਆਂ ਗਰਾਂਟਾਂ ਨੂੰ ਲੈਪਸ ਹੋਣ ਦੇ ਡਰੋਂ ਸਿੱਖਿਆ ਵਿਭਾਗ ਵੱਲੋਂ ਮੁੱਖ ਅਧਿਆਪਕਾਂ ਨੂੰ 31 ਮਾਰਚ ਤੱਕ ਕੰਮ ਨੇਪਰੇ ਚਾੜ੍ਹਨ ਤੱਕ ਦੇ ਜ਼ੁਬਾਨੀ ਹੁਕਮ ਦਿੱਤੇ ਗਏ ਹਨ। ਵਿਭਾਗ ਵੱਲੋਂ ਵਰਤੋਂ ਸਰਟੀਫਿਕੇਟ ਜਮ੍ਹਾਂ ਕਰਵਾਉਣ ਦੇ ਹੁਕਮ ਵੀ ਦਿੱਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਸਕੂਲ ਆਫ ਹੈਪੀਨੈੱਸ ਪੰਜਾਬ ਅਤੇ ਕੇਂਦਰ ਵੱਲੋਂ ਸਾਂਝੀ ਸਕੀਮ ਤਹਿਤ ਬਣਾਏ ਜਾ ਰਹੇ ਹਨ। ਬਠਿੰਡਾ ਜ਼ਿਲ੍ਹੇ ਵਿੱਚ, ਜਿਨ੍ਹਾਂ ਸਕੂਲਾਂ ਦੀ ਪਹਿਲੇ ਫੇਜ਼ ਵਿੱਚ ਸਕੂਲ ਆਫ਼ ਹੈਪੀਨੈੱਸ ਵਜੋਂ ਚੋਣ ਕੀਤੀ ਗਈ ਹੈ, ਉਨ੍ਹਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਰਾਮਪੁਰਾ, ਸਰਕਾਰੀ ਪ੍ਰਾਇਮਰੀ ਪਥਰਾਲਾ, ਜਗਾ ਰਾਮ ਤੀਰਥ, ਦਿਉਣ ਮੋਨ, ਗਿਆਨਾ ਸ਼ਾਮਲ ਹਨ। ਇਨ੍ਹਾਂ ਸਕੂਲਾਂ ਨੂੰ ਕੇਂਦਰੀ ਸਕੀਮ ਤਹਿਤ ਕ੍ਰਮਵਾਰ 11 ਲੱਖ 89 ਹਜ਼ਾਰ ਅਤੇ 40 ਲੱਖ 40 ਹਜ਼ਾਰ ਦੀਆਂ ਗਰਾਂਟਾਂ ਜਾਰੀ ਕੀਤੀਆਂ ਗਈਆਂ ਹਨ। ਇਸ ਗਰਾਂਟ ਨਾਲ ਨਵੇਂ ਕਮਰੇ, ਕੰਪਿਊਟਰ ਲੈਬ, ਐਡੀਸ਼ਨਲ ਆਫਿਸ ਸ਼ੈੱਡ, ਸਟੇਜ ਕਮਰਿਆਂ ਦੀ ਮੁਰੰਮਤ, ਬਿਜਲੀ ਮੁਰੰਮਤ, ਰੰਗ ਰੋਗਨ ਕਰਨਾ ਹੈ। ਅਧਿਆਪਕ ਨੇ ਦੱਸਿਆ ਕਿ ਸਾਲ 2024 ਵਿੱਚ ਅਕਤੂਬਰ ਵਿੱਚ ਜਾਰੀ ਕੀਤੀ ਗਰਾਂਟ ਨੂੰ ਪਹਿਲਾਂ ਕੁਝ ਸਮਾਂ ਰੋਕਣ ਲਈ ਕਿਹਾ ਸੀ। ਹੁਣ ਇੱਕਦਮ ਹੀ ਇਮਾਰਤਾਂ ਦੇ ਕੰਮ ਨਿਬੇੜਨ ਦੇ ਹੁਕਮ ਚਾੜ੍ਹੇ ਜਾ ਰਹੇ ਹਨ। ਹੁਣ ਜਦੋਂ 31 ਮਾਰਚ ਨੇੜੇ ਆ ਰਹੀ ਹੈ ਤਾਂ ਵਿੱਤੀ ਵਰ੍ਹੇ ਦਾ ਹਵਾਲਾ ਦਿੰਦੇ ਹੋਏ ਸਕੂਲ ਮੁਖੀਆਂ ਨੂੰ ਜ਼ੁਬਾਨੀ ਹੀ ਸਕੂਲਾਂ ਵਿੱਚ ਕੰਮ ਚਲਾਉਣ ਲਈ ਇੱਟਾਂ ਸਣੇ ਹੋਰ ਸਮੱਗਰੀ ਲੈਣ ਲਈ ਜ਼ੋਰ ਪਾਇਆ ਜਾ ਰਿਹਾ ਹੈ। ਚਾਲੂ ਕੀਤੇ ਕੰਮ ਦੀ ਪਹਿਲਾਂ ਹੀ ਅਦਾਇਗੀ ਕਰਨ ਅਤੇ ਬਿੱਲ ਲੈਣ ਲਈ ਕਿਹਾ ਗਿਆ, ਜੋ ਬਿਲਕੁਲ ਹੀ ਅਸੰਭਵ ਗੱਲ ਜਾਪਦੀ ਹੈ।

ਡੈਮੋਕ੍ਰੈਟਿਕ ਟੀਚਰ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਰੇਸ਼ਮ ਸਿੰਘ ਨੇ ਕਿਹਾ ਕਿ ਬੱਚਿਆਂ ਦੇ ਪੇਪਰ ਫਰਵਰੀ ਵਿੱਚ ਹਨ ਪਰ ਅਫਸੋਸ ਅਧਿਆਪਕਾਂ ਤੋਂ ਗੈਰ ਵਿਦਿਅਕ ਕੰਮ ਲਏ ਜਾ ਰਹੇ ਹਨ। ਉਧਰ ਪ੍ਰਾਜੈਕਟ ਕੋਆਰਡੀਨੇਟਰ ਨਿਰਭੈ ਸਿੰਘ ਨੇ ਕਿਹਾ ਕਿ ਪਹਿਲੇ ਫੇਜ਼ ਲਈ 5 ਸਕੂਲਾਂ ਦਾ ਕੰਮ ਜ਼ੋਰ ਸ਼ੋਰ ਨਾਲ ਚੱਲ ਰਿਹਾ। ਉਨ੍ਹਾਂ ਕਿਹਾ ਕਿ ਇਸ ਲਈ ਕੰਮ ਜਲਦੀ ਨੇਪਰੇ ਚਾੜ੍ਹੇ ਜਾਣ ਤਾਂ ਜੋ ਅਗਲੇ ਫੇਜ਼ ਵਿੱਚ ਨਵੇਂ ਸਕੂਲਾਂ ਲਈ ਗਰਾਂਟ ਲਈ ਜਾ ਸਕੇ।

# ਸੁਪਰੀਮ ਕੋਰਟ ਵੱਲੋਂ ਕਾਰਗਿਲ ਜੰਗ ਬਾਰੇ ਸਾਬਕਾ ਫ਼ੌਜੀ ਅਧਿਕਾਰੀ ਦੀ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ

**ਨਵੀਂ ਦਿੱਲੀ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਅੱਜ ਇੱਥੇ ਇੱਕ ਸਾਬਕਾ ਫ਼ੌਜੀ ਅਧਿਕਾਰੀ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਵਿੱਚ 1999 ਦੇ ਕਾਰਗਿਲ ਯੁੱਧ ਤੋਂ ਪਹਿਲਾਂ ਪਾਕਿਸਤਾਨ ਦੇ ਘੁਸਪੈਠ ਬਾਰੇ ਜਾਣਕਾਰੀ 'ਤੇ ਕਾਰਵਾਈ ਕਰਨ 'ਚ ਫ਼ੌਜ ਵੱਲੋਂ ਲਾਪ੍ਰਵਾਹੀ ਵਰਤਣ ਦਾ ਦੋਸ਼ ਲਗਾਇਆ ਗਿਆ ਸੀ।



ਚੀਫ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਸੰਜੈ ਕੁਮਾਰ ਦੇ ਬੈਂਚ ਨੇ ਕਿਹਾ, "ਨਿਆਂਪਾਲਿਕਾ ਆਮ ਤੌਰ 'ਤੇ ਕੌਮੀ ਰੱਖਿਆ ਦੇ ਮਾਮਲੇ 'ਚ ਦਖ਼ਲ ਨਹੀਂ ਦਿੰਦੀ, 1999 ਦੇ ਯੁੱਧ ਵਿੱਚ ਜੋ ਹੋਇਆ, ਉਹ ਕਾਰਜਕਾਰੀ ਫ਼ੈਸਲੇ ਨਾਲ ਸਬੰਧਿਤ ਅੰਦਰੂਨੀ ਮਾਮਲਾ ਹੈ।"

ਬੈਂਚ ਪੰਚਕੂਲਾ ਸਥਿਤ ਸਾਬਕਾ ਫ਼ੌਜੀ ਅਧਿਕਾਰੀ ਮਨੀਸ਼ ਭਟਨਾਗਰ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ। ਸੀਜੇਆਈ ਨੇ ਕਿਹਾ, "ਕੁੱਝ ਚੀਜ਼ਾਂ ਹਨ, ਜਿੱਥੇ ਨਿਆਂਪਾਲਿਕਾ ਨੂੰ ਦਖ਼ਲ ਨਹੀਂ ਦੇਣਾ ਚਾਹੀਦਾ। ਇਹ ਗਲਤ ਹੋਵੇਗਾ।" ਬੈਂਚ ਨੇ ਕਿਹਾ, "ਤੁਸੀਂ ਯੁੱਧ ਵਿੱਚ ਹਿੱਸਾ ਲਿਆ ਸੀ ਅਤੇ ਹੁਣ ਮੁੱਦਿਆਂ ਨੂੰ ਉਵੇਂ ਹੀ ਛੱਡ ਦਿਓ।"

# ਰਾਹੁਲ ਗਾਂਧੀ ਨੇ ਚੋਣ ਕਮਿਸ਼ਨ ਤੋਂ ਮਹਾਰਾਸ਼ਟਰ ਵੋਟਰ ਸੂਚੀ ਦੀ ਮੰਗ ਕੀਤੀ

## ਮਹਾਰਾਸ਼ਟਰ ਚੋਣਾਂ 'ਚ ਬੇਨਿਯਮੀਆਂ ਦੇ ਦੋਸ਼ਾਂ ਦਾ ਜਵਾਬ ਪੂਰੇ ਤੱਥਾਂ ਨਾਲ ਦਿੱਤਾ ਜਾਵੇਗਾ: ਚੋਣ ਕਮਿਸ਼ਨ

**ਨਵੀਂ ਦਿੱਲੀ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਵੋਟਰ ਸੂਚੀਆਂ ਵਿੱਚ ਗੜਬੜ ਦੇ ਦੋਸ਼ ਲਾਉਣ ਤੋਂ ਬਾਅਦ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੇ ਚੋਣ ਕਮਿਸ਼ਨ ਤੋਂ ਵੋਟਰ ਸੂਚੀਆਂ ਦੀ ਮੰਗ ਕੀਤੀ ਹੈ ਅਤੇ ਉਨ੍ਹਾਂ ਦਾ ਅਗਲਾ ਕਦਮ ਨਿਆਂ ਪ੍ਰਣਾਲੀ ਤੱਕ ਪਹੁੰਚ ਕਰਨਾ ਹੋਵੇਗਾ। ਮੀਡੀਆ ਨਾਲ ਗੱਲ ਕਰਦੇ ਹੋਏ ਰਾਹੁਲ ਨੇ ਕਿਹਾ ਕਿ ਭਾਵੇਂ ਕਿਆਸਅਰਾਈਆਂ ਵੋਟਿੰਗ ਮਸ਼ੀਨਾਂ ਨਾਲ ਸਮੱਸਿਆਵਾਂ ਦਾ ਸੰਕੇਤ ਦੇ ਸਕਦੀਆਂ ਹਨ, ਪਰ ਤੱਥਾਂ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ, "ਸਾਨੂੰ ਦੋ ਚੀਜ਼ਾਂ ਵਿੱਚ ਅੰਤਰ ਸਪਸ਼ਟ ਤੌਰ 'ਤੇ ਪੇਸ਼ ਕਰਨ ਦੀ ਲੋੜ ਹੈ, 'ਮੈਂ ਇੱਥੇ ਕੋਈ ਅਟਕਲਾਂ ਨਹੀਂ ਲਗਾਈਆਂ ਹਨ। ਮੈਂ ਤੱਥ ਪੇਸ਼ ਕੀਤੇ ਹਨ। ਜਿਵੇਂ ਕਿ ਹਿਮਾਚਲ ਪ੍ਰਦੇਸ਼ ਦੀ ਆਬਾਦੀ ਦੇ ਜਿੰਨੇ ਵੋਟਰ ਸ਼ਾਮਲ ਕੀਤੇ ਗਏ ਹਨ। ਜਿੰਨੇ ਵੀ ਹਲਕਿਆਂ ਨੂੰ ਜੋੜਿਆ ਗਿਆ ਹੈ, ਉਹ ਭਾਜਪਾ ਦੇ ਹਲਕੇ ਹਨ।"

ਉਨ੍ਹਾਂ ਕਿਹਾ, "ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਮਹਾਰਾਸ਼ਟਰ ਦੀ ਆਬਾਦੀ ਨਾਲੋਂ ਵੱਧ ਵੋਟਰ ਹਨ। ਇਹ ਅੰਦਾਜ਼ੇ ਨਹੀਂ ਹਨ। ਇਹ ਤੱਥ ਹਨ। ਇਹ ਸਾਡੇ ਅੰਕੜੇ ਨਹੀਂ ਹਨ; ਇਹ ਚੋਣ ਕਮਿਸ਼ਨ ਦੇ ਅੰਕੜੇ ਹਨ।"

ਰਾਹੁਲ ਗਾਂਧੀ ਨੇ ਕਿਹਾ ਕਿ ਮੈਨੂੰ ਯਕੀਨ ਹੈ ਕਿ ਜੇ ਉਹ ਵੋਟਰ ਸੂਚੀ ਦਿੰਦੇ ਹਨ, ਤਾਂ ਅਸੀਂ ਇੱਥੇ ਇੱਕ ਹੋਰ ਪ੍ਰੈੱਸ ਕਾਨਫਰੰਸ ਕਰਾਂਗੇ ਜਿੱਥੇ ਇਨ੍ਹਾਂ ਸਵਾਲਾਂ ਦੇ ਜਵਾਬ ਤੁਹਾਡੇ ਲਈ ਉਪਲਬਧ ਹੋਣਗੇ। ਉਨ੍ਹਾਂ ਦੇਰੀ 'ਤੇ ਚਿੰਤਾ ਜ਼ਾਹਿਰ ਕਰਦਿਆਂ ਚੋਣ



ਕਮਿਸ਼ਨ ਨੂੰ ਇਹ ਡੇਟਾ ਦੇਣ ਦੀ ਲੋੜ ਹੈ। ਉਨ੍ਹਾਂ ਦਾ ਅਗਲਾ ਕਦਮ ਨਿਆ ਪ੍ਰਣਾਲੀ ਕੋਲ ਜਾਣ ਦਾ ਹੈ।

ਰਾਸ਼ਟਰਵਾਦੀ ਕਾਂਗਰਸ ਪਾਰਟੀ (ਸ਼ਰਦਚੰਦਰ ਪਵਾਰ) ਦੇ ਧੜੇ ਦੀ ਸੰਸਦ ਮੈਂਬਰ ਸੁਪ੍ਰੀਆ ਸੁਲੇ ਨੇ ਦੱਸਿਆ ਕਿ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ 11 ਸੀਟਾਂ ਅਜਿਹੀਆਂ ਸਨ ਜਿੱਥੇ ਉਨ੍ਹਾਂ ਦੀ ਪਾਰਟੀ ਚੋਣ ਨਿਸ਼ਾਨ ਦੀ ਉਲਝਣ ਕਾਰਨ ਹਾਰ ਗਈ ਸੀ। ਉਨ੍ਹਾਂ ਕਿਹਾ, ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਹਲਕਿਆਂ 'ਤੇ ਵੀ ਬੈਲਟ ਪੇਪਰ 'ਤੇ ਦੁਬਾਰਾ ਚੋਣਾਂ ਕਰਵਾਈਆਂ ਜਾਣ, ਜਿੱਥੇ ਸਾਡੇ ਉਮੀਦਵਾਰ ਜਿੱਤੇ ਹਨ। 11 ਸੀਟਾਂ ਅਜਿਹੀਆਂ ਹਨ, ਜਿੱਥੇ ਪਾਰਟੀ ਦੇ ਚੋਣ ਨਿਸ਼ਾਨਾਂ ਵਿਚਾਲੇ ਉਲਝਣ ਕਾਰਨ ਅਸੀਂ ਚੋਣਾਂ ਹਾਰ ਗਏ।"

ਉਨ੍ਹਾਂ ਕਿਹਾ, "ਸੱਤਾ ਵਿਚ ਆਈ ਪਾਰਟੀ ਨੇ ਵੀ ਇਸ ਨੂੰ ਸਵੀਕਾਰ ਕਰ ਲਿਆ ਹੈ। ਅਸੀਂ 'ਤੁਟਾਰੀ' ਤੋਂ ਚੋਣ ਨਿਸ਼ਾਨ ਬਦਲਣ ਲਈ ਬਹੁਤ ਸਾਰੀਆਂ ਬੇਨਤੀਆਂ ਕੀਤੀਆਂ, ਪਰ ਬੇਨਤੀ ਨਹੀਂ ਮੰਨੀ ਗਈ, ਅਸੀਂ ਚੋਣ ਕਮਿਸ਼ਨ ਨੂੰ ਨਿਰਪੱਖ ਹੋਣ ਦੀ ਮੰਗ ਕਰਦੇ ਹਾਂ।

ਕਾਂਗਰਸ ਆਗੂ ਰਾਹੁਲ ਗਾਂਧੀ ਵੱਲੋਂ ਮਹਾਰਾਸ਼ਟਰ ਵਿੱਚ ਰਾਜ ਦੀ ਕੁੱਲ ਆਬਾਦੀ ਨਾਲੋਂ ਵੱਧ ਵੋਟਰ ਹੋਣ ਦੇ ਦੋਸ਼ਾਂ ਤੋਂ ਬਾਅਦ ਚੋਣ ਕਮਿਸ਼ਨ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਲਿਖਤੀ ਰੂਪ ਵਿੱਚ ਪੂਰੇ ਤੱਥਾਂ ਦੇ ਨਾਲ ਜਵਾਬ ਦੇਵੇਗਾ। ਇਥੇ ਗਾਂਧੀ ਵੱਲੋਂ ਇੱਥੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਦੋਸ਼ ਲਗਾਉਣ ਤੋਂ ਤੁਰੰਤ ਬਾਅਦ ਚੋਣ ਕਮਿਸ਼ਨ ਨੇ ✓ 'ਤੇ ਇੱਕ ਪੋਸਟ ਵਿੱਚ ਕਿਹਾ, 539 ਸਿਆਸੀ ਪਾਰਟੀਆਂ ਨੂੰ ਤਰਜੀਹੀ ਹਿੱਸੇਦਾਰ ਮੰਨਦਾ ਹੈ, ਬੇਸ਼ੱਕ ਵੋਟਰ ਪ੍ਰਧਾਨ ਹਨ ਅਤੇ ਉਹ ਸਿਆਸੀ ਪਾਰਟੀਆਂ ਦੇ ਵਿਚਾਰਾਂ, ਸੁਝਾਵਾਂ, ਸਵਾਲਾਂ ਦੀ ਡੂੰਘਾਈ ਨਾਲ ਕਦਰ ਕਰਦੇ ਹਨ।

ਇਸ ਵਿਚ ਗਾਂਧੀ ਦਾ ਨਾਂ ਲਏ ਜਾਂ ਉਨ੍ਹਾਂ ਦੇ ਦੋਸ਼ਾਂ ਦਾ ਹਵਾਲਾ ਦਿੱਤੇ ਬਿਨਾਂ ਕਿਹਾ, ਕਮਿਸ਼ਨ ਪੂਰੇ ਦੇਸ਼ ਵਿੱਚ ਇਕਸਾਰ ਰੂਪ ਵਿੱਚ ਅਪਣਾਏ ਗਏ ਤੱਥਾਂ ਅਤੇ ਪ੍ਰਕਿਰਿਆਤਮਕ ਮੈਟ੍ਰਿਕਸ ਦੇ ਨਾਲ ਲਿਖਤੀ ਰੂਪ ਵਿੱਚ ਜਵਾਬ ਦੇਵੇਗਾ।

# ਮਹਾਕੁੰਭ ਮੇਲੇ ਦੇ ਕੈਂਪ 'ਚ ਅੱਗ ਲੱਗੀ

**ਮਹਾਕੁੰਭ ਨਗਰ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਕੁੰਭ ਨਗਰ ਦੇ ਇੱਕ ਕੈਂਪ ਵਿੱਚ ਸ਼ੁੱਕਰਵਾਰ ਨੂੰ ਅੱਗ ਲੱਗ ਗਈ। ਫਾਇਰ ਅਧਿਕਾਰੀਆਂ ਨੇ ਦੱਸਿਆ ਕਿ ਅੱਗ ਲੱਗਣ ਦੀ ਘਟਨਾ ਵਿੱਚ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਖਾਕ ਚੌਕੀ ਪੁਲੀਸ ਥਾਣੇ ਦੇ ਇੰਸਪੈਕਟਰ ਯੋਗੇਸ਼ ਚਤੁਰਵੇਦੀ ਨੇ ਦੱਸਿਆ, "ਪੁਰਾਣੇ ਜੀਟੀ ਰੋਡ 'ਤੇ ਤੁਲਸੀ ਚੁਰਾਹੇ ਦੇ ਨੇੜੇ ਇੱਕ ਕੈਂਪ ਵਿੱਚ ਅੱਗ ਲੱਗ ਗਈ। ਹਾਲਾਂਕਿ ਅੱਗ ਬੁਝਾਊ ਦਸਤੇ ਨੇ ਮੌਕੇ 'ਤੇ ਪਹੁੰਚ ਕੇ ਅੱਗ ਉੱਤੇ ਕਾਬੂ ਪਾ ਲਿਆ।"


ਅੱਗ ਬੁਝਾਉਣ ਲਈ ਜੁਟਿਆ ਅਮਲਾ ਅਤੇ ਲੋਕ।


ਚੀਫ਼ ਫਾਇਰ ਅਫ਼ਸਰ ਪ੍ਰਮੋਦ ਸ਼ਰਮਾ ਨੇ ਦੱਸਿਆ ਕਿ ਸੈਕਟਰ-18 ਸਥਿਤ ਇਸਕੋਨ ਕੈਂਪ ਵਿੱਚ ਅੱਗ ਲੱਗਣ ਦੀ ਸੂਚਨਾ ਮਿਲਣ 'ਤੇ ਤੁਰੰਤ ਕਾਰਵਾਈ ਕੀਤੀ ਗਈ ਅਤੇ ਫਾਇਰ ਸਟੇਸ਼ਨ ਤੋਂ ਗੱਡੀਆਂ ਭੇਜੀਆਂ ਗਈਆਂ ਅਤੇ ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅੱਗ ਕਾਰਨ 20 ਤੋਂ 22 ਟੈਂਟ ਸੜ ਕੇ ਸੁਆਹ ਹੋ ਗਏ ਅਤੇ ਕਿਸੇ ਵੀ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਮਹਾਕੁੰਭ ਮੇਲਾ ਪੁਲੀਸ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕਰਦਿਆਂ ਕਿਹਾ, "ਮੇਲਾ ਖੇਤਰ ਦੇ ਸੈਕਟਰ-18 ਵਿੱਚ ਲੱਗੀ ਅੱਗ ਨੂੰ ਫਾਇਰ ਬ੍ਰਿਗੇਡ ਟੀਮ ਨੇ ਤੁਰੰਤ ਕਾਰਵਾਈ ਕਰਕੇ ਕਾਬੂ ਵਿੱਚ ਲਿਆ। ਘਟਨਾ ਵਿੱਚ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ ਹੈ।"

# ਹਾਈ ਕੋਰਟ ਨੇ ਯੇਦੀਯੁਰੱਪਾ ਨੂੰ ਅਗਾਊਂ ਜ਼ਮਾਨਤ ਦਿੱਤੀ

**ਬੰਗਲੂਰੂ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਰਨਾਟਕ ਹਾਈ ਕੋਰਟ ਨੇ ਅੱਜ ਸਾਬਕਾ ਮੁੱਖ ਮੰਤਰੀ ਬੀਐੱਸ ਯੇਦੀਯੁਰੱਪਾ ਦੀ ਪੋਕਸੋ ਐਕਟ ਦੇ ਉਪਬੰਧਾਂ ਤਹਿਤ ਆਪਣੇ ਖ਼ਿਲਾਫ਼ ਕਾਰਵਾਈ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਅੰਸ਼ਕ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਹੈ, ਜਦੋਂ ਕਿ ਉਨ੍ਹਾਂ ਖ਼ਿਲਾਫ਼ ਦਰਜ ਅਪਰਾਧਿਕ ਮਾਮਲਾ ਹੇਠਲੀ ਅਦਾਲਤ ਵਿੱਚ ਵਾਪਸ ਭੇਜ ਦਿੱਤਾ। ਹਾਲਾਂਕਿ, ਅਦਾਲਤ ਨੇ ਸੀਨੀਅਰ ਭਾਜਪਾ ਨੇਤਾ ਦੀ ਅਗਾਊਂ ਜ਼ਮਾਨਤ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਹੈ।

81 ਸਾਲਾ ਯੇਦੀਯੁਰੱਪਾ ਨੇ ਆਪਣੇ ਖ਼ਿਲਾਫ਼ ਪੋਕਸੋ ਤਹਿਤ ਦਰਜ ਇੱਕ ਅਪਰਾਧਿਕ ਮਾਮਲੇ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਇਹ ਮਾਮਲਾ ਪਿਛਲੇ



ਸਾਲ 14 ਮਾਰਚ ਨੂੰ ਇੱਕ 17 ਸਾਲਾ ਲੜਕੀ ਦੀ ਮਾਂ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ, ਜਿਸ ਵਿੱਚ ਮਹਿਲਾ ਨੇ ਦੋਸ਼ ਲਾਇਆ ਸੀ ਕਿ ਯੇਦੀਯੁਰੱਪਾ ਨੇ ਦੋ ਫਰਵਰੀ ਨੂੰ ਡਾਲਰਸ ਕਲੋਨੀ ਸਥਿਤ ਆਪਣੇ ਘਰ ਇੱਕ ਮੀਟਿੰਗ ਦੌਰਾਨ ਉਸ ਦੀ ਧੀ ਦਾ ਜਿਣਸੀ ਸ਼ੋਸ਼ਣ ਕੀਤਾ ਸੀ।

ਜਸਟਿਸ ਨਾਗਪ੍ਰਸੰਨਾ ਨੇ ਕਿਹਾ, "ਰਿਟ ਪਟੀਸ਼ਨ ਨੂੰ ਅੰਸ਼ਕ ਤੌਰ 'ਤੇ ਮਨਜ਼ੂਰੀ ਦਿੱਤੀ ਜਾਂਦੀ ਹੈ। ਅਪਰਾਧ, ਜਾਂਚ ਅਤੇ ਅੰਤਿਮ ਰਿਪੋਰਟ ਸਭ ਬਰਕਰਾਰ ਹਨ। ਹੁਕਮ ਦੌਰਾਨ ਕੀਤੀਆਂ ਗਈਆਂ ਟਿੱਪਣੀਆਂ ਨੂੰ ਧਿਆਨ ਵਿੱਚ ਰੱਖਦਿਆਂ ਮਾਮਲਾ ਸਬੰਧਿਤ ਅਦਾਲਤ ਨੂੰ ਵਾਪਸ ਭੇਜ ਦਿੱਤਾ ਜਾਂਦਾ ਹੈ ਕਿ ਉਹ ਸੀਆਈਡੀ ਵੱਲੋਂ ਪੇਸ਼ ਕੀਤੀ ਗਈ ਅੰਤਿਮ ਰਿਪੋਰਟ 'ਤੇ ਢੁੱਕਵੇਂ ਆਦੇਸ਼ ਜਾਰੀ ਕਰੇ।"

ਪੀੜਤਾ ਦੀ 54 ਸਾਲਾ ਮਾਂ ਦੀ ਪਿਛਲੇ ਸਾਲ ਮਈ ਵਿੱਚ ਫੇਫੜਿਆਂ ਦੇ ਕੈਂਸਰ ਕਾਰਨ ਇੱਕ ਨਿੱਜੀ ਹਸਪਤਾਲ ਵਿੱਚ ਮੌਤ ਹੋ ਗਈ ਸੀ। -

# ਸੜਕ ਹਾਦਸੇ 'ਚ 6 ਵਿਅਕਤੀਆਂ ਦੀ ਹੋਈ ਮੌਤ, 16 ਜ਼ਖ਼ਮੀ

**ਇੰਦੌਰ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੱਧ ਪ੍ਰਦੇਸ਼ ਦੇ ਇੰਦੌਰ ਜ਼ਿਲ੍ਹੇ ਵਿੱਚ ਸ਼ੁੱਕਰਵਾਰ ਸਵੇਰੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਛੇ ਵਿਅਕਤੀਆਂ ਦੀ ਮੌਤ ਹੋ ਗਈ ਅਤੇ 16 ਹੋਰ ਜ਼ਖ਼ਮੀ ਹੋ ਗਏ। ਇਹ ਹਾਦਸਾ ਸ਼ੁੱਕਰਵਾਰ ਤੜਕੇ 4 ਵਜੇ ਦੇ ਕਰੀਬ ਜ਼ਿਲ੍ਹੇ ਦੀ ਮਹੂ ਤਹਿਸੀਲ 'ਚ ਸਥਿਤ ਮਾਨਪੁਰ ਖੇਤਰ ਦੇ ਨੇੜੇ ਇਕ ਮੋਟਰਸਾਈਕਲ, ਮਿੰਨੀ ਬੱਸ, ਟੈਂਕਰ ਵਿਚਾਲੇ ਹੋਇਆ। ਅਧਿਕਾਰੀ ਨੇ ਦੱਸਿਆ ਕਿ ਮੋਟਰਸਾਈਕਲ ਸਵਾਰ ਦੋ ਵਿਅਕਤੀਆ, ਦੋ ਹੋਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਦਕਿ ਦੋ ਹੋਰਾਂ ਨੇ ਹਸਪਤਾਲ 'ਚ ਇਲਾਜ ਦੌਰਾਨ ਦਮ ਤੋੜ ਦਿੱਤਾ।

ਘਟਨਾ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਪੁਲੀਸ ਨੇ ਜ਼ਖ਼ਮੀਆਂ ਨੂੰ ਜ਼ਿਲ੍ਹੇ ਦੇ ਐਮਵਾਈ ਹਸਪਤਾਲ 'ਚ ਦਾਖਲ ਕਰਵਾਇਆ। ਕੁੱਲ 16 ਲੋਕ ਇਲਾਜ ਅਧੀਨ ਹਨ। ਐਡੀਸ਼ਨਲ ਕਲੈਕਟਰ ਰੋਸ਼ਨ ਰਾਏ ਨੇ ਦੱਸਿਆ ਕਿ ਬੱਸ 'ਚ ਸਵਾਰ ਯਾਤਰੀ ਬੇਲਗਾਮ (ਕਰਨਾਟਕ) ਦੇ ਨਿਵਾਸੀ ਹਨ, ਜਦਕਿ ਬਾਈਕ 'ਤੇ ਸਵਾਰ ਦੋ ਵਿਅਕਤੀ ਮੱਧ ਪ੍ਰਦੇਸ਼ ਦੇ ਨਿਵਾਸੀ ਸਨ।

ਉਨ੍ਹਾਂ ਕਿਹਾ ਕਿ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ

# ਮੋਹਿੰਦਰ ਭਗਤ ਨੇ ਆਜ਼ਾਦੀ ਘੁਲਾਟੀਆਂ ਲਈ ਭਲਾਈ ਸਕੀਮਾਂ ਅਤੇ ਵਿਭਾਗੀ ਬਜਟ ਦਾ ਲਿਆ ਜਾਇਜ਼ਾ



**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਆਜ਼ਾਦੀ ਘੁਲਾਟੀਆਂ ਅਤੇ ਉਨਾਂ ਦੇ ਪਰਿਵਾਰਾਂ ਦੀ ਭਲਾਈ ਅਤੇ ਉਨਾਂ ਨੂੰ ਬਣਦਾ ਮਾਣ-ਸਨਮਾਨ ਯਕੀਨੀ ਬਣਾਉਣ ਲਈ ਵਚਨਬੱਧ ਹੈ। ਇਹ ਵਿਚਾਰ ਆਜ਼ਾਦੀ ਘੁਲਾਟੀਆਂ ਬਾਰੇ ਮੰਤਰੀ ਮੋਹਿੰਦਰ ਭਗਤ ਨੇ ਪੰਜਾਬ ਸਿਵਲ ਸਕੱਤਰੇਤ ਵਿਖੇ ਵਿਭਾਗ ਦੀਆਂ ਗਤੀਵਿਧੀਆਂ ਦਾ ਮੁਲਾਂਕਣ ਕਰਨ ਅਤੇ ਆਜ਼ਾਦੀ ਘੁਲਾਟੀਆਂ ਲਈ ਵੱਖ-ਵੱਖ ਭਲਾਈ ਸਕੀਮਾਂ ਨੂੰ ਲਾਗੂਕਰਨ ਸਬੰਧੀ ਕਰਵਾਈ ਸਮੀਖਿਆ ਮੀਟਿੰਗ ਦੌਰਾਨ ਜ਼ਾਹਿਰ ਕੀਤੇ।

ਮੀਟਿੰਗ ਦੌਰਾਨ ਆਜ਼ਾਦੀ ਘੁਲਾਟੀਆਂ ਵਿਭਾਗ ਦੇ ਵਿਸ਼ੇਸ਼ ਮੁੱਖ ਸਕੱਤਰ ਸ੍ਰੀਮਤੀ ਰਾਜੀ ਪੀ. ਸ੍ਰੀਵਾਸਤਵ ਨੇ ਆਜ਼ਾਦੀ ਘੁਲਾਟੀਆਂ ਦੇ ਆਸ਼ਰਿਤਾਂ ਲਈ ਪੈਨਸ਼ਨ ਲਾਭ, ਸਿਹਤ ਸੰਭਾਲ ਸਹਾਇਤਾ, ਵਿਦਿਅਕ ਰਾਖਵਾਂਕਰਨ ਅਤੇ ਰੁਜ਼ਗਾਰ ਸਹਾਇਤਾ ਸਮੇਤ ਮੌਜੂਦਾ ਪ੍ਰੋਗਰਾਮਾਂ ਦੇ ਕੰਮਕਾਜ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਮੰਤਰੀ ਨੇ ਅਧਿਕਾਰੀਆਂ ਨੂੰ ਇਨਾਂ ਭਲਾਈ ਸਕੀਮਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਅਤੇ ਲਾਭਪਾਤਰੀਆਂ ਨਾਲ ਨਿਰੰਤਰ ਰਾਬਤਾ ਬਣਾ ਕੇ ਰੱਖਣ ਦੇ ਨਿਰਦੇਸ਼ ਦਿੱਤੇ ਤਾਂ ਜੋ ਉਨਾਂ ਦੀਆਂ ਸਮੱਸਿਆਵਾਂ ਨੂੰ ਸੁਚੱਜਤਾ ਨਾਲ ਹੱਲ ਕੀਤਾ ਜਾ ਸਕੇ।

ਇਸ ਤੋਂ ਇਲਾਵਾ, ਚੱਲ ਰਹੀਆਂ ਅਤੇ ਭਵਿੱਖੀ ਭਲਾਈ ਸਕੀਮਾਂ ਅਤੇ ਉਪਰਾਲਿਆਂ ਲਈ ਢੁਕਵੇਂ ਵਿੱਤੀ ਸਰੋਤਾਂ ਨੂੰ ਯਕੀਨੀ ਬਣਾਉਣ ਲਈ ਵਿਭਾਗ ਦੇ ਬਜਟ 'ਤੇ ਵੀ ਚਰਚਾ ਕੀਤੀ ਗਈ।

ਮੀਟਿੰਗ ਵਿੱਚ ਆਜਾਦੀ ਘੁਲਾਟੀਆਂ ਵਿਭਾਗ ਦੇ ਸਕੱਤਰ ਗਗਨਦੀਪ ਸਿੰਘ ਬਰਾੜ, ਆਜਾਦੀ ਘੁਲਾਟੀਆਂ ਵਿਭਾਗ ਦੇ ਸੰਯੁਕਤ ਸਕੱਤਰ ਲਵਜੀਤ ਕਲਸੀ, ਸੁਪਰਡੈਂਟ ਸੁਮਨ ਲਤਾ ਅਤੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਪ੍ਰਧਾਨ ਮੰਤਰੀ ਮੋਦੀ ਦੀ ਵਿਦੇਸ਼ ਨੀਤੀ ਬੁਰੀ ਤਰ੍ਹਾਂ ਨਾਲ ਹੋਈ ਫੇਲ੍ਹ : ਹਰਚੰਦ ਸਿੰਘ ਬਰਸਟ

**ਪਟਿਆਲਾ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਅਮਰੀਕਾ ਤੋਂ 104 ਭਾਰਤੀਆਂ ਨੂੰ ਡਿਪੋਰਟ ਕਰਨ ਨੂੰ ਦੁੱਖਦਾਈ ਕਰਾਰ ਦਿੰਦਿਆਂ ਕਿਹਾ ਕਿ ਅਮਰੀਕਾ ਤੋਂ ਫੌਜੀ ਜਹਾਜ਼ ਵਿੱਚ ਵਾਪਸ ਭੇਜੇ ਭਾਰਤੀਆਂ ਨੂੰ ਕੈਦੀਆਂ ਵਾਂਗ ਹਥਕੜੀਆਂ ਅਤੇ ਬੇੜੀਆਂ ਲਗਾਉਣਾ ਬੜਾ ਹੀ ਮੰਦਭਾਗਾ ਹੈ। ਇਸ ਘਟਨਾ ਨੇ ਸਾਰੀ ਦੁਨਿਆ ਵਿੱਚ ਭਾਰਤ ਦਾ ਸਿਰ ਨੀਵਾਂ ਕੀਤਾ ਹੈ ਅਤੇ ਭਾਰਤੀਆਂ ਨੂੰ ਅਪਮਾਨਿਤ ਕੀਤਾ ਹੈ।

ਸ. ਬਰਸਟ ਨੇ ਕਿਹਾ ਕਿ ਇਕ ਪਾਸੇ ਤਾਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗਹਿਰੀ ਦੋਸਤੀ ਦੀਆਂ ਗੱਲਾਂ ਕਰਦੇ ਹਨ ਅਤੇ ਦੂਜੇ ਪਾਸੇ ਅਮਰੀਕਾ ਤੋਂ ਹੀ ਭਾਰਤੀਆਂ ਨੂੰ ਵਾਪਸ ਭੇਜੇ ਜਾਣ ਸਬੰਧੀ ਕੁਝ ਨਹੀਂ ਕਰ ਸਕੇ। ਇਸ ਤੋਂ ਮੋਦੀ



ਸਰਕਾਰ ਦੀ ਵਿਦੇਸ਼ ਨੀਤੀ ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੁੰਦੇ ਹਨ ਅਤੇ ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਕਿਸੇ ਹੋਰ ਦੇਸ਼ ਦੇ ਫੌਜੀ ਜਹਾਜ਼ ਨੂੰ ਇਸ ਦੇਸ਼ ਵਿੱਚ ਉਤਰਨ ਦੀ ਇਜਾਜਤ ਦੇਣ ਤੋਂ ਸਾਫ਼ ਜਾਪਦਾ ਹੈ ਕਿ ਇਹ ਸਰਮਾਏਦਾਰੀ ਅੱਗੇ ਸਰੈਂਡਰ ਕਰ ਚੁੱਕੇ ਹਨ ਅਤੇ ਅਮਰੀਕਾ ਵਰਗੇ ਦੇਸ਼ ਅੱਗੇ ਮੋਦੀ ਸਰਕਾਰ ਦਾ ਜੋਰ ਨਹੀਂ ਚਲਦਾ।

ਸੂਬਾ ਜਨਰਲ ਸਕੱਤਰ ਨੇ ਅਮਰੀਕੀ ਫੌਜੀ ਜਹਾਜ਼ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੇ ਉਤਾਰਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਨੇ ਜਾਣਬੂਝ ਕੇ ਪੂਰੀ ਦੁਨੀਆ ਵਿੱਚ ਪੰਜਾਬ ਅਤੇ ਪੰਜਾਬੀਆਂ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਦਕਿ ਅਮਰੀਕਾ ਤੋਂ ਵਾਪਸ ਭੇਜੇ ਗਏ ਭਾਰਤੀਆਂ ਵਿੱਚ ਜਿਆਦਾਤਰ ਗੁਜਰਾਤ ਅਤੇ ਹਰਿਆਣਾ ਤੋਂ ਹਨ, ਪਰ ਫਿਰ ਵੀ ਜਹਾਜ਼ ਨੂੰ ਪੰਜਾਬ ਵਿੱਚ ਹੀ ਕਿਉਂ ਉਤਾਰਿਆ ਗਿਆ।

ਉਨ੍ਹਾਂ ਕਿਹਾ ਕਿ ਉਂਝ ਤਾਂ ਇੰਟਰਨੈਸ਼ਨਲ ਫਲਾਇਟ ?ਸ ਨੂੰ ਇੰਟਰਨੈਸ਼ਨਲ ਹਵਾਈ ਅੱਡਿਆਂ ਤੇ ਚਾਹੇ ਉਹ ਚੰਡੀਗੜ੍ਹ ਹੋਵੇ ਜਾਂ ਅੰਮ੍ਰਿਤਸਰ, ਉਤਾਰਨ ਦੀ ਇਜਾਜਤ ਨਹੀਂ ਦਿੱਤੀ ਜਾਂਦੀ, ਪਰ ਅਮਰੀਕਾ ਦੇ ਇਸ ਫੌਜੀ ਜਹਾਜ਼ ਨੂੰ ਅੰਮ੍ਰਿਤਸਰ ਉਤਾਰਿਆ ਗਿਆ ਹੈ, ਇਹ ਪੰਜਾਬ ਅਤੇ ਪੰਜਾਬੀਆਂ ਪ੍ਰਤੀ ਨਫ਼ਰਤ ਫੈਲਾਉਣ ਅਤੇ ਅਪਮਾਨ ਕਰਨ ਵਾਲੀ ਗੱਲ ਹੋਈ ਹੈ ਅਤੇ ਇਸ ਨਾਲ ਪੰਜਾਬ ਅਤੇ ਪੰਜਾਬੀਆਂ ਪ੍ਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਫ਼ਰਤ ਦਿਖਾਈ ਦਿੰਦੀ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਵਿਦੇਸ਼ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ ਸਬੰਧੀ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਲ ਗੱਲਬਾਤ ਕਰਨ ਅਤੇ ਅਮਰੀਕਾ ਦੇ ਭਾਰਤੀਆਂ ਪ੍ਰਤੀ ਰਵਈਆ ਦੀ ਜਵਾਬਦੇਹੀ ਮੰਗਣ।

# 10,000 ਰੁਪਏ ਰਿਸ਼ਵਤ ਲੈਂਦਾ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ



**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿਮ ਦੌਰਾਨ ਸ਼ੁੱਕਰਵਾਰ ਨੂੰ ਅੰਮ੍ਰਿਤਸਰ ਸ਼ਹਿਰ ਦੇ ਮਾਲ ਹਲਕਾ ਕੋਟ ਖਾਲਸਾ ਵਿਖੇ ਤਾਇਨਾਤ ਪਟਵਾਰੀ ਰਵੀ ਪ੍ਰਕਾਸ਼ ਨੂੰ 10000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਖੁਲਾਸਾ ਕਰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਅੰਮ੍ਰਿਤਸਰ ਸ਼ਹਿਰ ਦੇ ਨਿਊ ਮੋਹਣੀ ਪਾਰਕ ਦੇ ਵਸਨੀਕ ਪਰਮਜੀਤ ਸਿੰਘ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ @ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਕਤ ਪਟਵਾਰੀ ਨੇ ਉਸਦੇ ਕਰਜ਼ੇ ਦੀ ਰਕਮ ਨੂੰ ਦਰੁਸਤ ਕਰਨ ਬਦਲੇ 20,000 ਰੁਪਏ ਰਿਸ਼ਵਤ ਮੰਗੀ ਹੈ ਜਿਸ ਨੂੰ ਮਾਲ ਰਿਕਾਰਡ ਵਿੱਚ ਅਸਲ ਕਰਜ਼ਾ 9 ਲੱਖ ਰੁਪਏ ਦੀ ਬਜਾਏ ਗਲਤੀ ਨਾਲ 90 ਲੱਖ ਰੁਪਏ ਲਿਖਿਆ ਗਿਆ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਅੰਮ੍ਰਿਤਸਰ ਰੇਂਜ ਦੀ ਵਿਜੀਲੈਂਸ ਬਿਊਰੋ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਉਕਤ ਪਟਵਾਰੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਵਿਜੀਲੈਂਸ ਬਿਊਰੋ ਯੂਨਿਟ ਅੰਮ੍ਰਿਤਸਰ ਵੱਲੋਂ ਇਸ ਕੇਸ ਹੋਰ ਜਾਂਚ ਜਾਰੀ ਹੈ।

# ਜ਼ਖ਼ਮ ਤੇ ਟਾਂਕੇ ਦੀ ਥਾਂ ਫੈਵੀਕੁਇਕ ਲਾਉਣ ਵਾਲੀ ਨਰਸ ਮੁਅੱਤਲ

## ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਉਪਰੰਤ ਜ਼ਿਲ੍ਹਾ ਸਿਹਤ ਅਧਿਕਾਰੀ ਨੇ ਕੀਤੀ ਕਾਰਵਾਈ

**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਰਨਾਟਕ ਦੇ ਹਾਵੇਰੀ ਵਿੱਚ ਅਦੂਰੂ ਪ੍ਰਾਇਮਰੀ ਹੈਲਥ ਸੈਂਟਰ ਦੀ ਇੱਕ ਨਰਸ ਨੂੰ ਸੱਤ ਸਾਲ ਦੇ ਲੜਕੇ ਦੇ ਸੱਜੀ ਗੱਲ੍ਹ 'ਤੇ ਡੂੰਘੇ ਕੱਟ ਉਤੇ ਟਾਂਕੇ ਲਗਾਉਣ ਦੀ ਥਾਂ ਫੈਵੀਕੁਇਕ ਵਰਤ ਕੇ ਗੈਰ-ਰਵਾਇਤੀ ਇਲਾਜ ਦਾ ਸਹਾਰਾ ਲੈਣ ਲਈ ਮੁਅੱਤਲ ਕੀਤਾ ਗਿਆ ਹੈ।

ਨਰਸ ਦਾ ਤਰਕ ਸੀ ਕਿ ਟਾਂਕੇ ਲਗਾਉਣ ਨਾਲ ਬੱਚੇ ਦੇ ਚਿਹਰੇ 'ਤੇ ਬਦਸੂਰਤ ਦਾਗ ਰਹਿ ਜਾਣਗੇ। ਜ਼ਿਲ੍ਹਾ ਸਿਹਤ ਅਧਿਕਾਰੀ ਨੇ ਬੱਚੇ ਦੇ ਮਾਪਿਆਂ ਦੀ ਸ਼ਿਕਾਇਤ ਮਿਲਣ ਮਗਰੋਂ ਸਬੰਧਤ ਨਰਸ ਦਾ ਤਬਾਦਲਾ ਕਰ ਦਿੱਤਾ ਸੀ, ਪਰ ਸੋਸ਼ਲ ਮੀਡੀਆ ਉਤੇ ਪਏ ਰੌਲੇ ਮਗਰੋਂ ਨਰਸ ਨੂੰ ਪਹਿਲਾਂ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਤੇ ਬਾਅਦ ਵਿੱਚ ਮੁਅੱਤਲ ਕਰ ਦਿੱਤਾ। ਇਹ ਘਟਨਾ ਪਿਛਲੇ ਮਹੀਨੇ ਦੀ ਦੱਸੀ ਜਾਂਦੀ ਹੈ।

ਜਾਣਕਾਰੀ ਅਨੁਸਾਰ ਗੁਰੂਕ੍ਰਿਸ਼ਨ ਅਨੱਪਾ ਹੋਸਮਾਨੀ ਨੂੰ 14 ਜਨਵਰੀ ਨੂੰ ਚਿਹਰੇ ਅਤੇ ਲੱਤ 'ਤੇ ਸੱਟਾਂ ਲੱਗੀਆਂ ਸਨ। ਪੀਐਚਸੀ ਲਿਜਾਏ ਜਾਣ 'ਤੇ ਨਰਸ ਨੇ ਉਸ ਦੇ ਗੱਲ੍ਹ ਦੀ ਸੱਟ 'ਤੇ ਫੈਵੀਕੁਇਕ ਲਗਾ ਦਿੱਤੀ, ਇਸ ਨੂੰ ਰੂੰ ਨਾਲ ਢੱਕ ਦਿੱਤਾ, ਜਿਸ ਦਾ ਖਤਰਨਾਕ ਨਤੀਜਾ ਸਾਹਮਣੇ ਆਉਣ ਤੋਂ ਬਾਅਦ ਬੱਚੇ ਦੇ ਮਾਪਿਆਂ ਵੱਲੋਂ ਸ਼ਿਕਾਇਤ ਦਰਜ ਕਰਵਾਈ ਗਈ।

# 1984 ਸਿੱਖ ਕਤਲੇਆਮ: ਦਿੱਲੀ ਦੀ ਅਦਾਲਤ ਵੱਲੋਂ ਫੈਸਲਾ 12 ਫਰਵਰੀ ਤੱਕ ਮੁਲਤਵੀ

**ਨਵੀਂ ਦਿੱਲੀ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੀ ਇੱਕ ਅਦਾਲਤ ਨੇ ਸ਼ੁੱਕਰਵਾਰ ਨੂੰ ਕੌਮੀ ਰਾਜਧਾਨੀ ਦੇ ਸਰਸਵਤੀ ਵਿਹਾਰ ਖੇਤਰ ਵਿੱਚ ਦੋ ਵਿਅਕਤੀਆਂ ਦੇ ਕਤਲ ਦੇ ਸਬੰਧ ਵਿੱਚ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਵਿਰੁੱਧ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕਤਲ ਕੇਸ ਵਿੱਚ ਆਪਣਾ ਫੈਸਲਾ 12 ਫਰਵਰੀ ਤੱਕ ਟਾਲ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਸ਼ੁੱਕਰਵਾਰ ਨੂੰ ਇਸ ਸਬੰਧੀ ਫੈਸਲਾ ਸੁਣਾਉਣਾ ਸੀ ਜੋ ਕਿ ਬੁੱਧਵਾਰ ਤੱਕ ਟਾਲ ਦਿੱਤਾ।



# ਅਮਰੀਕਾ 'ਚ ਜਾਤਪਾਤ ਖ਼ਿਲਾਫ਼ ਕਾਨੂੰਨ ਪਾਸ ਕਰਵਾਉਣ ਵਾਲੀ ਕਸ਼ਮਾ ਸਾਵੰਤ ਨੂੰ ਭਾਰਤੀ ਵੀਜ਼ੇ ਤੋਂ ਨਾਂਹ

**ਨਵੀਂ ਦਿੱਲੀ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਮੂਲ ਦੀ ਸਿਆਟਲ ਸਿਟੀ ਕੌਂਸਲ ਮੈਂਬਰ ਕਸ਼ਮਾ ਸਾਵੰਤ ਨੇ ਦੋਸ਼ ਲਗਾਇਆ ਹੈ ਕਿ ਉਸ ਨੂੰ ਆਪਣੀ ਬਿਮਾਰ ਮਾਂ ਨੂੰ ਮਿਲਣ ਲਈ ਭਾਰਤ ਫੇਰੀ ਵਾਸਤੇ ਭਾਰਤੀ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ।ਗੌਰਤਲਬ ਹੈ ਕਿ ਉਸ ਨੇ ਅਮਰੀਕਾ ਦੇ ਵਾਸ਼ਿੰਗਟਲ ਸੂਬੇ ਵਿਚ ਜਾਤੀ ਭੇਦਭਾਵ ਨੂੰ ਖਤਮ ਕਰਨ ਲਈ ਇੱਕ ਕਾਨੂੰਨ ਪਾਸ ਕਰਵਾਇਆ ਸੀ।

ਉਸ ਨੇ ਕਿਹਾ ਕਿ ਇਸ ਕਾਰਨ ਉਸ ਨੂੰ ਭਾਰਤ ਸਰਕਾਰ ਦੀ 'ਵੀਜ਼ਾ ਨਾ ਦੇਣ' ਵਾਲੀ ਸੂਚੀ ਵਿੱਚ ਰੱਖਿਆ ਗਿਆ ਹੈ। ਉਸ ਨੂੰ ਬੀਤੇ ਸਾਲ ਤੋਂ ਤੀਜੀ ਵਾਰ ਵੀਜ਼ਾ ਦੇਣ ਤੋਂ ਨਾਂਹ ਕੀਤੀ ਗਈ ਹੈ।

ਭਾਰਤ ਦੇ ਸਿਆਟਲ ਸਥਿਤ ਕੌਂਸਲਖ਼ਾਨੇ ਦੀ ਇਸ ਕਾਰਵਾਈ ਖ਼ਿਲਾਫ਼ ਸਾਵੰਤ ਅਤੇ ਉਸਦੀ ਸੰਸਥਾ 'ਵਰਕਰਜ਼ ਸਟ੍ਰਾਈਕ ਬੈਕ' ਦੇ ਮੈਂਬਰਾਂ ਨੇ ਭਾਰਤੀ ਕੌਂਸਲੇਟ ਵਿਖੇ ਧਰਨਾ ਦਿੱਤਾ। ਮੁਜ਼ਾਹਰਾਕਾਰੀਆਂ ਨੇ ਇਸ ਪ੍ਰਦਰਸ਼ਨ ਨੂੰ 'ਸ਼ਾਂਤਮਈ ਸਿਵਲ ਅਵੱਗਿਆ' ਕਰਾਰ ਦਿੱਤਾ। ਦੂਜੇ ਪਾਸੇ ਭਾਰਤੀ ਕੌਂਸਲਖ਼ਾਨੇ ਦੇ ਅਧਿਕਾਰੀਆਂ ਨੇ ਵਿਰੋਧ ਪ੍ਰਦਰਸ਼ਨ ਨਾਲ ਸਿੱਝਣ ਲਈ ਸਥਾਨਕ ਪੁਲੀਸ ਨੂੰ ਬੁਲਾ ਲਿਆ।

ਬੀਬੀ ਸਾਵੰਤ ਨੇ 'ਐਕਸ' (✓) ਉਤੇ ਪਾਈ ਇਕ ਪੋਸਟ ਵਿਚ ਕੀਤਾ, ਮੈਂ ਅਤੇ ਮੇਰੇ ਪਤੀ ਸਿਆਟਲ ਸਥਿਤ ਭਾਰਤੀ ਕੌਂਸਲੇਟ ਵਿੱਚ ਹਾਂ। ਉਨ੍ਹਾਂ ਨੇ ਮੇਰੀ ਮਾਂ ਦੇ ਬਹੁਤ ਬਿਮਾਰ ਹੋਣ ਕਾਰਨ ਉਨ੍ਹਾਂ ਨੂੰ ਤਾਂ ਐਮਰਜੈਂਸੀ ਵੀਜ਼ਾ ਦੇ ਦਿੱਤਾ, ਪਰ ਮੇਰਾ ਵੀਜ਼ਾ ਰੱਦ ਕਰ ਦਿੱਤਾ, ਸਾਫ਼ ਕਿਹਾ ਕਿ ਮੇਰਾ ਨਾਮ 'ਰੱਦ ਸੂਚੀ' ਵਿੱਚ ਹੈ।

ਉਸ ਨੇ ਕਿਹਾ, ਉਹ ਇਸ ਬਾਰੇ ਸਪੱਸ਼ਟੀਕਰਨ ਦੇਣ ਤੋਂ ਇਨਕਾਰ ਕਰ ਰਹੇ ਹਨ ਕਿ ਕਿਉਂ। ਅਸੀਂ ਜਾਣ ਤੋਂ ਇਨਕਾਰ ਕਰ ਰਹੇ ਹਾਂ। ਉਹ ਸਾਡੇ 'ਤੇ ਪੁਲੀਸ ਬੁਲਾਉਣ ਦੀ ਧਮਕੀ ਦੇ ਰਹੇ ਹਨ।

ਸਿਆਟਲ ਸਥਿਤ ਭਾਰਤੀ ਕੌਂਸਲੇਟ ਨੇ ✓ 'ਤੇ ਇਸ ਸਬੰਧੀ ਆਪਣਾ ਪੱਖ ਪੋਸਟ ਕਰਦੇ ਹੋਏ ਕਿਹਾ, ਕੌਂਸਲੇਟ ਨੂੰ ਦਫਤਰੀ ਸਮੇਂ ਤੋਂ ਬਾਅਦ ਕੁਝ ਵਿਅਕਤੀਆਂ ਦੁਆਰਾ ਕੌਂਸਲੇਟ ਅਹਾਤੇ



ਵਿੱਚ ਅਣਅਧਿਕਾਰਤ ਦਾਖ਼ਲੇ ਕਾਰਨ ਪੈਦਾ ਹੋਈ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਨਾਲ ਨਜਿੱਠਣ ਲਈ ਮਜਬੂਰ ਹੋਣਾ ਪਿਆ ਸੀ।

ਕੌਂਸਲਖ਼ਾਨੇ ਨੇ ਹੋਰ ਕਿਹਾ, ਵਾਰ-ਵਾਰ ਬੇਨਤੀਆਂ ਦੇ ਬਾਵਜੂਦ, ਇਨ੍ਹਾਂ ਲੋਕਾਂ ਨੇ ਕੌਂਸਲੇਟ ਅਹਾਤੇ ਤੋਂ ਜਾਣ ਤੋਂ ਇਨਕਾਰ ਕਰ ਦਿੱਤਾ ਅਤੇ ਕੌਂਸਲੇਟ ਸਟਾਫ ਨਾਲ ਹਮਲਾਵਰ ਅਤੇ ਧਮਕੀ ਭਰਿਆ ਵਿਵਹਾਰ ਕੀਤਾ। ਸਾਨੂੰ ਸਥਿਤੀ ਨਾਲ ਸਿੱਝਣ ਲਈ ਸਬੰਧਤ ਸਥਾਨਕ ਅਧਿਕਾਰੀਆਂ ਨੂੰ ਬੁਲਾਉਣ ਲਈ ਮਜਬੂਰ ਹੋਣਾ ਪਿਆ। ਘੁਸਪੈਠ ਕਰਨ ਵਾਲਿਆਂ ਵਿਰੁੱਧ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਜਾ ਰਹੀ ਹੈ।

ਸਾਵੰਤ ਨੇ ਇੱਕ ਹੋਰ ✓ ਪੋਸਟ ਵਿੱਚ ਕੀਤਾ, ਇੱਕ ਕੌਂਸਲਰ ਅਧਿਕਾਰੀ ਨੇ ਕਿਹਾ ਕਿ ਮੈਨੂੰ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਕਿਉਂਕਿ ਮੈਂ ਮੋਦੀ (ਪ੍ਰਧਾਨ ਮੰਤਰੀ ਨਰਿੰਦਰ ਮੋਦੀ) ਸਰਕਾਰ ਦੀ 'ਰੱਦ ਸੂਚੀ' ਵਿੱਚ ਹਾਂ।

ਉਸ ਨੇ ਕਿਹਾ ਕਿ ਸਿਆਟਲ ਸਿਟੀ ਕੌਂਸਲ ਵਿੱਚ ਇੱਕ ਮਤਾ ਪੇਸ਼ ਕਰਨ ਕਾਰਨ ਉਸਨੂੰ ਵੀਜ਼ਾ 'ਰੱਦ ਸੂਚੀ' ਵਿੱਚ ਰੱਖਿਆ ਗਿਆ। ਉਸ ਨੇ ਕਿਹਾ, ਇਹ ਸਾਫ਼ ਹੀ ਹੈ ਕਿ ਕਿਉਂ। ਕਸ਼ਮਾ ਦਾ ਕਹਿਣਾ ਸੀ, ਮੇਰੇ ਸਮਾਜਵਾਦੀ ਸਿਟੀ ਕੌਂਸਲ ਦਫ਼ਤਰ ਨੇ ਮੋਦੀ ਦੇ ਮੁਸਲਿਮ-ਵਿਰੋਧੀ ਗਰੀਬ-ਵਿਰੋਧੀ 311-NRC ਨਾਗਰਿਕਤਾ ਕਾਨੂੰਨ ਦੀ ਨਿੰਦਾ ਕਰਦੇ ਹੋਏ ਇੱਕ ਮਤਾ ਪਾਸ ਕੀਤਾ। ਅਸੀਂ ਜਾਤੀ ਵਿਤਕਰੇ ਖ਼ਿਲਾਫ਼ ਵੀ ਇਤਿਹਾਸਕ ਪਾਬੰਦੀ ਲਈ ਜਿੱਤ ਹਾਸਲ ਕੀਤੀ। 311 ਦਾ ਭਾਵ ਹੈ, ਭਾਰਤੀ ਸੰਸਦ ਵੱਲੋਂ ਪਾਸ ਕੀਤਾ ਗਿਆ ਨਾਗਰਿਕਤਾ ਸੋਧ ਕਾਨੂੰਨ, 2019 ਅਤੇ NRC ਨਾਗਰਿਕਾਂ ਦਾ ਰਾਸ਼ਟਰੀ ਰਜਿਸਟਰ ਹੈ। ਸਿਆਟਲ ਸਿਟੀ ਕੌਂਸਲ ਨੇ 2023 ਵਿੱਚ ਸਾਵੰਤ ਵੱਲੋਂ ਪੇਸ਼ ਕੀਤੇ ਗਏ ਇੱਕ ਮਤੇ ਦੇ ਅਧਾਰ 'ਤੇ ਸ਼ਹਿਰ ਦੇ ਵਿਤਕਰੇ ਵਿਰੋਧੀ ਕਾਨੂੰਨਾਂ ਵਿੱਚ ਜਾਤੀ ਵਿਤਕਰੇ ਨੂੰ ਸ਼ਾਮਲ ਕੀਤਾ ਸੀ ਅਤੇ ਇਸ ਤਰ੍ਹਾਂ ਸਿਆਟਲ ਜਾਤਪਾਤ ਤੇ ਪਾਬੰਦੀ ਲਗਾਉਣ ਵਾਲਾ ਪਹਿਲਾ ਅਮਰੀਕੀ ਸ਼ਹਿਰ ਬਣ ਗਿਆ ਅਤੇ ਦੱਖਣੀ ਏਸ਼ੀਆ ਤੋਂ ਬਾਹਰ ਅਜਿਹਾ ਕਾਨੂੰਨ ਪਾਸ ਕਰਨ ਵਾਲਾ ਦੁਨੀਆ ਦਾ ਪਹਿਲਾ ਸ਼ਹਿਰ ਬਣ ਗਿਆ।

ਇਸ ਕਾਨੂੰਨ ਜੋ ਕਿ ਜਾਤ ਦੇ ਆਧਾਰ 'ਤੇ ਵਿਤਕਰੇ ਨੂੰ ਗੈਰ-ਕਾਨੂੰਨੀ ਠਹਿਰਾਉਂਦਾ ਹੈ, ਨੂੰ ਅਮਰੀਕਾ ਵਿੱਚ ਦੱਖਣੀ ਏਸ਼ੀਆਈ ਭਾਈਚਾਰਿਆਂ ਦਾ ਭਾਰੀ ਸਮਰਥਨ ਪ੍ਰਾਪਤ ਹੋਇਆ। ਹਾਲਾਂਕਿ ਇਸ ਅੰਦੋਲਨ ਨੂੰ ਕੁਝ ਭਾਰਤੀਆਂ ਤੇ ਅਮਰੀਕੀਆਂ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਦੀ ਦਲੀਲ ਸੀ ਕਿ ਅਜਿਹਾ ਕਾਨੂੰਨ ਇੱਕ ਖਾਸ ਭਾਈਚਾਰੇ ਨੂੰ ਬਦਨਾਮ ਕਰਨ ਵਾਲਾ ਹੈ।

# ਵਿਜੀਲੈਂਸ ਬਿਊਰੋ ਨੇ ਪੀਐਸਪੀਸੀਐਲ ਦੇ ਕਰਮਚਾਰੀ ਨੂੰ 2000 ਰੁਪਏ ਰਿਸ਼ਵਤ ਲੈਂਦੇ ਹੋਏ ਕਾਬੂ ਕੀਤਾ

## ਮੀਟਰ ਲਗਾਉਣ ਲਈ ਮੁਲਜ਼ਮ ਨੇ ਪਹਿਲਾਂ ਲਏ ਸੀ 3500 ਰੁਪਏ



**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਦੇ ਦਫ਼ਤਰ ਪਿੰਡ ਬੜਿੰਗ, ਜਲੰਧਰ ਛਾਉਣੀ ਵਿੱਚ ਵਿਖੇ ਤਾਇਨਾਤ ਸ਼ਿਕਾਇਤ ਸੰਭਾਲ ਸ਼ਾਖਾ (ਸੀਐਚਬੀ) ਦੇ ਸਹਾਇਕ ਚਰਨਜੀਤ ਸਿੰਘ ਨੂੰ 2000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ।

ਅੱਜ ਇੱਥੇ ਇਹ ਖੁਲਾਸਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਸੈਨਿਕ ਵਿਹਾਰ, ਪਿੰਡ ਢਿੱਲਵਾਂ ਜ਼ਿਲ੍ਹਾ ਜਲੰਧਰ ਦੇ ਵਸਨੀਕ ਰਾਕੇਸ਼ ਕੁਮਾਰ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਕਤ ਮੁਲਜ਼ਮ ਨੇ ਜਲੰਧਰ ਦੀ ਰੋਜ਼ ਕਲੋਨੀ ਪਿੰਡ ਬੜਿੰਗ ਵਿਖੇ ਉਸਦੀ ਰਿਸ਼ਤੇਦਾਰ ਦੇ ਘਰ ਘਰੇਲੂ ਬਿਜਲੀ ਸਪਲਾਈ ਲਈ ਨਵਾਂ ਮੀਟਰ ਲਗਾਉਣ ਬਦਲੇ ਸਬੰਧਤ ਜੂਨੀਅਰ ਇੰਜੀਨੀਅਰ (ਜੇਈ) ਸੁਰਜੀਤ ਸਿੰਘ ਖਾਤਰ 5000 ਰੁਪਏ ਅਤੇ ਆਪਣੇ ਲਈ 500 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਸ਼ਿਕਾਇਤਕਰਤਾ ਨੇ ਇਹ ਵੀ ਦੱਸਿਆ ਕਿ ਉਕਤ ਮੁਲਜ਼ਮ ਸੀਐਚਬੀ ਨੇ 31-01-2025 ਨੂੰ ਉਸ ਘਰ ਵਿੱਚ ਬਿਜਲੀ ਦਾ ਮੀਟਰ ਲਗਾਉਣ ਮੌਕੇ ਉਸ ਕੋਲੋਂ 3500 ਰੁਪਏ ਲੈ ਲਏ ਅਤੇ ਬਾਕੀ ਰਕਮ ਬਾਅਦ ਵਿੱਚ ਅਦਾ ਕਰਨ ਲਈ ਕਿਹਾ। ਹੁਣ ਉਕਤ ਮੁਲਜ਼ਮ ਸ਼ਿਕਾਇਤਕਰਤਾ ਅਤੇ ਖਪਤਕਾਰ ਨੂੰ 2000 ਰੁਪਏ ਬਕਾਇਆ ਰਕਮ ਦੀ ਮੰਗ ਕਰ ਰਿਹਾ ਹੈ ਅਤੇ ਧਮਕੀ ਦੇ ਰਿਹਾ ਹੈ ਕਿ ਨਹੀਂ ਤਾਂ ਉਹ ਮੀਟਰ ਲਾਹਿਆ ਜਾ ਸਕਦਾ ਹੈ।

ਬੁਲਾਰੇ ਨੇ ਦੱਸਿਆ ਕਿ ਉਸਦੀ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਜਲੰਧਰ ਰੇਂਜ ਦੀ ਵਿਜੀਲੈਂਸ ਬਿਊਰੋ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਮੁਲਜ਼ਮ ਸੀਐਚਬੀ ਸਹਾਇਕ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 2000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਉਕਤ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਹੋਰ ਜਾਂਚ ਦੌਰਾਨ ਸਬੰਧਤ ਜੇਈ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

# ਵਜ਼ੀਫ਼ਾ ਸਕੀਮ ਦਾ ਲਾਭ ਲੈਣ ਲਈ ਕਿਰਤੀ ਦੀ ਦੋ ਸਾਲ ਦੀ ਸਰਵਿਸ ਦੀ ਸ਼ਰਤ ਖਤਮ: ਸੌਂਦ

**ਚੰਡੀਗੜ੍ਹ, 8 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਕਿਰਤੀਆਂ ਦੀ ਭਲਾਈ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਵੱਡੀ ਪਹਿਲਕਦਮੀ ਕੀਤੀ ਹੈ। ਕਿਰਤੀਆਂ ਦੇ ਬੱਚਿਆਂ ਦੀ ਪੜ੍ਹਾਈ ਲਈ ਦਿੱਤੀ ਜਾਂਦੀ ਵਜੀਫਾ ਸਕੀਮ ਲਈ ਕਿਰਤੀ ਦੀ ਦੋ ਸਾਲ ਦੀ ਸਰਵਿਸ ਹੋਣ ਦੀ ਸ਼ਰਤ ਨੂੰ ਖਤਮ ਕਰ ਦਿੱਤਾ ਗਿਆ ਹੈ। ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਵਜੀਫਾ ਸਕੀਮ ਕਿਰਤੀਆਂ ਦੇ ਬੱਚਿਆਂ ਦੀ ਪੜ੍ਹਾਈ ਲਈ ਦਿੱਤੀ ਜਾਂਦੀ ਹੈ। ਇਸ ਨੂੰ ਪ੍ਰਾਪਤ ਕਰਨ ਲਈ ਕਿਰਤੀ ਦੀ ਦੋ ਸਾਲ ਦੀ ਸਰਵਿਸ ਹੋਣ ਦੀ ਸ਼ਰਤ ਲਾਜ਼ਮੀ ਹੈ। ਬੀਤੀ ਸ਼ਾਮ ਕਿਰਤ ਭਵਨ ਵਿਖੇ ਹੋਈ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ 55ਵੀਂ ਮੀਟਿੰਗ ਵਿੱਚ ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਇਸ ਸ਼ਰਤ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਹੈ।

ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਬੱਚਿਆਂ ਦੀ ਪੜ੍ਹਾਈ ਲਈ ਹੁਣ ਕਿਰਤੀਆਂ ਵੱਲੋਂ ਵਜੀਫਾ ਸਕੀਮ ਦਾ ਲਾਭ ਅੰਸ਼ਦਾਨ ਕਰਨ ਦੀ ਮਿਤੀ ਤੋਂ ਹੀ ਲਿਆ ਜਾ ਸਕੇਗਾ। ਸੌਂਦ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਕਿਰਤੀਆਂ ਦੀ ਭਲਾਈ ਲਈ ਹੋਰ ਵੀ ਕਈ ਮਹੱਤਵਪੂਰਨ ਫੈਸਲੇ ਲਏ ਗਏ। ਪੰਜਾਬ ਲੇਬਰ ਵੈਲਫੇਅਰ ਬੋਰਡ ਦੀਆਂ ਸਕੀਮਾਂ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਇੱਕ ਕਰੋੜ ਰੁਪਏ ਦਾ ਸਾਲਾਨਾ ਬਜਟ ਰੱਖਿਆ ਗਿਆ। ਇਸ ਤੋਂ ਇਲਾਵਾ ਇਨ੍ਹਾਂ ਸਕੀਮਾਂ ਦਾ ਲਾਭ ਦੇਣ ਲਈ ਕਿਰਤੀਆਂ ਦੀ ਕੰਮ ਵਾਲੀ ਥਾਂ 'ਤੇ ਕੈਂਪ ਲਗਾਉਣ ਲਈ ਵੀ ਇੱਕ ਕਰੋੜ ਰੁਪਏ ਦਾ ਬਜਟ ਪਾਸ ਕੀਤਾ ਗਿਆ।

ਸੌਂਦ ਨੇ ਦੱਸਿਆ ਕਿ ਬੋਰਡ ਅਧੀਨ ਸ਼ਗਨ ਸਕੀਮ ਦਾ ਲਾਭ ਲੈਣ ਲਈ ਰਜਿਸਟਰਡ ਮੈਰਿਜ ਸਰਟੀਫੀਕੇਟ ਦੀ ਸ਼ਰਤ ਨੂੰ ਵੀ ਖਤਮ ਕਰ ਦਿੱਤਾ ਗਿਆ ਹੈ। ਹੁਣ ਕਿਰਤੀ ਵਿਆਹ ਵਾਲੀ ਧਾਰਮਿਕ ਥਾਂ ਅਤੇ ਵਿਆਹ ਕਰਵਾਉਣ ਵਾਲੇ ਧਾਰਮਿਕ ਵਿਅਕਤੀ ਦੀਆਂ ਫੋਟੋਆਂ ਲਗਾ ਦੇ ਸ਼ਗਨ ਸਕੀਮ ਦਾ ਲਾਭ ਲੈ ਸਕੇਗਾ। ਇਸ ਫੈਸਲੇ ਨਾਲ ਕਿਰਤੀਆਂ ਨੂੰ ਰਜਿਸਟਰਡ ਮੈਰਿਜ ਸਰਟੀਫੀਕੇਟ ਲੈਣ ਲਈ ਪ੍ਰੇਸ਼ਾਨੀ ਨਹੀ ਝੱਲਣੀ ਪਵੇਗੀ।

ਕਿਰਤ ਮੰਤਰੀ ਵੱਲੋਂ ਇਹ ਵੀ ਆਦੇਸ਼ ਦਿੱਤਾ ਗਿਆ ਕਿ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਹਰ ਤਿੰਨ ਮਹੀਨੇ ਬਾਅਦ ਮੀਟਿੰਗ ਕਰਨੀ ਯਕੀਨੀ ਬਣਾਈ ਜਾਵੇ। ਇਹ ਵੀ ਫੈਸਲਾ ਕੀਤਾ ਗਿਆ ਕਿ ਫੰਡ ਦੀ ਅੰਸ਼ਦਾਨ ਦੀ ਰਕਮ ਨੂੰ 1 ਅਪ੍ਰੈਲ 2025 ਤੋਂ ਵਧਾਇਆ ਜਾਵੇ ਤਾਂ ਜੋ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਆਰਥਿਕ ਸਥਿਤੀ ਹੋਰ ਬੇਹਤਰ ਹੋ ਸਕੇ। ਮੀਟਿੰਗ ਵਿੱਚ ਕਿਰਤ ਸਕੱਤਰ ਮਨਵੇਸ਼ ਸਿੰਘ ਸਿੱਧੂ, ਕਿਰਤ ਕਮਿਸ਼ਨਰ ਰਾਜੀਵ ਕੁਮਾਰ ਗੁਪਤਾ, ਜੁਆਇੰਟ ਡਾਇਰੈਕਟਰ ਆਫ ਫੈਕਟਰੀਜ਼ ਨਰਿੰਦਰ ਸਿੰਘ, ਸਹਾਇਕ ਵੈਲਫੇਅਰ ਕਮਿਸ਼ਨਰ ਗੌਰਵ ਪੁਰੀ, ਜੁਆਇੰਟ ਡਾਇਰੈਕਟਰ ਕੰਨੂ ਥਿੰਦ ਅਤੇ ਓਦਯੋਗ, ਵਿੱਤ ਤੇ ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

# ਰਾਗ ਨਾਦ ਸਬਦਿ ਸੋਹਣੇ

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਾਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ, **‘ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥’** ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ ਨੌਵੇਂ ਸਥਾਨ ’ਤੇ ਆਉਣ ਵਾਲੇ ਰਾਗ ‘ਸੋਰਠਿ’ ਬਾਰੇ...

## ਰਾਗ ਸੋਰਠਿ

**ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ॥**
**ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ॥**

ਭਾਵ, ਸੋਰਠਿ ਰਾਗਣੀ ਸਦਾ ਸੋਹਣੀ ਲੱਗਦੀ ਹੈ, ਜੇ ਇਸ ਦੇ ਰਾਹੀਂ ਪਰਮਾਤਮਾ ਦੇ ਗੁਣ ਗਾਉਂਦਿਆਂ ਸਦਾ ਥਿਰ ਪ੍ਰਭੂ ਮਨ ਵਿਚ ਵੱਸ ਆਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੀ ਰਾਗ ਤਰਤੀਬ ਵਿਚ ਗੁਰੂ ਅਰਜਨ ਦੇਵ ਪਾਤਸ਼ਾਹ ਨੇ ਰਾਗ ਸੋਰਠਿ ਨੂੰ ਨੌਵੇਂ ਮੁੱਖ ਰਾਗ ਵਜੋਂ ਮਾਨਤਾ ਦਿੱਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਰਾਗ ਪੰਨਾ ਨੰਬਰ 595 ਤੋਂ ਲੈ ਕੇ 659 ਤਕ ਸੁਸ਼ੋਭਿਤ ਹੈ। ਇਸ ਰਾਗ ਵਿਚ ਗੁਰੂ ਸਾਹਿਬਾਨ ਦੀ ਬਾਣੀ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਹੈ। ਭਗਤ ਸਾਹਿਬਾਨ ਵੱਲੋਂ ਉਚਾਰਣ ਕੀਤੀ ਗਈ ਬਾਣੀ ਵਿੱਚੋਂ ਭਗਤ ਕਬੀਰ ਜੀ, ਭਗਤ ਭੀਖਣ ਜੀ, ਨਾਮਦੇਵ ਜੀ, ਰਵਿਦਾਸ ਜੀ ਦੀ ਬਾਣੀ ਦਰਜ ਹੈ।

ਇਤਿਹਾਸਕ ਤੇ ਸੰਗੀਤਕ ਪੱਖ ਤੋਂ ਵਾਚੀਏ ਤਾਂ ਇਹ ਇਕ ਪ੍ਰਾਚੀਨ ਰਾਗ ਹੈ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ‘ਇਹ ਕਮਾਚਥਾਟ ਦਾ ਔੜਵ ਸੰਪੂਰਣ ਰਾਗ ਹੈ, ਭਾਵ ਆਰੋਹ ਵਿਚ ਪੰਜ ਸੁਰ ਅਤੇ ਅਵਰੋਹੀ ਵਿਚ ਸੱਤ ਸਵਰ ਲੱਗਦੇ ਹਨ। ਇਸ ਵਿਚ ਗੰਧਾਰ ਦੁਰਬਲ ਹੈ, ਰਿਸ਼ਭ ਵਾਦੀ ਅਤੇ ਧੈਵਤ ਸੰਵਾਦੀ ਹੈ। ਆਰੋਹ ਵਿਚ ਗੰਧਾਰ ਅਤੇ ਧੈਵਤ ਵਰਜਿਤ ਹਨ। ਨਿਸ਼ਾਧ ਸ਼ੁੱਧ ਅਤੇ ਕੋਮਲ ਦੋਵੇਂ ਲਗਾਏ ਜਾਂਦੇ ਹਨ। ਆਰੋਹ ਵਿਚ ਨਿਸ਼ਾਧ ਸ਼ੁੱਧ ਅਤੇ ਅਵਰੋਹ ਵਿਚ ਕੋਮਲ ਹੈ। ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ। •

98150-24920



# ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ

ਰੂਪ ਸਿੰਘ (ਡਾ.)



ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੇ ਆਪਣੀ ਹਸਤੀ ਤੇ ਸੁਤੰਤਰਤਾ ਨੂੰ ਪ੍ਰਗਟ ਕਰਨ ਲਈ ਝੰਡੇ-ਨਿਸ਼ਾਨ ਹੁੰਦੇ ਹਨ, ਜਿਨ੍ਹਾਂ ਨੂੰ ਅਦਬ ਨਾਲ ਝੁਲਾਇਆ ਜਾਂਦਾ ਹੈ, ਸਮੇਂ-ਸਮੇਂ ਸਲਾਮੀ ਦਿੱਤੀ ਜਾਂਦੀ ਹੈ। ਇਨ੍ਹਾਂ ਸਰਕਾਰੀ ਝੰਡਿਆਂ ਦੇ ਝੂਲਣ ਦੀ ਸਮਾਂ-ਹੱਦ ਨਿਸ਼ਚਿਤ ਹੁੰਦੀ ਹੈ, ਭਾਵ ਇਨ੍ਹਾਂ ’ਤੇ ਝੂਲਣ ਦੇ ਸਮੇਂ ਤੇ ਸਥਾਨ ਦਾ ਪ੍ਰਭਾਵ ਹੁੰਦਾ ਹੈ। ਸਰਕਾਰੀ ਝੰਡੇ ਆਪਣੀ ਸੀਮਾ ’ਚ ਝੁਲਾਏ ਜਾ ਸਕਦੇ ਹਨ ਤੇ ਆਮ ਤੌਰ ’ਤੇ ਸ਼ਾਮ ਵੇਲੇ ਇਨ੍ਹਾਂ ਨੂੰ ਉਤਾਰ ਲਿਆ ਜਾਂਦਾ ਹੈ। ਕਿਸੇ ਦੇਸ਼ ਦੇ ਪ੍ਰਮੁੱਖ ਨੇਤਾ ਦੇ ਅਕਾਲ ਚਲਾਣੇ, ਕੁਦਰਤੀ ਕਰੋਪੀ ਜਾਂ ਵੱਡੀ ਘਟਨਾ ’ਤੇ ਇਹ ਝੰਡੇ ਝੁਕਾ ਦਿੱਤੇ ਜਾਂਦੇ ਹਨ ਪਰ ਸਿੱਖ ਕੌਮ ਦਾ ਕੇਸਰੀ ਪਰਚਮ ਹਰਖ-ਸੋਗ ਤੋਂ ਨਿਆਰਾ ਹੈ। ਇਹ ਕਿਸੇ ਵੀ ਹਾਲਤ ’ਚ, ਭਾਵੇਂ ਕਿਤਨੀ ਵੀ ਦੁਖਦਾਈ ਘਟਨਾ ਵਾਪਰ ਜਾਵੇ, ਚਾਹੇ ਘੱਲੂਘਾਰੇ ਵਾਪਰਨ, ਕੌਮੀ ਸ਼ਾਨ-ਮਾਣ ਦੇ ਪ੍ਰਤੀਕ ਨਿਸ਼ਾਨ ਸਾਹਿਬ ਪਾਤਸ਼ਾਹੀ ਝੰਡੇ ਝੁਕਾਏ ਨਹੀਂ ਜਾਂਦੇ। ਪੰਥਕ ਨਿਸ਼ਾਨ ਸਾਹਿਬ ਸਮੇਂ-ਸਥਾਨ ਦੀਆਂ ਹੱਦਾਂ ਤੋਂ ਸੁਤੰਤਰ ਹੈ। ਸਿੱਖ ਧਰਮ ’ਚ ਝੰਡੇ ਤੋਂ ਭਾਵ ‘ਨਿਸ਼ਾਨ ਸਾਹਿਬ’ ਤੋਂ ਹੈ। ਇਸ ਲੇਖ ’ਚ ਅਸੀਂ ਨਿਸ਼ਾਨ ਸਾਹਿਬ ਦੇ ਸੰਕਲਪ, ਸਿਧਾਂਤ, ਸਰੂਪ ਤੇ ਇਤਿਹਾਸਕ ਪੱਖ ਬਾਰੇ ਸਮਝਣ ਦਾ ਯਤਨ ਕਰ ਰਹੇ ਹਾਂ।

‘ਨਿਸ਼ਾਨ’ ਸ਼ਬਦ ਫ਼ਾਰਸੀ ਭਾਸ਼ਾ ਦਾ ਹੈ, ਜਿਸ ਦਾ ਅਰਥ ਹੈ ਝੰਡਾ, ਧਵੱਜ, ਧੁਜਾ ਹੈ ਅਤੇ ‘ਸਾਹਿਬ’ ਸ਼ਬਦ ਸਤਿਕਾਰ-ਵਾਚਕ ਹੈ। ਗੁਰਦੁਆਰਾ ਸਾਹਿਬਾਨ ’ਤੇ ਝੂਲਦੇ ਕੇਸਰੀ ਪਰਚਮ ਸੁਤੰਤਰ ਸਿੱਖ ਹੋਂਦ ਦੇ ਪ੍ਰਤੀਕ ਹਨ। ਗੁਰੂ ਸਰਬ-ਸਮਰੱਥ ਤੇ ਸਭ ਦਾ ਸਾਂਝਾ ਹੈ। ਇਸ ਲਈ ਗੁਰੂ-ਘਰ ਜਾਂ ਗੁਰਦੁਆਰੇ ਵੀ ਸਭ ਦੇ ਸਾਂਝੇ ਹਨ, ਸਰਬੱਤ ਦੇ ਭਲੇ ਵਾਸਤੇ ਹਨ, ਜਿਨ੍ਹਾਂ ’ਤੇ ਸਮੇਂ-ਸਥਾਨ ਦਾ ਪ੍ਰਭਾਵ ਨਹੀਂ ਪੈਂਦਾ। ਇਸ ਲਈ ਗੁਰਦੁਆਰਾ ਸਾਹਿਬਾਨ ਵਿਖੇ ਲੱਗਾ ਨਿਸ਼ਾਨ ਸਾਹਿਬ ਦਿਨ-ਰਾਤ ਝੂਲਦਾ ਰਹਿੰਦਾ ਹੈ। ਨਿਸ਼ਾਨ ਸਾਹਿਬ ਗੁਰਦੁਆਰਾ ਸਾਹਿਬ ਦੀ ਪਛਾਣ ਤੇ ਸ਼ਾਨ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਦੁਆਰੇ ’ਚ ਨਿਸ਼ਾਨ ਸਾਹਿਬ ਉੱਚੀ ਥਾਂ ’ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਤੇ ਇਸ ਦੇ ਸਿਰੇ ਉੱਤੇ ਸਰਬਲੋਹ ਦਾ ਖੰਡਾ ਹੋਵੇ। ਗੁਰਦੁਆਰਾ ਸਾਹਿਬਾਨ ਦੀ ਨਿਸ਼ਾਨਦੇਹੀ ਵਜੋਂ ਹਰ ਸਮੇਂ ਝੂਲਦਾ ਕੇਸਰੀ ਪਰਚਮ ਕੇਵਲ ਕੁਝ ਮੀਟਰ ਦਾ ਕੱਪੜਾ ਹੀ ਨਹੀਂ, ਇਹ ਹਰ ਸਮੇਂ-ਪੁਕਾਰ-ਪੁਕਾਰ ਕੇ ਇਹ ਕਹਿ ਰਿਹਾ ਹੁੰਦਾ ਹੈ :

**‘ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥’**

ਜਾਤ-ਪਾਤ, ਧਰਮ, ਨਸਲ, ਖਿੱਤੇ, ਭਾਸ਼ਾ, ਪਹਿਰਾਵੇ ਆਦਿ ਦੀਆਂ ਪਾਬੰਦੀਆਂ ਤੋਂ ਉੱਪਰ ਉੱਠ ਕੇ ਕੇਸਰੀ ਪਰਚਮ ਬੁਲੰਦ ਆਵਾਜ਼ ’ਚ ਨਿਰੰਤਰ ਇਹ ਪੁਕਾਰ ਲਗਾਉਂਦਾ ਹੈ ਕਿ ਆਓ! ਜੇ ਤੁਸੀਂ ਭੁੱਖੇ-ਪਿਆਸੇ ਹੋ ਤਾਂ ਏਥੇ ਤੁਹਾਡੀ ਭੁੱਖ-ਪਿਆਸ ਦੂਰ ਹੋਵੇਗੀ, ਬਿਮਾਰ ਹੋ ਤਾਂ ਏਥੇ ਤੁਹਾਡੇ ਵਾਸਤੇ ਦਵਾ-ਦਾਰੂ ਦਾ ਪ੍ਰਬੰਧ ਹੈ, ਥੱਕ ਚੁੱਕੇ ਰਾਹੀ ਹੋ ਤਾਂ ਇਥੇ ਗੁਰੂ ਦੀ ਗੋਦ ’ਚ ਆਰਾਮ ਫਰਮਾ ਸਕਦੇ ਹੋ, ਜੇ ਮਜ਼ਲੂਮ, ਲਤਾੜੇ, ਨਿਮਾਣੇ ਹੋ ਤਾਂ ਇਥੇ ਰੂਹਾਨੀ ਸ਼ਕਤੀ ਦਾ ਲੋਹਮਈ ਦੁਰਗ (ਕਿਲ੍ਹਾ) ਮਿਲੇਗਾ, ਜੇ ਅਧਿਆਤਮਕ ਤ੍ਰਿਪਤੀ ਚਾਹੁੰਦੇ ਹੋ ਤਾਂ ਤੁਹਾਨੂੰ ਬ੍ਰਹਿਮੰਡੀ ਆਤਮਿਕ ਖ਼ੁਰਾਕ ਦੀ ਪ੍ਰਾਪਤੀ ਹੋਵੇਗੀ, ਭਾਵ ਨਿਸ਼ਾਨ ਸਾਹਿਬ ਜਿਸ ਜਗ੍ਹਾ ਵੀ ਝੂਲ ਰਿਹਾ ਹੈ, ਉਹ ਅਜਿਹੀ ਪ੍ਰਭੂਸੱਤਾ ਸੰਪੰਨ ਖ਼ੁਦਮੁਖ਼ਤਾਰ ਸੰਸਥਾ ਹੈ, ਜਿੱਥੇ ਜਗਿਆਸੂ ਦੀ ਸੰਸਾਰਿਕ ਤੇ ਅਧਿਆਤਮਿਕ ਤ੍ਰਿਪਤੀ ਹੁੰਦੀ ਹੈ। ਇਹ ਉੱਚੇ ਸਥਾਨ ’ਤੇ ਇਸ ਲਈ ਝੁਲਾਇਆ ਜਾਂਦਾ ਹੈ ਤਾਂ ਕਿ ਇਸ ਦੀ ਇਤਿਹਾਸਿਕ, ਧਾਰਮਿਕ, ਸਮਾਜਿਕ ਪਵਿੱਤਰਤਾ ਬਰਕਰਾਰ ਰਹੇ ਤੇ ਲੋੜਵੰਦ ਨੂੰ ਇਹ ਦੂਰੋਂ ਦਿਖਾਈ ਦੇ ਸਕੇ।

ਨਿਸ਼ਾਨ ਸਾਹਿਬ ਵਾਸਤੇ ਗੁਰਮਤਿ ਸਾਹਿਤ ਵਿਚ ਸ਼ਬਦ ‘ਨਿਸ਼ਾਨ’, ‘ਨੀਸਾਣ’, ‘ਝੰਡਾ’, ‘ਧਵੱਜ’, ‘ਧੁਜਾ’, ‘ਕੇਤ’ ਆਦਿ ਮਿਲਦੇ ਹਨ। ਇਸ ਨੂੰ ‘ਅਕਾਲੀ ਧੁਜਾ’ ਵੀ ਕੇਹਾ ਜਾਂਗਾ ਹੈ। ਨਿਸ਼ਾਨ ਸਾਹਿਬ ਦਾ ਬਾਂਸ, ਬੱਲੀ, ਲੋਹੇ, ਤਾਂਬੇ ਸੁਨਹਿਰੀ ਪੱਤਰਿਆਂ ਵਾਲਾ ਪਾਈਪ ਮਜ਼ਬੂਤੀ ਦਾ ਪ੍ਰਤੀਕ ਹੈ, ਜੋ ਸਮੇਂ ਦੀਆਂ ਹਨੇਰੀਆਂ ਤੇ ਝੱਖੜਾਂ ਦਾ ਡਟ ਕੇ ਮੁਕਾਬਲਾ ਕਰ ਸਕੇ। ਨਿਸ਼ਾਨ ਸਾਹਿਬ ਦੇ ਥੜ੍ਹੇ ਦੀ ਮਜ਼ਬੂਤੀ ਸਿੱਖ ਕੌਮ ਦੇ ਇਰਾਦੇ ਦੀ ਮਜ਼ਬੂਤੀ ਦੀ ਪ੍ਰਤੀਕ ਹੈ। ਨਿਸ਼ਾਨ ਸਾਹਿਬ ਕੌਮੀ ਸ਼ਕਤੀ ਨੂੰ ਰੂਪਮਾਨ ਕਰਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਨਿਸ਼ਾਨ ਝੂਲਣ ਬਾਰੇ ਇਸ ਦਾ ਅਰੰਭਕ ਨਾਂ ‘ਅਕਾਲ ਧੁਜਾ’ ਜਾਂ ‘ਸਤਿਗੁਰੂ ਦਾ ਨਿਸ਼ਾਨ’ ਸੀ। ਜਿਸ ਬੁੰਗੇ ਦੇ ਨਜ਼ਦੀਕ ਇਹ ਨਿਸ਼ਾਨ ਸਾਹਿਬ ਸੁਸ਼ੋਭਿਤ ਕੀਤਾ ਗਿਆ, ਉਸ ਜਗ੍ਹਾ ਦਾ ਨਾਂ ‘ਝੰਡਾ ਬੁੰਗਾ’ ਪ੍ਰਚਲਿਤ ਹੋ ਗਿਆ। ਨਿਸ਼ਾਨ ਸਾਹਿਬ ਦੀ ਇਤਿਹਾਸਿਕਤਾ, ਮਹਾਨਤਾ ਦਾ ਅੰਦਾਜ਼ਾ ਅਰਦਾਸ ਦੇ ਇਨ੍ਹਾਂ ਸ਼ਬਦਾਂ ਤੋਂ ਲੱਗ ਜਾਂਦਾ ਹੈ ਜੋ ਹਰ ਗੁਰਸਿੱਖ ਸਵੇਰੇ-ਸ਼ਾਮ ਉਚਾਰਨ ਕਰਦਾ ਹੈ :

**‘ਚੌਂਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ।’**

ਨਿਸ਼ਾਨ ਸਾਹਿਬ ਦੇ ਪੁਸ਼ਾਕੇ ਨੂੰ ਬਦਲਣ ਸਮੇਂ ਪੁਸ਼ਾਕੇ ਦੀ ਸੇਵਾ ਲਈ ਵਾਰੀ ਦੀ ਉਡੀਕ ਬਾਰੇ ਜੋ ਉਤਸੁਕਤਾ ਗੁਰਸਿੱਖਾਂ ਅੰਦਰ ਰਹਿੰਦੀ ਹੈ, ਉਸ ਤੋਂ ਵੀ ਨਿਸ਼ਾਨ ਸਾਹਿਬ ਦੀ ਧਾਰਮਿਕ ਤੇ ਇਤਿਹਾਸਿਕ ਮਹੱਤਤਾ ਦਾ ਪਤਾ ਚੱਲਦਾ ਹੈ। ਨਿਸ਼ਾਨ ਸਾਹਿਬ ਦੀ ਲੰਬਾਈ ਜਾਂ ਉਚਾਈ ਨਿਸ਼ਚਿਤ ਨਹੀਂ ਹੈ ਪਰ ਇਹ ਦੂਰੋਂ ਦਿਖਾਈ ਦੇਣਾ ਚਾਹੀਦਾ ਹੈ ਤਾਂ ਜੋ ਜਗਿਆਸੂ ਲੋੜਵੰਦਾਂ ਨੂੰ ਇਸ ਤੀਕ ਪਹੁੰਚਣ ਦੀ ਸੇਧ ਮਿਲ ਸਕੇ। ਮੀਰੀ-ਪੀਰੀ ਦੇ ਨਿਸ਼ਾਨ ਸਾਹਿਬ ਦੀ ਲੰਬਾਈ ਲਗਪਗ 101 ਫੁੱਟ ਹੈ। ਬਸੰਤੀ ਜਾਂ ਸੁਰਮਈ ਰੰਗ ਪਿੱਛੇ ਵੀ ਇਹੋ ਕਾਰਨ ਹੋਵੇ ਕਿ ਇਹ ਦੂਰ ਤੋਂ ਦਿਖਾਈ ਦੇ ਸਕਦਾ ਹੈ। ਨਿਸ਼ਾਨ ਸਾਹਿਬ ’ਤੇ ਖੰਡੇ ਦਾ ਚਿੰਨ੍ਹ ਹੁੰਦਾ ਹੈ। ਖੰਡਾ ਇਕ ਸ਼ਸਤਰ ਹੈ, ਜੋ ਸ਼ਕਤੀ ਦਾ ਪ੍ਰਤੀਕ ਹੈ, ਖੰਡੇ ਦਾ ਨਿਸ਼ਾਨ ਸਾਹਿਬ ਦੇ ਸਿਰੇ ’ਤੇ ਹੋਣਾ ਇਸ ਦੇ ਰੂਹਾਨੀ ਤੇਜ਼ ਤੇ ਸਤਿਕਾਰ ਦਾ ਸੂਚਕ ਹੈ। ਮੀਰੀ-ਪੀਰੀ ਦੀਆਂ ਕਿਰਪਾਨਾਂ ਰਾਜ ਯੋਗ ਦੇ ਪ੍ਰਤੀਕ ਵਜੋਂ ਨਿਸ਼ਾਨ ਸਾਹਿਬ ’ਤੇ ਅੰਕਿਤ ਕੀਤੀਆਂ ਗਈਆਂ, ਚੁਫੇਰੇ ਬ੍ਰਹਿਮੰਡੀ ਵਿਚਾਰਧਾਰਾ ਦਾ ਚੱਕਰ ਤੇ ਦਰਮਿਆਨ ਅਕਾਲੀ ਸ਼ਕਤੀ ਦਾ ਪ੍ਰਤੀਕ ਖੰਡਾ ਲਗਾਇਆ ਗਿਆ ਹੈ। ਖੰਡਾ ਅਕਾਲ ਪੁਰਖ ਦੀ ਸ਼ਕਤੀ ਦਾ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਵਿਚ ਇਸ ਨੂੰ ਦ੍ਰਿੜ੍ਹ ਕਰਨ ਲਈ ਸਪਸ਼ਟ ਕੀਤਾ ਹੈ :

**ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੰਸਾਰ ਉਪਾਇਆ॥**

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਮੀਰੀ-ਪੀਰੀ ਦੇ ਦੋ ਨਿਸ਼ਾਨ ਸਾਹਿਬ ਝੂਲਦੇ ਆਏ ਹਨ। ਜੇ ਅਸੀਂ ਗੁਰਬਾਣੀ ਦੀ ਰੋਸ਼ਨੀ ਵਿਚ ਨਿਸ਼ਾਨ ਸਾਹਿਬ ਦੇ ਇਤਿਹਾਸ ਨੂੰ ਦੇਖੀਏ ਤਾਂ ਬਹੁਤ ਸਾਰੇ ਹਵਾਲੇ ਮਿਲਦੇ ਹਨ ਕਿ ਮੀਰੀ ਦੇ ਨਿਸ਼ਾਨ ਸਾਹਿਬ ਤੋਂ ਪਹਿਲਾਂ ਹੀ ਪੀਰੀ ਦਾ ਨਿਸ਼ਾਨ ਸਾਹਿਬ ਝੁੱਲਦਾ ਸੀ। ਭੱਟ ਕਲਸਹਾਰ ਦੇ ਹਵਾਲੇ ਨਾਲ ਅਸੀਂ ਕਹਿ ਸਕਦੇ ਹਾਂ ਕਿ ਗੋਇੰਦਵਾਲ ਸਾਹਿਬ ਵਿਖੇ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਸਿੱਖੀ ਦਾ ਪਰਚਮ ਝੁਲਦਾ ਸੀ :

**ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ॥**

ਇਹ ਧੁਜਾ (ਨਿਸ਼ਾਨ ਸਾਹਿਬ) ਜੋ ਗੁਰੂ ਨਾਨਕ ਸਾਹਿਬ ਨੇ ਰਾਜ ਚਲਾਇਆ, ਉਸ ਦਾ ਪ੍ਰਤੀਕ ਸੀ :

**ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥**

ਗੁਰੂ ਰਾਮਦਾਸ ਜੀ ਤੇ ਸ਼ਹੀਦਾਂ ਦੇ ਸਿਰਤਾਜ ਬਾਣੀ ਦੇ ਬੋਹਿਥ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਵੀ ਧਰਮ ਧੁਜਾ ਝੁੱਲਦਾ ਰਿਹਾ ਹੈ :

**ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ॥**

ਭੱਟ ਸਾਹਿਬਾਨ ਦੀ ਪਾਵਨ ਬਾਣੀ ਅਨੁਸਾਰ ਸਿੱਖ ਧਰਮ ਦਾ ਝੰਡਾ ਪਾਪ ਨਾਸ਼ਕ ਤੇ ਪਵਿੱਤਰ ਹੈ, ਜਿਸ ਦਾ ਸਫ਼ੈਦ ਰੰਗ ਇਸ ਦੀ ਨਿਰਮਲਤਾ ਤੇ ਸਪਸ਼ਟਤਾ ਦਾ ਪ੍ਰਤੀਕ ਹੈ :

**ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ**
**ਅਘ ਪੁੰਜ ਤਰੰਗ ਨਿਵਾਰਨ ਕਉ॥**

ਭਾਈ ਨੰਦ ਲਾਲ ਜੀ ‘ਜੋਤਿ ਬਿਗਾਸ’ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦੇ ਝੰਡੇ ਨੂੰ ਸਭ ਤੋਂ ਉੱਚਾ ਦੱਸਦੇ ਹਨ :

**ਹਮਾ ਖ਼ਾਸਗਾਂ ਰਾ ਬਪਾਇਸ਼ ਫ਼ਗੰਦ॥**
**ਮੁਜ਼ੱਫ਼ਰ ਲਵਾ ਆਮਦਾ ਦੇਵ ਬੰਦ॥**

ਭਾਵ, ਸਾਰੇ ਪੀਰ, ਪੈਗ਼ੰਬਰ, ਨਬੀ ਤੇ ਅਉਲੀਏ ਆਦਿ ਉਨ੍ਹਾਂ (ਗੁਰੂ ਨਾਨਕ ਸਾਹਿਬ) ਦੇ ਚਰਨੀਂ ਪਏ ਤੇ ਸਮੇਂ ਦੀਆਂ ਸਾਰੀਆਂ ਬੁਰਾਈਆਂ ਨੂੰ ਦੂਰ ਕਰ ਕੇ ਗੁਰੂ ਨਾਨਕ ਸਾਹਿਬ ਜੀ ਦਾ ਵਿਜਈ ਝੰਡਾ ਹੀ ਜਗਤ ਵਿਚ ਸਭ ਤੋਂ ਉੱਚਾ ਹੋਇਆ ਹੈ। ਇਸੇ ਧਰਮ ਧੁਜਾ ਬਾਰੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਹਾਂਵਾਕ ਹੈ :

**ਜਹ ਤਹ ਧਰਮ ਧੁਜਾ ਫਹਰਾਈ॥**
**ਚੋਰ ਜਾਰ ਨਹ ਦੇਤ ਦਿਖਾਈ॥**

ਜਿੱਥੇ ਧਰਮ ਦਾ ਨਿਸ਼ਾਨ ਸਾਹਿਬ ਝੂਲਦਾ ਹੈ, ਉੱਥੇ ਚੋਰਾਂ ਨਹੀਂ, ਧਰਮੀ ਪੁਰਖਾਂ ਦਾ ਹੀ ਵਾਸ ਹੋਵੇਗਾ।



ਨਿਸ਼ਾਨ ਜਾਂ ਝੰਡੇ ਵੱਖ-ਵੱਖ ਦੇਸ਼ਾਂ ਦੀ ਸੁਤੰਤਰ ਹੋਂਦ, ਕੌਮਾਂ, ਰਾਜਸੀ ਪਾਰਟੀਆਂ ਦੇ ਪਛਾਣ ਚਿੰਨ੍ਹ, ਧਰਮ ਦੀ ਅਲੱਗ ਹੋਂਦ ਤੇ ਪਛਾਣ ਦੇ ਚਿੰਨ੍ਹ ਹੁੰਦੇ ਹਨ। ਵੱਖ-ਵੱਖ ਦੇਸ਼ਾਂ, ਰਾਜਾਂ, ਕੌਮਾਂ, ਧਰਮਾਂ, ਰਿਆਸਤਾਂ ਦੀ ਪਛਾਣ ਉਨ੍ਹਾਂ ਦੇ ਝੰਡਿਆਂ ਦੇ ਨਿਸ਼ਾਨ ਤੋਂ ਹੁੰਦੀ ਹੈ। ਭਾਰਤੀ ਪਰੰਪਰਾ ਅਨੁਸਾਰ ਵਿਸ਼ਨੂੰ ਜੀ ਦੇ ਝੰਡੇ ਉੱਤੇ ਗਰੁੜ ਦਾ ਨਿਸ਼ਾਨ, ਸ਼ਿਵ ਜੀ ਦੇ ਝੰਡੇ ’ਤੇ ਤ੍ਰਿਸ਼ੂਲ ਦਾ ਨਿਸ਼ਾਨ ਹੈ, ਉਨ੍ਹਾਂ ਦੀ ਚਿਹਨਕ ਵਿਆਖਿਆ ਕਰਦੇ ਹਨ। ਗ਼ੁਲਾਮੀ ਸਮੇਂ ਭਾਰਤ ’ਤੇ ਅੰਗਰੇਜ਼ ਸਾਮਰਾਜ ਦਾ ਝੰਡਾ ਯੂਨੀਅਨ ਜੈਕ ਝੂਲਦਾ ਸੀ। ਦੇਸ਼ ਦੀ ਵੰਡ ਹੋਣ ’ਤੇ ਭਾਰਤ ’ਚ ਤਿਰੰਗਾ ਤੇ ਪਾਕਿਸਤਾਨ ’ਤੇ ਚੰਨ-ਤਾਰੇ ਵਾਲਾ ਝੰਡਾ ਝੂਲਣਾ ਸ਼ੁਰੂ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਦਸਮ ਗ੍ਰੰਥ ਵਿਚ ਅਕਾਲ ਪੁਰਖ ਦੀ ਦਰਗਾਹ ’ਚ ਵੀ ਨਿਸ਼ਾਨ ਝੂਲਦਾ ਫੁਰਮਾਉਂਦੇ ਹਨ :

**ਸ੍ਰੀ ਅਸਿ ਕੇਤ ਜਗਤ ਕੇ ਈਸਾ॥**

ਭਾਵ, ਅਕਾਲ ਪੁਰਖ ਦੇ ਝੰਡੇ ਉੱਪਰ ਕਿਰਪਾਨ-ਤਲਵਾਰ ਦੀ ਨਿਸ਼ਾਨੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਤੇ ਸੈਨਿਕ ਦਲਾਂ ਦੇ ਅੱਗੇ ਨਿਸ਼ਾਨ ਲੈ ਕੇ ਚੱਲਣ ਦੀ ਪਰੰਪਰਾ ਹੈ। ਕੌਮੀ ਸਮਾਗਮਾਂ, ਰਾਸ਼ਟਰੀ ਤੇ ਅੰਤਰਰਾਸ਼ਟਰੀ ਸਿਖਲਾਈ ਕੈਂਪਾਂ ਸਮੇਂ ਨਿਸ਼ਾਨ ਸਾਹਿਬ ਨੂੰ ਸਲਾਮੀ ਦਿੱਤੀ ਜਾਂਦੀ ਹੈ। ਨਿਸ਼ਾਨ ਸਾਹਿਬ ਸੁਤੰਤਰ ਹੋਂਦ ਦਾ ਪ੍ਰਤੀਕ ਹੈ, ਇਹੀ ਕਾਰਨ ਹੈ ਕਿ ਜਹਾਂਗੀਰ ਨੂੰ ਧਰਮ ਧੁਜਾ ਗੁਰੂ ਅਰਜਨ ਦੇਵ ਜੀ ਪ੍ਰਵਾਨ ਨਹੀਂ ਸਨ। ਉਸ ਨੇ ‘ਯਾਸਾ ਕਾਨੂੰਨ’ ਤਹਿਤ ਉਨ੍ਹਾਂ ਨੂੰ ਸ਼ਹੀਦ ਕਰਵਾ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ ’ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਮੀਰੀ-ਪੀਰੀ ਦੀਆਂ ਕਿਰਪਾਨਾਂ ਧਾਰਨ ਕੀਤੀਆਂ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰ ਕੇ ਇਸ ਰੂਹਾਨੀ ਸੰਸਥਾ ਨੂੰ ਸਤਿਕਾਰ ਬਖ਼ਸ਼ਿਸ਼ ਕੀਤਾ। ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਃ ਗਿਆਨੀ ਕਿਰਪਾਲ ਸਿੰਘ ਅਨੁਸਾਰ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਇਮਾਰਤ ਤਿਆਰ ਹੋਈ ਤਦ ਤੋਂ ਇਸ ’ਤੇ ਬਾਂਸ ਦਾ ਝੰਡਾ ਖੜ੍ਹਾ ਕੀਤਾ ਗਿਆ। ਹਰਿਮੰਦਰ ਸਾਹਿਬ ਦੇ ਸਨਮੁਖ ਝੂਲਦੇ ਨਿਸ਼ਾਨ ਸਾਹਿਬ ਬਾਰੇ ਇਤਿਹਾਸਿਕ ਹਵਾਲੇ ਮਿਲਦੇ ਹਨ ਕਿ ਪਹਿਲਾਂ ਇਹ ਬਾਂਸ ਦੇ ਸਨ, ਫਿਰ ਸੰਮਤ 1840 (1783 ਈਸਵੀ) ’ਚ ਮਹੰਤ ਪ੍ਰੀਤਮ ਦਾਸ ਤੇ ਮਹੰਤ ਸੰਤੋਖ ਦਾਸ ਨੇ ਦੇਹਰਾਦੂਨ ਤੋਂ ਦਰੱਖ਼ਤ ਦੀ ਲੰਬੀ ਪੋਰੀ (ਵਲ੍ਹਾ) ਝੰਡੇ ਵਾਸਤੇ ਬੜੇ ਤਰੱਦਦ ਨਾਲ ਲੈ ਕੇ ਆਏ ਤੇ ਨਿਸ਼ਾਨ ਸਾਹਿਬ ਝੁਲਾਇਆ। ਸੰਮਤ 1877 (1820 ਈਸਵੀ) ’ਚ ਸਰਦਾਰ ਦੇਸਾ ਸਿੰਘ ਮਜੀਠੀਏ ਨੇ ਲੋਹੇ ਦਾ ਨਿਸ਼ਾਨ ਸਾਹਿਬ ਬਣਵਾ ਕੇ ਤਾਂਬੇ ’ਤੇ ਸੁਨਹਿਰੀ ਵਰਕ ਚੜ੍ਹਵਾ ਦਿੱਤੇ। ਸੰਮਤ 1897 (1840 ਈਸਵੀ) ’ਚ ਆਏ ਤੂਫ਼ਾਨ ਕਾਰਨ ਇਸ ਨਿਸ਼ਾਨ ਸਾਹਿਬ ਨੂੰ ਨੁਕਸਾਨ ਪਹੁੰਚਿਆ ਤਾਂ ਮਹਾਰਾਜਾ ਸ਼ੇਰ ਸਿੰਘ ਨੇ ਪਹਿਲੇ ਨਿਸ਼ਾਨ ਸਾਹਿਬ ਦੀ ਮੁਰੰਮਤ ਕਰਵਾਈ ਤੇ ਦੂਸਰਾ ਨਿਸ਼ਾਨ ਸਾਹਿਬ ਵੀ ਚੜ੍ਹਾ ਦਿੱਤਾ। 1962 ਵਿਚ ਦੋਵੇਂ ਨਿਸ਼ਾਨ ਸਾਹਿਬ ਖਸਤਾ ਹੋਣ ਕਾਰਨ ਨਵੇਂ ਨਿਸ਼ਾਨ ਸਾਹਿਬ ਝੁਲਾਏ ਗਏ।

ਮੁਗ਼ਲ ਹਕੂਮਤ ਸਮੇਂ ਗ਼ੈਰ-ਮੁਸਲਮਾਨਾਂ ਨੂੰ ਧਾਰਮਿਕ, ਸਮਾਜਿਕ, ਰਾਜਸੀ ਤੇ ਆਰਥਿਕ ਰੂਪ ’ਚ ਦਬਾਅ ਕੇ ਰੱਖਿਆ ਜਾਂਦਾ ਸੀ। ਘੋੜੇ ਦੀ ਸਵਾਰੀ, ਮੰਦਰਾਂ ’ਚ ਟੱਲ ਖੜਕਾਉਣ, ਧਰਮ ਨਾਲ ਸਬੰਧ, ਨਿਸ਼ਾਨ ਝੰਡਾ ਝੁਲਾਉਣ, ਦਸਤਾਰ ਸਜਾਉਣ ਤੇ ਦਾੜ੍ਹੀ-ਕੇਸ ਰੱਖਣ ’ਤੇ ਪਾਬੰਦੀ ਸੀ। ਭਾਰਤ ਬਹੁਗਿਣਤੀ ਨੇ ਇਨ੍ਹਾਂ ਪਾਬੰਦੀਆਂ ਨੂੰ ਸਵੀਕਾਰ ਕਰ ਲਿਆ। ਮੁਗ਼ਲ ਹਕੂਮਤ ਦੇ ਸਾਹਮਣੇ ਸਮਰਪਣ ਕਰ ਦਿੱਤਾ। ਜਿਸ ਸਮੇਂ ਦੂਸਰੇ ਧਰਮਾਂ ਦੇ ਮੰਨਣ ਵਾਲਿਆਂ ਨੂੰ ਧਰਮ ਦੀ ਗੱਲ ਕਰਨ ਦੀ ਮਨਾਹੀ ਹੋਵੇ, ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰਨਾ ਹਕੂਮਤ ਨੂੰ ਸਿੱਧੀ ਵੰਗਾਰ ਸੀ, ਬਗ਼ਾਵਤ ਸੀ, ਰਾਜ ਵਿਚ ਰਾਜ ਦੀ ਸਥਾਪਤੀ ਸੀ। ਨਿਸ਼ਾਨ ਸਾਹਿਬ ’ਤੇ ਸ਼ੋਭਨੀਕ ਖੰਡਾ, ਬਸੰਤੀ ਸੁਰਮਈ ਰੰਗ, ਫਰਹੇ ’ਤੇ ਦੋ ਕਿਰਪਾਨਾਂ, ਖੰਡੇ ਤੇ ਚੱਕਰ ਸਮੇਤ ਝੂਲਦੇ ਨਿਸ਼ਾਨ ਸਾਹਿਬ ਵੇਖ ਕੇ ਸ਼ਰਧਾਲੂ ਆਸਥਾ ਨਾਲ ਸਿਰ ਝੁਕਾਉਂਦਾ ਹੈ ਤੇ ਦੁਸ਼ਮਣ ਸਮਝ ਜਾਂਦਾ ਹੈ ਕਿ ਜਿਸ ਕੌਮ ਦਾ ਇਹ ਝੰਡਾ ਹੈ ਉਹ ਸ਼ਸਤਰਧਾਰੀ ਅਕਾਲ ਨੂੰ ਪੂਜਣ ਵਾਲੀ ਹੈ।

ਸਰਬਲੋਹ ਦਾ ਖੰਡਾ ਅਕਾਲੀ ਸ਼ਕਤੀ ਦਾ ਪ੍ਰਤੀਕ ਹੈ। ਇਹੀ ਕਾਰਨ ਹੈ ਨਿਸ਼ਾਨ ਸਾਹਿਬ ਨੂੰ ਅਕਾਲੀ ਧੁਜਾ ਵੀ ਆਖਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ ਦੇ ਯੁੱਧ ਉਪਰੰਤ ਸ਼ਹੀਦ ਸਿੰਘਾਂ ਦੀ ਯਾਦ ’ਚ ਨਿਸ਼ਾਨ ਸਾਹਿਬ ਝੁਲਾਇਆ। ਗੁਰੂ ਸਾਹਿਬ ਨੇ ਜਿਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਜ਼ੁਲਮ ਦੀ ਨੀਂਹ ਪੁੱਟਣ ਦਾ ਸੰਦੇਸ਼ ਦਿੱਤਾ ਤਾਂ ਉਸ ਨੂੰ ਪੰਜ ਸਿੰਘਾਂ ਦੀ ਅਗਵਾਈ, ਪੰਜ ਤੀਰ ਤੇ ਨਿਸ਼ਾਨ ਸਾਹਿਬ ਵੀ ਬਖ਼ਸ਼ਿਸ਼ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫ਼ਤਹਿ ਕਰਨ ਉਪਰੰਤ ਫ਼ਤਹਿਗੜ੍ਹ ਸਾਹਿਬ ਦੀ ਧਰਤੀ ’ਤੇ ਨਿਸ਼ਾਨ ਸਾਹਿਬ ਝੁਲਾਇਆ। ਬਾਬਾ ਬੰਦਾ ਸਿੰਘ ਬਹਾਦਰ ਤੇ ਸਾਥੀ ਸਿੰਘਾਂ ਨੇ ਇਸ ਕੌਮੀ ਨਿਸ਼ਾਨ ਨੂੰ ਝੂਲਦਾ ਰੱਖਣ ਲਈ ਬੇਹੱਦ ਤਸ਼ੱਦਦ ਸਹਾਰੇ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਸ਼ਕਤੀ ਨੂੰ ਸੰਗਠਿਤ ਕਰ ਕੇ ਲਾਹੌਰ ਦੇ ਸ਼ਾਹੀ ਕਿਲ੍ਹੇ ’ਤੇ 50 ਸਾਲ ਕੇਸਰੀ ਪਰਚਮ ਝੁਲਾਇਆ। ਸ. ਹਰੀ ਸਿੰਘ ਨਲਵਾ ਦੁਆਰਾ ਜਮਰੌਦ ਦੀ ਮੁਹਿੰਮ ਸਮੇਂ ਕਹੇ ਗਏ ਸ਼ਬਦ ਸਪਸ਼ਟ ਕਰਦੇ ਹਨ ਕਿ ਝੂਲਦੇ ਹੋਏ ਨਿਸ਼ਾਨ ਅਣਖੀ ਕੌਮਾਂ ਦੀ ਚੜ੍ਹਦੀ ਕਲ੍ਹਾ ਦੇ ਪ੍ਰਤੀਕ ਹੁੰਦੇ ਹਨ :

**ਰਹੇ ਸਿੱਖੀ ਝੰਡਾ ਝੂਲਦਾ ਉੱਚਾ ਅਸਮਾਨੀਂ,**
**ਇਹ ਝੰਡਾ ਗੈਰਾਂ ਸਾਮ੍ਹਣੇ ਨਹੀਂ ਕਦੇ ਝੁਕਾਉਣਾ।**

ਖ਼ਾਲਸਾ-ਪੰਥ ਨੇ ਹਮੇਸ਼ਾ ਕੇਸਰੀ ਨਿਸ਼ਾਨ ਸਾਹਿਬ ਹੇਠ ਇਕੱਤਰ ਹੋ ਕੇ ਪੰਥਕ ਏਕਤਾ ਦਾ ਸਬੂਤ ਦਿੱਤਾ ਤੇ ਕੌਮ ਦੇ ਵੱਡੇ ਟੀਚੇ ਸਰ ਕੀਤੇ। ਵਿਧਾਤਾ ਸਿੰਘ ਤੀਰ ਦੇ ਸ਼ਬਦਾਂ ’ਚ ਇਸ ਝੰਡੇ ਹੇਠ ਹੀ ਖ਼ਾਲਸਾ ਪੰਥ ਦਾ ਵਿਕਾਸ ਹੋਇਆ ਹੈ :

**ਇਸ ਝੰਡੇ ਹੇਠਾਂ ਖ਼ਾਲਸਾ ਫਲਿਆ ਤੇ ਫੁੱਲਿਆ।**
**ਇਸ ਝੰਡੇ ਹੇਠਾਂ ਖ਼ਾਲਸਾ ਤੇਗ਼ਾਂ ’ਤੇ ਤੁੱਲਿਆ।**
**ਇਸ ਝੰਡੇ ਹੇਠਾਂ ਖ਼ਾਲਸਾ ਰਾਹ ਕਦੇ ਨਾ ਭੁੱਲਿਆ।**
**ਇਸ ਝੰਡੇ ਹੇਠਾਂ ਪੰਥ ਦਾ ਰਲ ਕੇ ਲਹੂ ਡੁੱਲ੍ਹਿਆ।**

ਗੁਰੂ ਤੇਗ਼ ਬਹਾਦਰ ਸਾਹਿਬ ਜਦ ਕਿਸੇ ਸਿੱਖ ਨੂੰ ਮੁਖੀ ਪ੍ਰਚਾਰਕ ਸੇਵਾਦਾਰ ਥਾਪਦੇ ਤਾਂ ਉਸ ਨੂੰ ਹੋਰ ਨਿਸ਼ਾਨੀਆਂ ਤੋਂ ਇਲਾਵਾ ਨਿਸ਼ਾਨ ਸਾਹਿਬ ਦੀ ਬਖ਼ਸ਼ਿਸ਼ ਕਰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਫੇਰੂ ਮਸੰਦ ਦੀ ਪ੍ਰੇਮ ਭਾਵਨਾ ਦੇਖ ਕੇ ਉਸ ਨੂੰ ਦਸਤਾਰ, ਨਗਾਰਾ ਤੇ ਨਿਸ਼ਾਨ ਸਾਹਿਬ ਬਖ਼ਸ਼ਿਸ਼ ਕੀਤੇ। ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਨੂੰ ਧਰਮ ਧੁਜਾ ਕਹਿ ਇਕ ਅਕਾਲੀ ਰੂਪ ਪ੍ਰਗਟ ਕੀਤਾ, ਭਾਵ ਸਿੱਖ ਕੇਵਲ ਅਕਾਲ ਪੁਰਖ ਦਾ ਪੁਜਾਰੀ ਹੈ।

ਗੁਰਸਿੱਖਾਂ ’ਚ ਰਵਾਇਤ ਹੈ ਕਿ ਗੁਰੂ-ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨਾਂ ਉਪਰੰਤ ਨਿਸ਼ਾਨ ਸਾਹਿਬ ਨੂੰ ਸੀਸ ਝੁਕਾਅ ਕੇ ਸਤਿਕਾਰ ਦਿੱਤਾ ਜਾਂਦਾ ਹੈ। ਜੰਗਾਂ-ਯੁੱਧਾਂ ਸਮੇਂ ਨਿਸ਼ਾਨ ਸਾਹਿਬ ਸਿੱਖੀ ਦਾ ਪ੍ਰਤੀਕ ਬਣ ਪ੍ਰਗਟ ਹੋਇਆ। ਨਿਹੰਗ ਸਿੰਘ ਆਪਣੀਆਂ ਦਸਤਾਰਾਂ ਉੱਪਰ ਖੰਡੇ ਤੇ ਫਰਹੇ ਲਾਉਂਦੇ ਹਨ। ਇਹ ਉਨ੍ਹਾਂ ਦੀ ਆਜ਼ਾਦ ਹੋਂਦ, ਸੁਤੰਤਰ ਸੋਚ ਦਾ ਪ੍ਰਤੀਕ ਹੈ। ਮਿਸਲਾਂ ਵੇਲੇ ਇਕ ਮਿਸਲ ਦਾ ਨਾਂ ਨਿਸ਼ਾਨਾਂ ਵਾਲੀਆ (ਨਿਸ਼ਾਨਚੀ ਵਾਲੀ) ਮਿਸਲ ਸੀ, ਉਸ ਦੇ ਸਰਦਾਰ ਯੁੱਧ ਸਮੇਂ ਝੰਡਾ-ਬਰਦਾਰ ਹੁੰਦੇ ਸਨ। ਉਹ ਹਰ ਸਮੇਂ ਨਿਸ਼ਾਨ ਸਾਹਿਬ ਨੂੰ ਮੋਢੇ ’ਤੇ ਚੁੱਕ ਕੇ ਚੱਲਦੇ ਸਨ। ਅੱਜ ਵੀ ਕੋਈ ਨਗਰ ਕੀਰਤਨ ਨਿਸ਼ਾਨ ਸਾਹਿਬ ਤੋਂ ਬਿਨਾਂ ਨਹੀਂ ਚੱਲ ਸਕਦਾ। ਚੌਂਕੀਆਂ ਦੀ ਅਗਵਾਈ ਵੀ ਨਿਸ਼ਾਨ ਸਾਹਿਬ ਵਾਲਾ ਸਿੰਘ ਹੀ ਕਰਦਾ ਹੈ। ਨਿਸ਼ਾਨ ਸਾਹਿਬ ਨੂੰ ਸੀਸ ਝੁਕਾਣ ਪਿੱਛੇ ਅਮੀਰ ਪਰੰਪਰਾ, ਲਾਸਾਨੀ ਸਿਧਾਂਤ ਤੇ ਮਰਯਾਦਾ ਹੈ। ਨਿਸ਼ਾਨ ਸਾਹਿਬ ਆਜ਼ਾਦ ਸਿੱਖ ਹੋਂਦ ਤੇ ਵਿਲੱਖਣ ਕੌਮੀ ਪਛਾਣ ਦਾ ਪ੍ਰਤੀਕ ਹੈ, ਜਿਸ ਨੂੰ ਸਿਰ ਝੁਕਾਉਣਾ ਪੰਥਕ ਸੋਚ ਨੂੰ ਸਿਰ ਝੁਕਾਉਣਾ ਹੈ।

ਡਾ. ਜਸਵੰਤ ਸਿੰਘ ਨੇਕੀ ਅਨੁਸਾਰ ਅਨੰਦਪੁਰ ਸਾਹਿਬ ਦੀ ਦੂਸਰੀ ਲੜਾਈ ਸਮੇਂ ਭਾਈ ਆਲਮ ਸਿੰਘ ਝੰਡਾ-ਬਰਦਾਰ ਸਨ। ਉਹ ਬਹੁਤ ਅੱਗੇ ਲੰਘ ਗਏ ਤੇ ਜ਼ਾਲਮ ਦੇ ਘੇਰੇ ’ਚ ਆ ਗਏ। ਮੁਗ਼ਲ ਫ਼ੌਜਦਾਰਾਂ ਨੇ ਉਨ੍ਹਾਂ ਨੂੰ ਆਖਿਆ, ‘ਇਹ ਝੰਡਾ ਸੁੱਟ ਦੇ।’ ਭਾਈ ਸਾਹਿਬ ਦਾ ਜਵਾਬ ਸੀ, ‘ਇਹ ਝੰਡਾ ਮੇਰੀ ਇੱਜ਼ਤ ਹੈ, ਮੈਂ ਇਸ ਨੂੰ ਨਹੀਂ ਸੁੱਟ ਸਕਦਾ।’ ਫ਼ੌਜਦਾਰ ਕੜਕ ਕੇ ਬੋਲਿਆ, ‘ਤੇਰੇ ਹੱਥ ਵੱਢ ਦਿੱਤੇ ਜਾਣਗੇ।’ ਭਾਈ ਸਾਹਿਬ ਨੇ ਕਿਹਾ, ‘ਹੱਥ ਕੱਟੇ ਗਏ ਤਾਂ ਮੈਂ ਇਹ ਝੰਡਾ ਪੈਰਾਂ ਨਾਲ ਫੜ ਲਵਾਂਗਾ।’, ਫ਼ੌਜਦਾਰ ਨੇ ਫਿਰ ਕਿਹਾ, ‘ਤੇਰੇ ਪੈਰ ਵੀ ਕੱਟ ਦਿੱਤੇ ਜਾਣਗੇ।’ ਅੱਗੋਂ ਭਾਈ ਜੀ ਦਾ ਜਵਾਬ ਸੀ, ‘ਫਿਰ ਮੈਂ ਇਸ ਝੰਡੇ ਨੂੰ ਦੰਦਾਂ ਨਾਲ ਪਕੜ ਲਵਾਂਗਾ। ਇਹ ਮੇਰੇ ਗੁਰੂ ਦਾ ਝੰਡਾ ਹੈ, ਮੈਂ ਡਿੱਗਣ ਨਹੀਂ ਦਿਆਂਗਾ।’ ਫ਼ੌਜਦਾਰ ਨੇ ਚਿਤਾਵਨੀ ਦਿੱਤੀ ਕਿ ‘ਤੇਰਾ ਸਿਰ ਉਡਾ ਦਿੱਤਾ ਜਾਵੇਗਾ।’ ਭਾਈ ਸਾਹਿਬ ਡੋਲੇ ਨਹੀਂ ਤੇ ਆਖਿਆ, ‘ਮੇਰਾ ਫਰਜ਼ ਤਾਂ ਉਦੋਂ ਤਕ ਹੈ ਜਦੋਂ ਤਕ ਸੁਆਸ ਚੱਲਦੇ ਹਨ, ਸਿਰ ਉਡਾ ਦਿਓਗੇ ਤਾਂ ਜਿਸ ਦਾ ਇਹ ਝੰਡਾ ਹੈ, ਆਪੇ ਸੰਭਾਲ ਲਵੇਗਾ।’ ਫ਼ੌਜਦਾਰ ਨੇ ਜੰਗੀ ਰਵਾਇਤ ਦੀ ਉਲੰਘਣਾ ਕਰਦਿਆਂ ਭਾਈ ਆਲਮ ਸਿੰਘ ਦਾ ਸੀਸ ਉਡਾ ਦਿੱਤਾ। ਝੰਡਾ ਡਿੱਗਣ ਤੋਂ ਪਹਿਲਾਂ ਹੀ ਬਾਬਾ ਅਜੀਤ ਸਿੰਘ ਜੀ ਨੇ ਇਸ ਨੂੰ ਸੰਭਾਲ ਲਿਆ ਤੇ ਫ਼ੌਜਦਾਰ ਦਾ ਸਿਰ ਕਲਮ ਕਰ ਦਿੱਤਾ।

ਸਰਕਾਰੀ ਇਮਾਰਤਾਂ, ਦਫ਼ਤਰਾਂ, ਸਫ਼ਾਰਤਖ਼ਾਨਿਆਂ ਤੇ ਸਰਕਾਰੀ ਗੱਡੀਆਂ ਤੇ ਲੱਗੇ ਸਬੰਧਤ ਦੇਸ਼ਾਂ ਦੇ ਝੰਡੇ ਉਨ੍ਹਾਂ ਦੇਸ਼ਾਂ ਦੀ ਵਿਲੱਖਣਤਾ ਪ੍ਰਗਟ ਕਰਦੇ ਹਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ੍ਰੀ ਅੰਮ੍ਰਿਤਸਰ ਵਿਖੇ ਆਪਣੇ ਇਕ ਸਨਮਾਨ ਸਮਾਗਮ ’ਚ ਕਿਹਾ ਸੀ, ‘ਗੁਰੂ ਤੇ ਗੁਰੂ ਦਾ ਸਿੱਖ ਸੋਨੇ-ਚਾਂਦੀ ਨਾਲ ਪਿਆਰ ਨਹੀਂ ਕਰਦਾ। ਸਿੱਖ ਤਾਂ ਸਰਬਲੋਹੀਆ ਹੈ ਫਿਰ ਵੀ ਤੁਹਾਡਾ ਧੰਨਵਾਦ, ਤੁਸੀਂ ਮੈਨੂੰ ਇਹ ਸੋਨੇ ਦਾ ਮੈਡਲ ਤੇ ਚਾਂਦੀ ਦੀ ਤਸ਼ਤਰੀ ਦਿੱਤੀ ਹੈ। ਇਹ ਤਸ਼ਤਰੀ ਤੇ ਮੈਡਲ ਮੈਂ ਨਹੀਂ ਰੱਖਾਂਗਾ, ਇਹ ਕੇਂਦਰੀ ਸਿੱਖ ਅਜਾਇਬ ਘਰ ’ਚ ਰੱਖਿਆ ਜਾਵੇਗਾ।’ ਖੈਰ, ਇਸੇ ਤਰ੍ਹਾਂ ਹੀ ਹੋਇਆ ਪਰ ਟੌਹੜਾ ਸਾਹਿਬ ਦੇ ਸਮੇਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੀਰੀ-ਪੀਰੀ ਦੇ ਇਤਿਹਾਸਿਕ ਨਿਸ਼ਾਨ ਸਾਹਿਬ ’ਤੇ ਸੋਨੇ ਦੇ ਖੰਡੇ ਲਗਵਾਏ ਗਏ, ਜੋ ਸਿੱਖ ਰਹਿਤ ਮਰਯਾਦਾ ਦੀ ਉਲੰਘਣਾ ਸੀ। ਅਸੀਂ ਦੋਵੇਂ ਪੱਖਾਂ ਤੋਂ ਡਾਢੇ ਅਵੇਸਲੇ ਹੋ ਗਏ। ਨਿਸ਼ਾਨ ਸਾਹਿਬ ਦੇ ਖੰਡੇ ਜਾਂ ਭਾਲੇ, ਸਰਬ ਲੋਹ ਦੀ ਥਾਂ ਸੋਨੇ ਦੇ ਲਗਾਉਣੇ ਸ਼ੁਰੂ ਕਰ ਦਿੱਤੇ ਤੇ ਕੱਪੜੇ ਦਾ ਰੰਗ ਵੀ ਬਸੰਤੀ ਤੇ ਸੁਰਮਈ ਦੀ ਥਾਂ ਭਗਵਾਂ ਹੁੰਦਾ ਜਾ ਰਿਹਾ ਹੈ, ਜੋ ਚਿੰਤਾ ਦਾ ਵਿਸ਼ਾ ਹੈ।

ਦੇਸ਼ ਦੀਆਂ ਸਰਹੱਦਾਂ ’ਤੇ ਝੰਡਾ ਚੜ੍ਹਾਉਣ ਤੇ ਉਤਾਰਨ ਦੀ ਰਸਮ ਹੁੰਦੀ ਹੈ। ਅਟਾਰੀ ਸਰਹੱਦ ’ਤੇ ਝੰਡਾ ਉਤਾਰਨ ਦੀ ਰਸਮ ਦੇਖਣ ਲਈ ਹਜ਼ਾਰਾਂ ਦਰਸ਼ਕ ਜਾਂਦੇ ਹਨ। ਕੌਮੀ ਗਿਰਾਵਟ ਕਾਰਨ ਝੰਡਿਆਂ ਦੇ ਸਰੂਪ ਤੇ ਰੰਗ ਵੀ ਬਦਲ ਜਾਂਦੇ ਹਨ। ਝੰਡੇ ਦਾ ਲਾਉਣਾ, ਅੱਧਾ ਝੁਲਾਉਣਾ, ਨੀਵਾਂ ਕਰਨਾ, ਝੰਡਾ ਖੋਲ੍ਹਣਾ, ਜਾਤੀ-ਦੇਸ਼-ਖਿੱਤੇ ਦੀ ਪ੍ਰਤੀਨਿਧਤਾ ਕਰਦਿਆਂ ਦੁੱਖ, ਸ਼ੋਕ, ਹਾਰ ਆਦਿ ਦੇ ਚਿੰਨ੍ਹ ਹਨ ਜੋ ਸੰਸਾਰਿਕ ਸ਼ਕਤੀ ਨੂੰ ਰੂਪਮਾਨ ਕਰਦੇ ਹਨ ਪਰ ਸਿੱਖਾਂ ਦਾ ਕੌਮੀ ਨਿਸ਼ਾਨ ਸਾਹਿਬ ਸਿੱਖ ਕੌਮ ਵਾਂਗ ਹਰਖ-ਸੋਗ ਤੋਂ ਨਿਆਰਾ ਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਅੱਜ ਵਿਸ਼ਵ ਵਿਚ ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਸਿੱਖ ਹਨ, ਇਹ ਨਿਸ਼ਾਨ ਸਾਹਿਬ ਸ਼ਾਨ ਨਾਲ ਝੂਲ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 20 ਅਗਸਤ 2009 ਤੋਂ ਆਦੇਸ਼ ਹੋ ਚੁੱਕਾ ਹੈ ਕਿ ਨਿਸ਼ਾਨ ਸਾਹਿਬ ਸਿਰਫ਼ ਉੱਥੇ ਹੀ ਝੁਲਾਇਆ ਜਾ ਸਕਦਾ ਹੈ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਪਰੰਤੂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤਾਂ ਪੁੱਜ ਰਹੀਆਂ ਹਨ ਕਿ ਕੁਝ ਅਜਿਹੀਆਂ ਨਿਵੇਕਲੀਆਂ ਥਾਵਾਂ ’ਤੇ ਕਬਜ਼ਾ ਕਰਨ ਤੇ ਅਗਿਆਨਤਾ ਕਾਰਨ ਨਿਸ਼ਾਨ ਸਾਹਿਬ ਝੁਲਾ ਦਿੱਤੇ ਜਾਂਦੇ ਹਨ ਜਿੱਥੇ ਨਾ ਤਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਤੇ ਨਾ ਹੀ ਕੋਈ ਗੁਰਦੁਆਰਾ ਸਾਹਿਬ। ਇਹ ਕਾਰਵਾਈ ਪਵਿੱਤਰ ਨਿਸ਼ਾਨ ਸਾਹਿਬ ਦੀ ਬੇਅਦਬੀ ਕਰਨ ਵਾਲੀ ਹੈ। ਸੰਗਤਾਂ ਨੂੰ ਮੁੜ ਵਿਦਿਤ ਕੀਤਾ ਜਾਂਦਾ ਹੈ ਕਿ ਉਹ ਅਜਿਹੀਆਂ ਅਯੋਗ ਕਾਰਵਾਈਆਂ ਬੰਦ ਕਰਨ ਤੇ ਨਿਸ਼ਾਨ ਸਾਹਿਬ ਯੋਗ ਅਸਥਾਨਾਂ ’ਤੇ ਹੀ ਝੁਲਾਏ ਜਾਣ। ਇਸ ਦੀ ਵਰਤੋਂ ਖ਼ੁਦਗਰਜ਼ੀ ਵਾਸਤੇ ਨਹੀਂ ਕਰਨੀ ਚਾਹੀਦੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ, ਮਹੱਲੇ, ਖ਼ਾਲਸਾ ਦਲ, ਜਥੇ, ਨਗਰ ਕੀਰਤਨ, ਨਿਹੰਗ ਸਿੰਘਾਂ ਦੇ ਦਲ ਦੀ ਰਵਾਨਗੀ ਸਮੇਂ ਸਭ ਤੋਂ ਪਹਿਲਾਂ ਨਿਸ਼ਾਨ ਸਾਹਿਬ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ :

**ਗਾਦੀਆ ਅਟੱਲ ਰਹੇਂ ਚੌਂਕੀਆਂ ਅਚੱਲ ਰਹੇਂ,**
**ਬੁੰਗੇ ਝਲਾ ਝੱਲ ਰਹੇ ਪੂਰੇ ਉਤਸ਼ਾਹ ਕੇ।**
**ਲਾਗਤੇ ਦੀਵਾਨ ਰਹੇ ਗਾਵਤੇ ਸੁਜਾਨ ਰਹੇ,**
**ਝੂਲਤੇ ਨਿਸ਼ਾਨ ਰਹੇਂ ਸਾਚੇ ਪਾਤਸ਼ਾਹ ਕੇ।**

ਕਵਿਰਾਜ ਸੰਤ ਨਿਹਾਲ ਸਿੰਘ ਉਕਤ ਕਾਵਿ ਰਚਨਾ ’ਚ ਸੁਤੰਤਰ ਸਿੱਖ ਸੋਚ ਦੇ ਧਾਰਨੀ ਗੁਰਸਿੱਖਾਂ ਦੀ ਵੇਦਨਾ ਤੇ ਭਾਵਨਾ ਨੂੰ ਪ੍ਰਗਟ ਕਰਦੇ ਹਨ। ਹਰ ਸਿੱਖ ਦੀ ਅਰਦਾਸ ਹੈ ਕਿ ਸੱਚੇ ਪਾਤਸ਼ਾਹ ਦੇ ਦੀਵਾਨ ਲਗਦੇ ਰਹਿਣ, ਸੂਝਵਾਨ ਗਵੱਈਏ ਸਤਿਗੁਰੂ ਦੀ ਸਿਫ਼ਤ-ਸਲਾਹ ਗਾਇਨ ਕਰਨ, ਤਾਂ ਜੋ ਝੰਡੇ ਬੁੰਗੇ ਜੁਗੋ ਜੁਗ ਅਟੱਲ ਰਹਿਣ। ਸਿੱਖੀ ਅਕਾਲ ਪੁਰਖ ਨੇ ਆਪ ਪੈਦਾ ਕੀਤੀ ਹੈ ਜਿਸ ਦੀ ਨਿਰਮਲ ਵਿਚਾਰਧਾਰਾ, ਨਿਰਮਲ ਨੀਰ ਵਾਂਗ ਨਿਰੰਤਰ ਵਹਿ ਰਹੀ ਹੈ। ਅਕਾਲੀ ਫ਼ੌਜ ਦਾ ਇਹ ਅਕਾਲੀ ਨਿਸ਼ਾਨ ਸਾਹਿਬ ਸਦਾ ਝੁੱਲਦਾ ਰਹੇ ਅਤੇ ਪੰਥ ਦੀ ਵਿਲੱਖਣ ਹੋਂਦ ਤੇ ਪਛਾਣ ਦੀ ਖ਼ੁਸ਼ਬੋਈ ਨੂੰ ਵਿਸ਼ਵ ਵਿਚ ਹਮੇਸ਼ਾ ਬਿਖੇਰਦਾ ਰਹੇ। •

# ਸਿੱਖ ਰਾਜ ਦੇ ਮੋਢੀ ਉਸਰੱਈਏ ਬਾਬਾ ਸਾਹਿਬ ਸਿੰਘ ਬੇਦੀ

ਕਰਨੈਲ ਸਿੰਘ ਐੱਮਏ

ਬੇਦੀ ਬਾਬੇ ਗੁਰੂ ਨਾਨਕ ਦੇਵ ਜੀ ਦੇ ਖ਼ਾਨਦਾਨ ਨਾਲ ਸਬੰਧ ਰੱਖਦੇ ਹਨ। ਇਨ੍ਹਾਂ ਦੇ ਸੰਤਾਨਕ ਘਰਾਣੇ ਵਿਚ ਬਾਬਾ ਲਖਮੀ ਚੰਦ ਜੀ, ਬਾਬਾ ਧਰਮ ਚੰਦ ਜੀ, ਬਾਬਾ ਮਾਨਕ ਚੰਦ, ਬਾਬਾ ਦਾਤਾਰ ਚੰਦ, ਬਾਬਾ ਪਹਾੜ ਚੰਦ, ਬਾਬਾ ਹਰਕਰਨ ਚੰਦ, ਬਾਬਾ ਨਿਹਾਲ ਚੰਦ, ਬਾਬਾ ਕਲਾਧਾਰੀ ਜੀ, ਬਾਬਾ ਅਜੀਤ ਸਿੰਘ, ਬਾਬਾ ਸਾਹਿਬ ਸਿੰਘ, ਬਾਬਾ ਦਵਿੰਦਰ ਸਿੰਘ, ਬਾਬਾ ਮਧੁਸੂਦਨ ਸਿੰਘ ਤੇ ਵਰਤਮਾਨ ਸਮੇਂ ਬਾਬਾ ਸਰਬਜੋਤ ਸਿੰਘ ਬੇਦੀ ਹਨ। ਬਾਬਾ ਸਾਹਿਬ ਸਿੰਘ ਬੇਦੀ ਸਿੱਖ ਰਾਜ ਦੇ ਮੋਢੀਆਂ ਤੇ ਪੰਜਾਬ ਦੇ ਉਸਰੱਈਆਂ ਵਿੱਚੋਂ 18ਵੀਂ-19ਵੀਂ ਸਦੀ ਦੇ ਮਹਾਨ ਵਿਅਕਤੀ ਸਨ।

ਬਾਬਾ ਸਾਹਿਬ ਸਿੰਘ ਦਾ ਜਨਮ 5 ਚੇਤ ਸੰਮਤ 1813 ਬਿਕਰਮੀ (1756 ਈਸਵੀ) ਨੂੰ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਵਿਖੇ ਪਿਤਾ ਅਜੀਤ ਸਿੰਘ ਬੇਦੀ ਤੇ ਮਾਤਾ ਸਰੂਪੀ ਜੀ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਤੋਂ ਬਾਅਦ ਬਾਬਾ ਅਜੀਤ ਸਿੰਘ ਦੇ ਘਰ ਇਕ ਹੋਰ ਪੁੱਤਰ ਨੇ ਜਨਮ ਲਿਆ। ਉਸ ਦਾ ਨਾਂ ਮਹਿਬੂਬ ਸਿੰਘ ਸੀ। ਬਾਬਾ ਸਾਹਿਬ ਸਿੰਘ ਨੇ ਮੁਢਲੀ ਵਿੱਦਿਆ ਘਰ ਵਿੱਚੋਂ ਹੀ ਪ੍ਰਾਪਤ ਕੀਤੀ। ਪਹਿਲਾਂ ਆਪ ਨੇ ਗੁਰਮੁਖੀ ਸਿੱਖੀ, ਗੁਰਬਾਣੀ ਪੜ੍ਹੀ ਤੇ ਫੇਰ ਜਨਮ ਸਾਖੀ ਗੁਰੂ ਨਾਨਕ ਤੇ ਸਿੱਖ ਇਤਿਹਾਸ ਸਬੰਧੀ ਹੋਰ ਪੁਸਤਕਾਂ ਦਾ ਅਧਿਐਨ ਕੀਤਾ। ਆਪ ਦਾ ਬਾਣੀ ਪੜ੍ਹਨਾ, ਕੀਰਤਨ ਸੁਣਨਾ, ਗੁਰਬਾਣੀ ਕਥਾ ਕਰਨੀ ਰੋਜ਼ਾਨਾ ਨੇਮ ਸੀ। ਬਾਬਾ ਸਾਹਿਬ ਸਿੰਘ ਨੇ ਮਾਤਾ ਦੇ ਕਹਿਣ ’ਤੇ ਹੀ ਖ਼ੁਦ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਅੰਮ੍ਰਿਤਪਾਨ ਕੀਤਾ ਤੇ ਗੁਰੂ ਵਾਲੇ ਬਣੇ।

ਬਾਬਾ ਸਾਹਿਬ ਸਿੰਘ ਦੇ ਪਿਤਾ ਬਾਬਾ ਅਜੀਤ ਸਿੰਘ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਕਲਕੱਤਾ, ਬੰਗਾਲ, ਬਿਹਾਰ ਦੀ ਯਾਤਰਾ ਕਰਦੇ ਹੋਏ 1773 ਈਸਵੀ ਨੂੰ ਸੁਰਗਵਾਸ ਹੋ ਗਏ। ਇਸ ਸਮੇਂ ਬਾਬਾ ਸਾਹਿਬ ਸਿੰਘ ਦੀ ਉਮਰ 17 ਸਾਲ ਸੀ। ਇਸ ਸਮੇਂ ਪੰਜਾਬ ’ਚ ਮਿਸਲਾਂ ਦਾ ਬੋਲਬਾਲਾ ਸੀ ਤੇ ਬਾਬਾ ਸਾਹਿਬ ਸਿੰਘ ਬੇਦੀ ਮਿਸਲਾਂ ਦੇ ਸਰਦਾਰਾਂ ਦੀ ਨਿਗਾਹ ’ਚ ਬੜਾ ਮਾਣ-ਸਤਿਕਾਰ ਰੱਖਦੇ ਸਨ। ਬਾਬਾ ਸਾਹਿਬ ਸਿੰਘ ਦੇ ਤਿੰਨ ਵਿਆਹ ਹੋਏ, ਪਹਿਲਾ ਭਾਈ ਸਹਾਈ ਰਾਮ ਖੱਤਰੀ ਦੀ ਬੇਟੀ ਨਾਲ, ਦੂਜਾ ਭਾਈ ਜੀਤ ਮੱਲ ਖੱਤਰੀ ਦੀ ਬੇਟੀ ਨਾਲ ਤੇ ਤੀਜਾ ਸ. ਸਹਾਈ ਸਿੰਘ ਮੁਲਤਾਨ ਦੀ ਬੇਟੀ ਨਾਲ। ਤਿੰਨਾਂ ਸੁਪਤਨੀਆਂ ਤੋਂ ਬਾਬਾ ਸਾਹਿਬ ਸਿੰਘ ਦੇ ਘਰ ਤਿੰਨ ਪੁੱਤਰ ਬਾਬਾ ਬਿਸ਼ਨ ਸਿੰਘ, ਬਾਬਾ ਤੇਗਾ ਸਿੰਘ ਤੇ ਬਾਬਾ ਬਿਕਰਮ ਸਿੰਘ ਪੈਦਾ ਹੋਏ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸਰਦਾਰ ਮਹਾ ਸਿੰਘ ਬਾਬਾ ਸਾਹਿਬ ਸਿੰਘ ਬੇਦੀ ਦੇ ਵੱਡੇ ਸ਼ਰਧਾਲੂ ਸਨ। ਬਾਬਾ ਸਾਹਿਬ ਸਿੰਘ ਨੂੰ ਸੇਵਾਪੰਥੀ ਸਾਧੂ ਗੁਰੂ ਮੰਨਦੇ ਸਨ, ਜਿਸ ਕਾਰਨ ਉਨ੍ਹਾਂ ਦੇ ਮਨ ਵਿਚ ਅਥਾਹ ਸ਼ਰਧਾ ਸੀ। ਬਾਬਾ ਸਾਹਿਬ ਸਿੰਘ ਹੋਲੇ ਮਹੱਲੇ ਦਾ ਉਤਸਵ ਬੜੀ ਧੂਮਧਾਮ ਨਾਲ ਮਨਾਉਂਦੇ ਸਨ। ਬਾਬਾ ਸਾਹਿਬ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪੰਜ ਸਿੱਖਿਆਵਾਂ ਦਿੰਦਿਆਂ ਕਿਹਾ ਸੀ ਕਿ ਜੇ ਤੁਸੀਂ ਇਨ੍ਹਾਂ ’ਤੇ ਅਮਲ ਕਰੋਗੇ ਤਾਂ ਖ਼ਾਲਸਾ ਰਾਜ ਦਾ ਸੂਰਜ ਕਦੇ ਨਹੀਂ ਡੁੱਬੇਗਾ ਤੇ ਸਫਲਤਾ ਤੁਹਾਡੇ ਪੈਰ ਚੁੰਮੇਗੀ।

1. ਰੋਜ਼ ਸਵੇਰੇ ਉੱਠ ਕੇ ਨਿੱਤਨੇਮ ਕਰਨਾ, ਮੁਸੀਬਤ ਵੇਲੇ ਅਕਾਲ ਪੁਰਖ ਨੂੰ ਯਾਦ ਕਰਨਾ ਅਤੇ ਉਸ ਦਾ ਡਰ ਮੰਨਣਾ।
2. ਦਰਬਾਰ ਵਿਚ ਕਦੇ ਤਖ਼ਤ ’ਤੇ ਨਾ ਬੈਠਣਾ ਅਤੇ ਆਪਣੇ ਆਪ ਨੂੰ ਮਹਾਰਾਜਾ ਨਾ ਅਖਵਾ ਕੇ ਪੰਥ ਦਾ ਦਾਸ ਬਣ ਕੇ ਰਹਿਣਾ।
3. ਆਪਣੀ ਜਨਤਾ ਨੂੰ ਇਕ ਬਰਾਬਰ ਸਮਝਣਾ।
4. ਨਸ਼ਿਆਂ ਦਾ ਸੇਵਨ ਤੇ ਪਰਾਈ ਇਸਤਰੀ ਦਾ ਸੰਗ ਨਾ ਕਰਨਾ।
5. ਮੌਕਾਪ੍ਰਸਤ ਲੋਕਾਂ ਤੋਂ ਕਿਨਾਰਾ ਕਰਨਾ।

ਮਹਾਰਾਜਾ ਰਣਜੀਤ ਸਿੰਘ ਨੂੰ ਖੰਡੇ ਦੀ ਪਾਹੁਲ ਬਾਬਾ ਸਾਹਿਬ ਸਿੰਘ ਦੀ ਜਥੇਦਾਰੀ ਹੇਠ ਪੰਜਾਂ ਪਿਆਰਿਆਂ ਨੇ



ਬਖ਼ਸ਼ੀ ਸੀ। ਬਾਬਾ ਸਾਹਿਬ ਸਿੰਘ ਜੀ ਨੇ ਅਸਥਾਨ ’ਤੇ ਲੰਗਰ ਹਰ ਵੇਲੇ ਵਰਤਦਾ ਰਹਿੰਦਾ ਤੇ ਕਥਾ-ਕੀਰਤਨ ਦਾ ਅਖੰਡ ਪ੍ਰਵਾਹ ਹੁੰਦਾ।

ਬਾਬਾ ਸਾਹਿਬ ਸਿੰਘ ਆਪਣੇ ਯੁੱਗ ਦੇ ਮਹੱਤਵਪੂਰਨ ਸੰਤ-ਸਿਪਾਹੀ ਸਨ। ਮਹਾਰਾਜਾ ਰਣਜੀਤ ਸਿੰਘ ਨੂੰ ਰਾਜ ਸਥਾਪਿਤ ਕਰਨ ਵਿਚ ਉਨ੍ਹਾਂ ਨੇ ਬਹੁਤ ਮਦਦ ਕੀਤੀ। ਬਾਬਾ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਮੱਥੇ ’ਤੇ ਕੇਸਰੀ ਤਿਲਕ ਲਾ ਕੇ ਪੰਜਾਬ ਦਾ ਮਹਾਰਾਜਾ ਬਣਾਇਆ। ਜਿੰਨਾ ਚਿਰ ਮਹਾਰਾਜਾ ਰਣਜੀਤ ਸਿੰਘ ਆਪਣੇ ਸਿਆਸੀ ਕਾਰਜਾਂ ਵਿਚ ਬਾਬਾ ਸਾਹਿਬ ਸਿੰਘ ਬੇਦੀ ਪਾਸੋਂ ਸਲਾਹ ਲੈਂਦੇ ਰਹੇ, ਓਨਾ ਚਿਰ ਉਹ ਚੜ੍ਹਦੀ ਕਲਾ ਵਿਚ ਰਹੇ ਤੇ ਖ਼ਾਲਸਾ ਰਾਜ ਦੀਆਂ ਹੱਦਾਂ ਨੂੰ ਵਧਾਉਂਦੇ ਰਹੇ।

ਬਾਬਾ ਸਾਹਿਬ ਸਿੰਘ ਬੇਦੀ ਨੇ ਬੇਅੰਤ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਗੁਰੂ ਵਾਲੇ ਬਣਾਇਆ। ਉਨ੍ਹਾਂ ਦੀ ਰਾਏ ਧਾਰਮਿਕ ਅਤੇ ਰਾਜਸੀ ਮਾਮਲਿਆਂ ਵਿਚ ਅਟੱਲ ਮੰਨੀ ਜਾਂਦੀ ਸੀ। ਆਪ ਦੇ ਮੁੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਆਪਣ ਦੇ ਡੇਰੇ/ਅਸਥਾਨ ਨਾਲ ਜੁੜੀਆਂ ਰਹਿੰਦੀਆਂ ਸਨ, ਇਥੋਂ ਤਕ ਕਿ ਸੇਵਾਪੰਥੀ ਸੰਤ ਵੀ ਬਾਬਾ ਜੀ ਦੇ ਬਚਨ ਸੁਣ ਕੇ ਬਹੁਤ ਪ੍ਰਭਾਵਿਤ ਹੁੰਦੇ ਸਨ।

ਬਾਬਾ ਸਾਹਿਬ ਸਿੰਘ ਜਿੰਨੇ ਭਗਤੀ ਅਤੇ ਤਪੱਸਿਆ ਵਿਚ ਅਦੁੱਤੀ ਸਨ, ਓਨੇ ਹੀ ਯੁੱਧ ਭੂਮੀ ਵਿਚ ਬਾਹੂਬਲ ਵਿਖਾਉਣ ਦੇ ਵੀ ਸਮਰੱਥ ਸਨ। ਬਾਬਾ ਜੀ ਨੇ ਜਿੱਥੇ ਖ਼ਾਲਸਾ ਰਾਜ ਦੇ ਵਿਸਥਾਰ ਲਈ ਤੇਗ਼ ਚਲਾਈ, ਉਥੇ ਦੇਗ ਵੀ ਚਲਾਈ ਤੇ ਸਿੱਖੀ ਦਾ ਪ੍ਰਚਾਰ-ਪਸਾਰ ਵੀ ਬੜੇ ਉੱਦਮ ਨਾਲ ਕੀਤਾ। ਬਾਬਾ ਸਾਹਿਬ ਸਿੰਘ ਨੂੰ ਗੁਰੂ ਪੰਥ ਵਿਚ ਜੋ ਰੁਤਬਾ ਪ੍ਰਾਪਤ ਸੀ ਉਹ ਖ਼ਾਲਸਾਈ ਸੋਭਾ ਵਾਲਾ ਸੀ।

ਬਾਬਾ ਸਾਹਿਬ ਸਿੰਘ ਨੇ 17 ਸਾਲ ਦੀ ਉਮਰ ਵਿਚ ਹੀ ਧਰਮ ਪ੍ਰਚਾਰ ਦਾ ਕਾਰਜ ਆਰੰਭ ਕਰ ਕੇ 78 ਸਾਲ ਦੀ ਉਮਰ ਤਕ ਲਗਾਤਾਰ ਜਾਰੀ ਰੱਖਿਆ। ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਜੂਝਦੇ ਹੋਏ ਬਾਬਾ ਸਾਹਿਬ ਸਿੰਘ ਬੇਦੀ ਹਾੜ ਸੁਦੀ 13, ਸੰਮਤ 1891 (1834 ਈਸਵੀ) ਨੂੰ ਊਨਾ ਵਿਖੇ ਸੱਚਖੰਡ ਜਾ ਬਿਰਾਜੇ।

ਬਾਬਾ ਸਾਹਿਬ ਸਿੰਘ ਬੇਦੀ ਦੇ ਵਰਤਮਾਨ ਗੱਦੀ ਨਸ਼ੀਨ ਬਾਬਾ ਸਰਬਜੋਤ ਸਿੰਘ ਬੇਦੀ ਦੀ ਅਗਵਾਈ ਹੇਠ ਉਨ੍ਹਾਂ ਦਾ 262ਵਾਂ ਜਨਮ ਉਤਸਵ ਰੰਗੀਨ ਮਹਿਲ ਗੁਰੂ ਨਾਨਕ ਦਰ-ਘਰ ਕਿਲ੍ਹਾ ਬੇਦੀ ਸਾਹਿਬ, ਊਨਾ (ਹਿਮਾਚਲ ਪ੍ਰਦੇਸ਼) ਵਿਖੇ 26 ਤੋਂ 28 ਮਾਰਚ ਤਕ ਬੜੇ ਪ੍ਰੇਮ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ, ਸਵੇਰੇ-ਸ਼ਾਮ ਵਿਸ਼ੇਸ਼ ਦੀਵਾਨ ਸਜਣਗੇ, ਜਿਨ੍ਹਾਂ ਵਿਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ, ਸੰਤ ਮਹਾਂਪੁਰਸ਼ ਅੰਮ੍ਰਿਤਮਈ ਬਾਣੀ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। •

# ਹਨੇਰੇ ’ਚ ਪ੍ਰਕਾਸ਼ ਦਾ ਸਾਮਰਾਜ




ਈਸਾਈਅਤ ਵਿਚ ਗੁੱਡ ਫਰਾਈਡੇ ਨੂੰ ‘ਹੋਲੀ ਫਰਾਈਡੇ’, ‘ਬਲੈਕ ਫਰਾਈਡੇ’ ਤੇ ‘ਗ੍ਰੇਟ ਫਰਾਈਡੇ’ ਵੀ ਆਖਦੇ ਹਨ। ਇਹ ਤਿਉਹਾਰ ਪ੍ਰਭੂ ਈਸਾ ਮਸੀਹ ਨੂੰ ਸਲੀਬ ਉੱਪਰ ਚੜ੍ਹਾਏ ਜਾਣ ਨਾਲ ਸਬੰਧਤ ਹੈ ਅਤੇ ਈਸਟਰ ਸੰਡੇ ਤੋਂ ਪਹਿਲਾਂ ਆਉਂਦੇ ਸ਼ੁੱਕਰਵਾਰ ਨੂੰ ਹੁੰਦਾ ਹੈ। ਈਸਟਰ ਈਸਾਈ ਧਰਮ ਵਿਚ ਸਭ ਤੋਂ ਮਹੱਤਵਪੂਰਨ ਤੇ ਪਵਿੱਤਰ ਦਿਨ ਹੈ। ਸੂਲੀ ਉੱਪਰ ਲਟਕਾਏ ਜਾਣ ਤੋਂ ਤੀਸਰੇ ਦਿਨ ਪ੍ਰਭੂ ਯੀਸ਼ੂ ਮੁੜ ਜ਼ਿੰਦਾ ਹੋ ਗਏ ਸਨ। ਇਸ ਦਿਨ ਨੂੰ ‘ਈਸਟਰ ਸੰਡੇ’ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

‘ਹੇ ਔਰਤ! ਤੂੰ ਕਿਉਂ ਰੋ ਰਹੀ ਏਂ? ਕਿਸ ਨੂੰ ਲੱਭ ਰਹੀ ਏਂ?’ ਇਹ ਪਹਿਲੇ ਸ਼ਬਦ ਸਨ ਜੋ ਜੀਵਿਤ ਹੋਣ ਤੋਂ ਬਾਅਦ ਪ੍ਰਭੂ ਯੀਸ਼ੂ ਨੇ ਰੋ ਰਹੀ ਇਕ ਇਸਤਰੀ ਪਾਸੋਂ ਪੁੱਛੇ ਸਨ। ਪ੍ਰਭੂ ਯੀਸ਼ੂ ਦਾ ਮੁੜ ਜ਼ਿੰਦਾ ਹੋਣਾ ਸਾਨੂੰ ਬਹੁਤ ਕੁਝ ਸਮਝਾਉਣ ਦੀ ਸਮਰਥਾ ਰੱਖਦਾ ਹੈ। ਪਵਿੱਤਰ ਬਾਈਬਲ ਅਨੁਸਾਰ ਸੂਰਜ ਉਦੈ ਹੁੰਦਿਆਂ ਹੀ ਮਰੀਅਮ ਮਗਦਲਿਨੀ ਤੇ ਦੂਸਰੀ ਮਰੀਅਮ ਕਬਰ ਵੇਖਣ ਆਈਆਂ। ਉਸ ਵੇਲੇ ਜ਼ੋਰਦਾਰ ਭੂਚਾਲ ਆਇਆ ਅਤੇ ਪ੍ਰਭੂ ਦਾ ਦੂਤ ਸਵਰਗ ਤੋਂ ਉਤਰਿਆ। ਕਬਰ ਦੇ ਨੇੜੇ ਆ ਕੇ ਉਸ ਨੇ ਇਕ ਪੱਥਰ ਸਰਕਾਇਆ ਤੇ ਉਸ ਉੱਪਰ ਬੈਠ ਗਿਆ। ਉਸ ਦਾ ਤੇਜ਼ ਬਿਜਲੀ ਵਰਗਾ ਸੀ। ਸਵਰਗ ਦੂਤ ਨੇ ਇਸਤਰੀਆਂ ਨੂੰ ਕਿਹਾ ਕਿ ਡਰੋ ਨਾ, ਮੈਂ ਜਾਣਦਾ ਹਾਂ ਕਿ ਤੁਸੀਂ ਈਸਾ ਮਸੀਹ ਨੂੰ ਲੱਭ ਰਹੀਆਂ ਹੋ, ਜੋ ਕਰੂਸ (ਕ੍ਰਾਸ) ਉੱਪਰ ਚੜ੍ਹਾਇਆ ਗਿਆ ਸੀ। ਸਵਰਗ ਦੂਤ ਨੇ ਇਸਤਰੀਆਂ ਨੂੰ ਆਖਿਆ ਕਿ ਕਬਰ ’ਚ ਝਾਕ ਕੇ ਵੇਖੋ, ਉਹ ਇਥੇ ਨਹੀਂ ਹਨ, ਉਹ ਮੁੜ ਜ਼ਿੰਦਾ ਹੋ ਗਏ ਹਨ।

ਬਾਈਬਲ ਦਾ ਇਹ ਦ੍ਰਿਸ਼ਟਾਂਤ ਮੌਤ ਨੂੰ ਨਹੀਂ, ਬਲਕਿ ਜੀਵਨ ਨੂੰ ਜਾਨਣ ਵਾਲਾ ਹੈ। ਦੂਤ ਨੇ ਉਹ ਪੱਥਰ ਇਸ ਲਈ ਸਰਕਾਇਆ ਤਾਂ ਕਿ ਅਸੀਂ ਜੀਵਨ ਦੇ ਰਹੱਸ ਨੂੰ ਜਾਣ ਸਕੀਏ। ਹਨੇਰੀ ਗੁਫ਼ਾ ਉਜਾਲੇ ਵਾਲੇ ਸਥਾਨ ’ਚ ਬਦਲ ਜਾਂਦੀ ਹੈ ਤਾਂ ਕਿ ਅਸੀਂ ਈਸ਼ਵਰ ਦੇ ਹਿਰਦੈ ’ਚ ਪ੍ਰੇਮ ਤੇ ਜੀਵਨ ਦੀ ਸੰਪੂਰਨਤਾ ਨਾਲ ਵੇਖ ਸਕੀਏ। ਹਨੇਰਾ ਕਿੰਨਾ ਵੀ ਸੰਘਣਾ ਕਿਉਂ ਨਾ ਹੋਵੇ, ਪ੍ਰੇਮ ਸਾਨੂੰ ਉਜਾਲੇ ਵੱਲ ਲੈ ਜਾਂਦਾ ਹੈ। ਪੱਥਰ ਇਕ ਪਾਸੇ ਇਸ ਲਈ ਨਹੀਂ ਸੀ ਸਰਕਾਇਆ ਗਿਆ ਤਾਂ ਕਿ ਪ੍ਰਭੂ ਬਾਹਰ ਆ ਸਕਣ, ਇਸ ਲਈ ਸਰਕਾਇਆ ਗਿਆ ਤਾਂ ਕਿ ਅਸੀਂ ਪ੍ਰਭੂ ਈਸਾ ਮਸੀਹ ਦੇ ਪ੍ਰੇਮ, ਦ੍ਰਿੜ੍ਹਤਾ ਤੇ ਪ੍ਰਤਿੱਗਿਆ ਦੇ ਦਰਸ਼ਨ ਕਰ ਸਕੀਏ।

ਪ੍ਰਭੂ ਦੀ ਦੇਹ ਕਬਰ ’ਚ ਨਹੀਂ ਹੈ ਪਰ ਉਹ ਪੂਰਨ ਤੌਰ ’ਤੇ ਖ਼ਾਲੀ ਨਹੀਂ ਹੈ। ਸਵਰਗ ਦੂਤ ਦੇ ਵਚਨਾਂ ਤੇ ਨੂਰ ਨਾਲ ਉਹ ਸਥਾਨ ਭਰਿਆ ਹੋਇਆ ਹੈ। ਉਹ ਵਚਨ ਜੋ ਆਨੰਦ ਤੇ ਆਸ਼ਾ ਨਾਲ ਭਰੇ ਹੋਏ ਹਨ-‘ਉਹ ਇਥੇ ਨਹੀਂ ਹਨ ਪਰੰਤੂ ਆਪਣੇ ਵਚਨ ਦੇ ਅਨੁਸਾਰ ਉਹ ਜੀਅ ਉੱਠੇ ਹਨ। ਆਓ, ਇਸ ਸਥਾਨ ਨੂੰ ਵੇਖੋ ਜਿਥੇ ਪ੍ਰਭੂ ਪਏ ਸਨ ਤੇ ਜਲਦੀ ਜਾ ਕੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਦੱਸੋ ਕਿ ਉਹ ਮ੍ਰਿਤਕਾਂ ਵਿੱਚੋਂ ਵੀ ਜੀਅ ਉੱਠੇ ਹਨ।’

ਸਾਡੇ ਜੀਵਨ ’ਚ ਵੀ ਅਜਿਹਾ ਹੀ ਵਾਪਰਦਾ ਹੈ। ਅਸੀਂ ਜੀਵਨ ਵਿੱਚੋਂ ਪ੍ਰੇਮ, ਸੁਹਿਰਦਤਾ ਤੇ ਸਮਰਸਤਾ ਨੂੰ ਗੁਆ ਕੇ ਮੁਰਦਿਆਂ ਦੇ ਸਮਾਨ ਹੋ ਜਾਂਦੇ ਹਾਂ। ਜੇ ਅਸੀਂ ਇਨ੍ਹਾਂ ਨੂੰ ਮੁੜ ਅਪਣਾ ਸਕੀਏ ਤਾਂ ਸਾਨੂੰ ਮੁੜ ਜੀਵਨ ਮਿਲ ਸਕਦਾ ਹੈ ਤੇ ਦੁੱਖਾਂ ਦਾ ਹਨੇਰਾ ਖ਼ਤਮ ਹੋ ਸਕਦਾ ਹੈ। ਗ਼ਲਤ ਇੱਛਾਵਾਂ, ਲੋਭ ਤੇ ਹੰਕਾਰ ਦੇ ਵੱਸ ਅਸੀਂ ਈਸ਼ਵਰ ਦੀ ਆਗਿਆ ਦੀ ਉਲੰਘਣਾ ਕਰ ਰਹੇ ਹਾਂ। ਪ੍ਰਭੂ ਈਸਾ ਮਸੀਹ ਨੇ (ਲੂਕਾ 6:20-23) ’ਚ ਕਿਹਾ ਹੈ ਕਿ ਮਨੁੱਖ ਮਨ ਤੋਂ ਦੀਨ ਬਣੇ, ਦਿਲ ਵਿਚ ਨਿਮਰਤਾ ਰੱਖੇ, ਦਇਆਵਾਨ ਹੋਵੇ, ਸਭ ਨਾਲ ਪ੍ਰੇਮ ਕਰੇ। ਯਾਦ ਰੱਖਣਾ ਚਾਹੀਦਾ ਹੈ ਕਿ ਸਵਰਗ ਦੂਤ ਨੇ ਕਬਰ ਦੇ ਮੂੰਹ ਤੋਂ ਪੱਥਰ ਇਸ ਲਈ ਸਰਕਾਇਆ ਸੀ ਕਿ ਅਸੀਂ ਅੰਦਰ ਝਾਕ ਸਕੀਏ ਤੇ ਵੇਖ ਸਕੀਏ ਕਿ ਸੰਘਣੇ ਹਨੇਰੇ ਵਿਚ ਹੀ ਪ੍ਰਕਾਸ਼ ਦਾ ਸਾਮਰਾਜ ਕਾਇਮ ਹੋ ਸਕਦਾ ਹੈ। •

# ਹਾਈਵੇਅ ’ਤੇ ਸਫ਼ਰ ਹੋਵੇਗਾ ਆਸਾਨ ! ਫਾਸਟੈਗ ਨੂੰ ਲੈ ਕੇ ਸਰਕਾਰ ਲਿਆ ਸਕਦੀ ਹੈ ਨਵਾਂ ਨਿਯਮ

**ਏਜੰਸੀਆਂ**

ਨਵੀਂ ਦਿੱਲੀ 8 ਫਰਵਰੀ। ਸਰਕਾਰ ਫਾਸਟੈਗ ਦੇ ਨਿਯਮਾਂ ’ਚ ਬਦਲਾਅ ਕਰਨ ਦੀ ਯੋਜਨਾ ’ਤੇ ਕੰਮ ਕਰ ਰਹੀ ਹੈ। ਇਸ ਨਵੇਂ ਨਿਯਮ ਤਹਿਤ ਹਾਈਵੇ ਅਤੇ ਐਕਸਪ੍ਰੈੱਸਵੇ ’ਤੇ ਸਮਾਂ ਬਰਬਾਦ ਨਹੀਂ ਹੋਵੇਗਾ ਅਤੇ ਨਾ ਹੀ ਫਾਸਟੈਗ ਕਾਰਡ ਤੋਂ ਵਾਰ-ਵਾਰ ਪੈਸੇ ਕੱਟੇ ਜਾਣਗੇ।



ਸਰਕਾਰ ਨਿੱਜੀ ਵਾਹਨਾਂ ਲਈ ਟੋਲ ਪਾਸ ਲਿਆਉਣ ਦੀ ਯੋਜਨਾ ਬਣਾ ਰਹੀ ਹੈ। ਇਕ ਰਿਪੋਰਟ ਮੁਤਾਬਕ ਲੋਕ ਸਾਲ ’ਚ ਸਿਰਫ ਇੱਕ ਵਾਰ 3,000 ਰੁਪਏ ਦਾ ਟੋਲ ਪਾਸ ਲੈ ਕੇ ਕਿਤੇ ਵੀ ਆ-ਜਾ ਸਕਦੇ ਹਨ। ਇਸ ਦੇ ਨਾਲ ਹੀ ਦੂਜੇ ਵਿਕਲਪ ਤਹਿਤ ਸਰਕਾਰ ਲਾਈਫਟਾਈਮ ਪਾਸ ਬਣਾਉਣ ’ਤੇ ਵੀ ਵਿਚਾਰ ਕਰ ਰਹੀ ਹੈ। ਸਰਕਾਰ ਵਨ-ਟਾਈਮ ਪੇਮਿੰਟ ਦੇ ਜਰੀਏ ਸਾਲ ਭਰ ਲਈ ਟੋਲ ਪਾਸ ਬਣਾਉਣ ਦੇ ਪ੍ਰਸਤਾਵ ’ਤੇ ਵਿਚਾਰ ਕਰ ਰਹੀ ਹੈ। ਪਾਸ ਲੈਣ ਲਈ ਤਿੰਨ ਹਜ਼ਾਰ ਰੁਪਏ ਜਮਾਂ ਕਰਕੇ ਸਾਲ ਭਰ ਲਈ ਟੋਲ ਟੈਕਸ ਤੋਂ ਮੁਕਤੀ ਮਿਲ ਜਾਵੇਗੀ। ਵਾਹਨ ਜ਼ਰੀਏ ਕਿਸੇ ਵੀ ਨੈਸ਼ਨਲ ਹਾਈਵੇ ਅਤੇ ਐਕਸਪ੍ਰੈੱਸਵੇ ’ਤੇ ਆ-ਜਾ ਸਕੋਗੇ ਅਤੇ ਕੋਈ ਟੋਲ ਟੈਕਸ ਨਹੀਂ ਦੇਣਾ ਪਵੇਗਾ। ਇਸ ਪ੍ਰਸਤਾਵ ਨਾਲ ਸਿਰਫ ਟੋਲ ਸਸਤਾ ਹੀ ਨਹੀਂ ਪਵੇਗਾ, ਬਲਕਿ ਟੋਲ ਗੇਟ ’ਤੇ ਆਵਾਜਾਈ ਵੀ ਆਸਾਨ ਹੋਵੇਗੀ। ਜ਼ਿਕਰਯੋਗ ਹੈ ਕਿ ਨਿਤਿਨ ਗਡਕਰੀ ਨੇ ਦੱਸਿਆ ਸੀ ਕਿ ਕੁੱਲ ਟੋਲ ਕਲੈਕਸ਼ਨ ਦਾ 26 ਫੀਸਦੀ ਹਿੱਸਾ ਪ੍ਰਾਈਵੇਟ ਵ?ਹੀਕਲਜ਼ ਤੋਂ ਆਉਂਦਾ ਹੈ। ਜਿੱਥੇ 74 ਫੀਸਦੀ ਟੋਲ ਕਲੈਕਸ਼ਨ ਕਮਰਸ਼ੀਅਲ ਵ?ਹੀਕਲਜ਼ ਤੋਂ ਹੁੰਦਾ ਹੈ। ਸਰਕਾਰ ਸਿਰਫ ਇੱਕ ਸਾਲ ਲਈ ਹੀ ਨਹੀਂ ਸਗੋਂ ਲਾਈਫਟਾਈਮ ਟੋਲ ਪਾਸ ਲਿਆਉਣ ਬਾਰੇ ਵੀ ਵਿਚਾਰ ਕਰ ਰਹੀ ਹੈ। ਲਾਈਫਟਾਈਮ ਪਾਸ ਲਈ 30 ਹਜ਼ਾਰ ਰੁਪਏ ਦੀ ਵਨ-ਟਾਈਮ ਪੇਮਿੰਟ ਕਰਕੇ 15 ਸਾਲ ਲਈ ਟੋਲ ਪਾਸ ਬਣ ਜਾਇਏਗਾ। ਜ਼ਿਕਰਯੋਗ ਹੈ ਕਿ ਸਰਕਾਰ ਟੋਲ ਪਾਸ ਜ਼ਰੀਏ ਟੋਲ ਕਲੈਕਸ਼ਨ ਨੂੰ ਆਸਾਨ ਬਣਾਉਣ ਚਾਹੁੰਦੀ ਹੈ। ਦੂਜੇ ਪਾਸੇ ਇਸ ਸਹੂਲਤ ਨਾਲ ਟੋਲ ਬੂਥ ’ਤੇ ਵਾਹਨਾਂ ਦੀ ਲੰਬੀਆਂ ਲਾਈਨਾਂ ਲੱਗਣਾ ਵੀ ਬੰਦ ਹੋ ਜਾਵੇਗਾ। ਨਿਤਿਨ ਗਡਕਰੀ ਨੇ ਕਿਹਾ ਸੀ ਇਸ ਯੋਜਨਾ ਬਾਰੇ ਸੜਕ ਅਤੇ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਸਰਕਾਰ ਨਿੱਜੀ ਵਾਹਨਾਂ ਤੋਂ ਟੋਲ ਕਲੈਕਟ ਕਰਨ ਲਈ ਮਾਸਿਕ ਅਤੇ ਵਾਰਸ਼ਿਕ ਟੋਲ ਪਾਸ ਦੀ ਸਹੂਲਤ ਦੇ ਸਕਦੀ ਹੈ।

# ਹਰਿਆਣਾ ਸਰਕਾਰ ਦੀ ਤਰਜ ’ਤੇ 7.50 ਰੁਪਏ ਕਿਲੋ ’ਤੇ ਗੋਭੀ ਦੀ ਖਰੀਦ ਯਕੀਨੀ ਬਣਾਵੇ ਪੰਜਾਬ ਸਰਕਾਰ : ਜੋਸ਼ੀ

**ਸਰਦੂਲ ਸਿੰਘ**

ਚੰਡੀਗੜ੍ਹ 8 ਫਰਵਰੀ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਸ਼ਾਸਨ ਵਿੱਚ ਕਿਸਾਨਾਂ ਨੂੰ ਫੁੱਲਗੋਭੀ ਦਾ ਰੇਟ 1 ਤੋਂ 2 ਰੁਪਏ ਕਿਲੋ ਦੇ ਵਿਚਕਾਰ ਮਿਲ ਰਿਹਾ ਹੈ ਅਤੇ ਦੂਜੇ ਪਾਸੇ ਹਰਿਆਣਾ ਵਿੱਚ ਕਿਸਾਨਾਂ ਨੂੰ ਭਾਰਤੀ ਜਨਤਾ ਪਾਰਟੀ ਸਰਕਾਰ ਦੀ ਭਾਵਾਂਤਰ ਭਰਪਾਈ ਯੋਜਨਾ ਦੇ ਤਹਿਤ 7.50 ਰੁਪਏ ਮਿਲ ਰਹੇ ਹਨ, ਇਹ ਸਾਫ਼ ਦਰਸਾਉਂਦਾ ਹੈ ਕਿ ਭਾਜਪਾ ਕਿਸਾਨ ਹਿਤੈਸ਼ੀ ਹੈ, ਏਹ ਕਹਿਣਾ ਹੈ ਪੰਜਾਬ ਭਾਰਤੀ ਜਨਤਾ ਪਾਰਟੀ ਦੇ ਪ੍ਰਦੇਸ਼ ਮੀਡਿਆ ਮੁਖੀ ਅਤੇ ਪੰਜਾਬ ਦੇ ਮੁੱਖ ਮੰਤਰੀ ਦੇ ਸਾਬਕਾ ਮੀਡੀਆ ਸਲਾਹਕਾਰ ਵਿਨੀਤ ਜੋਸ਼ੀ ਦਾ। ਜੋਸ਼ੀ ਨੇ ਮੰਗ ਕੀਤੀ ਕਿ ਪੰਜਾਬ ਦੇ ਮੁਖ ਮੰਤਰੀ ਭਗਵੰਤ ਮਾਨ ਜੇ ਕਰ ਸਚਮੁਚ ਕਿਸਾਨਾਂ ਦੇ ਹਮਦਰਦ ਹਨ ਤਾਂ ਕਿਸਾਨਾਂ ਤੋਂ ਹਰਿਆਣਾ ਦੀ ਭਾਜਪਾ ਸਰਕਾਰ ਦੀ ਤਰ੍ਹਾਂ 7.50 ਰੁਪਏ ਕਿਲੋ ’ਤੇ ਗੋਭੀ ਦੀ ਖਰੀਦ ਤੁਰੰਤ ਯਕੀਨੀ ਬਣਾਏ। ਜੋਸ਼ੀ ਨੇ ਕਿਹਾ ਕਿ ਪੰਜਾਬ ’ਚ ਲਗਭਗ 55,000 ਏਕੜ ’ਚ ਫੁੱਲਗੋਭੀ ਦੀ ਖੇਤੀ ਕੀਤੀ ਜਾਂਦੀ ਹੈ, ਪਰ ਕਿਸਾਨਾਂ ਨੂੰ ਆਪਣੀ ਉਪਜ ਦੀ ਲਾਗਤ ਵੀ ਨਹੀਂ ਮਿਲ ਰਹੀ। ਕਿਸਾਨ ਨੂੰ ਮੰਡੀਆਂ ਤੱਕ ਫੁੱਲਗੋਭੀ ਲਿਜਾਣ ਜਾਂ ਖੇਤਾਂ ਚੋਂ ਤੋੜਨ ਦਾ ਖਰਚਾ ਵੀ ਨਹੀਂ ਮਿਲ ਰਿਹਾ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀ ਅਣਦੇਖੀ ਕਾਰਨ ਕਿਸਾਨ ਫੁੱਲਗੋਭੀ ਨੂੰ ਖੇਤਾਂ ਵਿੱਚ ਹੀ ਜੋਤਣ ਲਈ ਮਜ਼ਬੂਰ ਹਨ। ਇਸ ਤੋਂ ਪਹਿਲਾਂ ਪਿਛਲੇ ਸਾਲ ਮਟਰ ਦੀ ਫਸਲ ਬਰਬਾਦ ਹੋਣ ’ਤੇ ਪੰਜਾਬ ਸਰਕਾਰ ਨੇ ਕੋਈ ਮੁਆਵਜ਼ਾ ਨਹੀਂ ਦਿੱਤਾ। ਇਸਦੇ ਇਲਾਵਾ, ਕੇਂਦਰ ਸਰਕਾਰ ਵੱਲੋਂ ਚੌਲ ਖਰੀਦ ਲਈ 44,000 ਕਰੋੜ ਰੁਪਏ ਭੇਜੇ ਜਾਣ ਦੇ ਬਾਵਜੂਦ ਰਾਜ ਵਿੱਚ ਚੌਲ ਦੀ ਖਰੀਦ ’ਤੇ ਕਟੌਤੀ ਹੋਈ, ਪਰ ਮੁੱਖ ਮੰਤਰੀ ਇਸ



’ਤੇ ਵੀ ਚੁਪ ਰਹੇ। ਜੋਸ਼ੀ ਨੇ ਹਰਿਆਣਾ ਦਾ ਉਦਾਹਰਣ ਦਿੰਦਿਆਂ ਕਿਹਾ ਕਿ ਉਥੇ ਦੀ ਭਾਜ਼ਪਾ ਸਰਕਾਰ 2018 ਤੋਂ ਲਗਾਤਾਰ ਭਾਵਾਂਤਰ ਭਰਪਾਈ ਯੋਜਨਾ ਦੇ ਤਹਿਤ 16 ਸਬਜ਼ੀਆਂ ਅਤੇ 5 ਫਲਾਂ ’ਤੇ ਘੱਟੋ ਘੱਟ ਸਹਾਇਤਾ ਮੁੱਲ (ਐੱਮਐੱਸਪੀ) ਉਪਲਬਧ ਕਰਵਾ ਰਹੀ ਹੈ। ਇਨ੍ਹਾਂ ਸਬਜ਼ੀਆਂ ਵਿੱਚ ਟਮਾਟਰ, ਪਿਆਜ਼, ਆਲੂ, ਫੁੱਲਗੋਭੀ, ਭਿੰਡੀ, ਲੌਕੀ, ਕਰੇਲਾ, ਬੈਂਗਨ, ਗਾਜਰ, ਪੱਤਾਗੋਭੀ, ਮਿਰਚ, ਸ਼ਿਮਲਾ ਮਿਰਚ, ਮਟਰ, ਮੂੱਲੀ, ਹਲਦੀ ਅਤੇ ਲਹਸਨ ਸ਼ਾਮਲ ਹਨ, ਜਦਕਿ ਫਲਾਂ ਵਿੱਚਆਂ ਆਮ, ਅਮਰੂਦ, ਕਿੰਨੂ, ਬੇਰ ਅਤੇ ਲੀਚੀ ਸ਼ਾਮਲ ਹਨ। ਇਸਦੇ ਵਿਰੁੱਧ, ਪੰਜਾਬ ਵਿੱਚ ਕਿਸਾਨਾਂ ਨੂੰ ਨਾ ਤਾਂ ਮੁਆਵਜ਼ਾ ਦਿੱਤਾ ਗਿਆ ਅਤੇ ਨਾ ਹੀ ਸਬਜ਼ੀ ਅਤੇ ਫਲਾਂ ਦੀਆਂ ਫਸਲਾਂ ’ਤੇ ਕੋਈ ਸੋਲੀ ਪ੍ਰਨੀਤੀ ਬਣਾਈ ਗਈ। ਜੋਸ਼ੀ ਨੇ ਕਿਹਾ ਕਿ ਆਲੂ ਅਤੇ ਟਮਾਟਰ ਦੇ ਕਿਸਾਨਾਂ ਦੀ ਸਥਿਤੀ ਵੀ ਬਦਤਰ ਹੈ। ਜੋਸ਼ੀ ਨੇ ਦੁਬਾਰਾ ਮੰਗ ਕੀਤੀ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜੇ ਕਰ ਸਚਮੁਚ ਕਿਸਾਨਾਂ ਦੇ ਹਮਦਰਦ ਹਨ ਤਾਂ ਕਿਸਾਨਾਂ ਤੋਂ ਹਰਿਆਣਾ ਦੀ ਭਾਜਪਾ ਸਰਕਾਰ ਦੀ ਤਰ੍ਹਾਂ 7.50 ਰੁਪਏ ਕਿਲੋ ’ਤੇ ਗੋਭੀ ਦੀ ਖਰੀਦ ਤੁਰੰਤ ਯਕੀਨੀ ਬਣਾਵੇ।

## ਨਾਬਾਲਗ ਬੇਟੇ ਨੂੰ ਜ਼ਹਿਰ ਦੇ ਕੇ ਮਾਰਿਆ

ਅਹਿਮਦਾਬਾਦ 8 ਫਰਵਰੀ। ਗੁਜਰਾਤ ਦੇ ਅਹਿਮਦਾਬਾਦ ਵਿਚ ਇਕ ਪਿਤਾ ਨੇ ਆਪਣੇ 10 ਸਾਲਾ ਪੁੱਤਰ ਨੂੰ ਪਾਣੀ ਵਿਚ ਜ਼ਹਿਰ ਮਿਲਾ ਕੇ ਪਿਲਾ ਦਿੱਤਾ, ਜਿਸ ਨਾਲ ਉਸ ਦੀ ਮੌਤ ਹੋ ਗਈ। ਬਾਪੂਨਗਰ ਪੁਲਸ ਸਟੇਸ਼ਨ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਕਲਪੇਸ਼ ਗੋਹੇਲ (47) ਨੇ ਆਪਣੇ ਪੁੱਤਰ ਦੀ ਹੱਤਿਆ ਕਰਨ ਤੋਂ ਬਾਅਦ ਖੁਦਕੁਸ਼ੀ ਕਰਨ ਦੀ ਯੋਜਨਾ ਬਣਾਈ ਸੀ ਪਰ ਉਸ ਨੂੰ ਅੰਜਾਮ ਨਹੀਂ ਦਿੱਤਾ। ਉਨ੍ਹਾਂ ਦੱਸਿਆ ਕਿ ਗੋਹੇਲ ਨੂੰ ਮੰਗਲਵਾਰ ਨੂੰ ਘਟਨਾ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ। ਅਧਿਕਾਰੀ ਨੇ ਦੱਸਿਆ ਕਿ ਅਪਰਾਧ ਦੇ ਪਿੱਛੇ ਦਾ ਕਾਰਨ ਅਜੇ ਵੀ ਸਪੱਸ਼ਟ ਨਹੀਂ ਹੈ। ਗੋਹੇਲ ਆਪਣੇ 2 ਬੱਚਿਆਂ, ਪਤਨੀ ਅਤੇ ਮਾਪਿਆਂ ਨਾਲ ਰਹਿੰਦਾ ਸੀ।

## 7 ਮੈਂਬਰੀ ਕਮੇਟੀ ਦੀ ਮੀਟਿੰਗ ਮਗਰੋਂ ਬੀਬੀ ਜਗੀਰ ਕੌਰ ਦਾ ਪਹਿਲਾ ਬਿਆਨ

ਲੁਧਿਆਣਾ 8 ਫਰਵਰੀ। ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ‘ਜਗ ਬਾਣੀ’ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚੰਗਾ ਹੋਇਆ 2 ਮਹੀਨੇ ਬੀਤਣ ’ਤੇ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਧਾਮੀ ਨੇ ਜਥੇਦਾਰ ਸਾਹਿਬਾਨ ਦੇ ਹੁਕਮ ’ਤੇ ਬਣੀ 7 ਮੈਂਬਰੀ ਭਰਤੀ ਕਮੇਟੀ ਦੀ ਮੀਟਿੰਗ ਬੁਲਾ ਹੀ ਲਈ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਭਾਵੇਂ ਦੇਰ ਨਾਲ ਲਿਆ ਹੋਵੇ ਪਰ ਫਿਰ ਵੀ ਦਰੁੱਸਤ ਹੈ। ਬੀਬੀ



ਜਗੀਰ ਕੌਰ ਨੇ ਕਿਹਾ ਕਿ ਹੁਣ ਜਲਦ ਹੀ ਪ੍ਰੋ. ਧਾਮੀ 7 ਮੈਂਬਰੀ ਕਮੇਟੀ ਰਾਹੀਂ ਸ਼?ਰੋਮਣੀ ਅਕਾਲੀ ਦਲ ਦੀ ਮੁੜ ਭਰਤੀ ਸ਼ੁਰੂ ਕਰਵਾਉਣ ਦੀ ਪ੍ਰਕਿਰਿਆ ਸ਼ੁਰੂ ਕਰਵਾਉਣ ਅਤੇ ਜੋ ਭਰਤੀ ਚੱਲ ਰਹੀ ਹੈ, ਉਸ ਨੂੰ ਰੋਕਣ ਦੇ ਆਦੇਸ਼ ਦੇਣ ਕਿਉਂਕਿ ਜਥੇਦਾਰ ਸਾਹਿਬ ਦੇ ਹੁਕਮ ਨੂੰ ਅਣਡਿੱਠਾ ਕਰ ਕੇ ਵਰਕਿੰਗ ਕਮੇਟੀ ਨੇ ਜਿਹੜੀ ਭਰਤੀ ਕਰਨ ਦੇ ਹੁਕਮ ਦਿੱਤੇ ਸਨ, ਉਸ ਨੂੰ ਸਿੱਖਾਂ ਅਤੇ ਅਕਾਲੀ ਦਲ ਦੇ ਵਰਕਰਾਂ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਦੀ ਫੀਡਬੈਕ ਮਿਲਣ ’ਤੇ ਹੀ ਪ੍ਰੋ. ਧਾਮੀ ਨੇ ਇਹ ਮੀਟਿੰਗ ਸੱਦੀ ਹੈ, ਜਿਸ ’ਤੇ ਉਹ ਹੁਣ ਪ੍ਰੋ. ਧਾਮੀ ਅਤੇ 7 ਮੈਂਬਰੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਜਥੇਦਾਰ ਦੇ ਹੁਕਮ ਤਹਿਤ ਆਧਾਰ ਕਾਰਡ, ਪੂਰਾ ਨਾਮ, ਪਤਾ ਅਤੇ ਮੋਬਾਈਲ ਨੰਬਰ ਲਿਖ ਕੇ ਇਹ ਭਰਤੀ ਮੁੜ ਤੋਂ ਸ਼ੁਰੂ ਕਰਵਾਈ ਜਾਵੇ ਤਾਂ ਜੋ ਬੋਗਸ ਭਰਤੀ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਸ਼?ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਅਤੇ ਕਾਰਜਕਾਰੀ ਪ੍ਰਧਾਨ ਭੂੰਦੜ ਵੀ 7 ਮੈਂਬਰੀ ਕਮੇਟੀ ਨੂੰ ਮਾਨਤਾ ਦੇਣ ਅਤੇ 7 ਮੈਂਬਰੀ ਕਮੇਟੀ ਦੀ ਅਗਵਾਈ ਕਬੂਲਣ ਤਾਂ ਜੋ ਅਕਾਲੀ ਦਲ ਮੁੜ ਉੱਠ ਸਕੇ।

## ਹਾਦਸੇ ਦੌਰਾਨ ਵੱਢੀ ਗਈ ਨੌਜਵਾਨ ਦੀ ਲੱਤ, ਅਦਾਲਤ ਵੱਲੋਂ 37 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੇ ਹੁਕਮ

ਚੰਡੀਗੜ੍ਹ 8 ਫਰਵਰੀ। ਸੜਕ ਹਾਦਸੇ ਵਿਚ ਇਕ ਨੌਜਵਾਨ ਦੀ ਲੱਤ ਕੱਟੀ ਗਈ ਸੀ। ਹੁਣ ਅਦਾਲਤ ਨੇ ਪੀੜਤ ਨੂੰ 37.24 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੇ ਹੁਕਮ ਦੇ ਕੇ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਨੌਜਵਾਨ ਦੀ ਲੱਤ ਕੱਟੀ ਗਈ ਹੈ ਤੇ ਉਹ ਸਾਰੀ ਉਮਰ ਲਈ ਦੂਜਿਆਂ ’ਤੇ ਨਿਰਭਰ ਹੋ ਗਿਆ ਹੈ। ਉਸ ਨੂੰ ਆਰਥਿਕ ਤੌਰ ’ਤੇ ਖੜ੍ਹਾ ਕਰਨ ਲਈ ਮੁਆਵਜ਼ੇ ਦੀ ਲੋੜ ਹੈ। ਪੀੜਤ ਦੇ ਵਕੀਲ ਨੇ ਦੱਸਿਆ ਕਿ ਰਣਦੀਪ ਸਿੰਘ 8 ਅਕਤੂਬਰ 2023 ਨੂੰ



ਸਵੇਰੇ 11.30 ਵਜੇ ਆਪਣੇ ਭਰਾ ਦਲਜੀਤ ਸਿੰਘ ਦੇ ਨਾਲ ਸਕੂਟਰ ’ਤੇ ਬਨੂੜ ਦੀ ਦਾਣਾ ਮੰਡੀ ਤੋਂ ਪਰਤ ਰਿਹਾ ਸੀ। ਜਦੋਂ ਉਹ ਦਾਣਾ ਮੰਡੀ ਗੇਟ ਨੇੜੇ ਪਹੁੰਚੇ ਤਾਂ ਇਕ ਟਰੱਕ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਟਰੱਕ ਦਾ ਟਾਇਰ ਰਣਦੀਪ ਦੀ ਖੱਬੀ ਲੱਤ ਦੇ ਉੱਪਰੋਂ ਲੰਘ ਗਿਆ, ਜਿਸ ਕਾਰਨ ਉਸ ਦੀ ਲੱਤ ਕੱਟਣੀ ਪਈ। ਪੀੜਤ ਨੇ ਇਨਸਾਫ਼ ਦੇ ਲਈ ਅਦਾਲਤ ਦਾ ਦਰਵਾਜ਼ਾ ਖੜਕਾਇਆ। ਮੁਆਵਜੇ ਦੇ ਕੇਸ ਵਿਚ ਨੋਟਿਸ ਮਿਲਣ ’ਤੇ ਟਰੱਕ ਡਰਾਈਵਰ ਤੇ ਮਾਲਕ ਨੇ ਪਹਿਲਾਂ ਤਾਂ ਇਸ ਗੱਲ ਤੋਂ ਹੀ ਇਨਕਾਰ ਕਰ ਦਿੱਤਾ ਗਿਆ ਟਰੱਕ ਨਾਲ ਕੋਈ ਹਾਦਸਾ ਵਾਪਰਿਆ ਹੋਵੇ ਤੇ ਕਿਹਾ ਕਿ ਪੀੜਤ ਨੇ ਮੁਆਵਜ਼ਾ ਲੈਣ ਲਈ ਝੂਠੀ ਕਰਵਾਈ ਹੈ। ਦੂਜੇ ਪਾਸੇ ਇੰਸ਼ੋਰੈਂਸ ਕੰਪਨੀ ਨੇ ਕਿਹਾ ਕਿ ਹਾਦਸੇ ਦੇ ਸਮੇਂ ਟਰੱਕ ਡਰਾਈਰ ਕੋਲ ਲਾਇਸੰਸ ਤੇ ਪਰਮਿਟ ਵੀ ਨਹੀਂ ਸੀ, ਇਸ ਲਈ ਕੰਪਨੀ ਮੁਆਵਜ਼ਾ ਦੇਣ ਲਈ ਜ਼ਿੰਮੇਵਾਰ ਨਹੀਂ ਹੈ। ਪੀੜਤ ਨੇ ਵੀ ਆਪਣੇ ਹੱਕ ਵਿਚ ਤਮਾਮ ਸਬੂਤਾਂ ਤੇ ਦਲੀਲਾਂ ਪੇਸ਼ ਕੀਤੀਆਂ। ਇਸ ਮਗਰੋਂ ਅਦਾਲਤ ਨੇ ਪੀੜਤ ਦੇ ਹੱਕ ਵਿਚ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਨੌਜਵਾਨ ਦੀ ਲੱਤ ਕੱਟੀ ਗਈ ਹੈ ਤੇ ਉਹ ਸਾਰੀ ਉਮਰ ਲਈ ਦੂਜਿਆਂ ’ਤੇ ਨਿਰਭਰ ਹੋ ਗਿਆ ਹੈ। ਉਸ ਨੂੰ ਆਰਥਿਕ ਤੌਰ ’ਤੇ ਖੜ੍ਹਾ ਕਰਨ ਲਈ ਮੁਆਵਜ਼ੇ ਦੀ ਲੋੜ ਹੈ।

# ਕੁਝ ਜ਼ਿਲ੍ਹਿਆਂ ਨੂੰ ਖ਼ਤਮ ਕਰਨ ਦੇ ਮੁੱਦੇ ’ਤੇ ਰਾਜਸਥਾਨ ਵਿਧਾਨ ਸਭਾ ’ਚ ਹੰਗਾਮਾ

**ਕਿਸ਼ਨ ਪਾਲ**

ਜੈਪੁਰ 8 ਫਰਵਰੀ। ਰਾਜਸਥਾਨ ਸਰਕਾਰ ਵੱਲੋਂ ਕੁਝ ਜ਼ਿਲ੍ਹਿਆਂ ਦੇ ਗਠਨ ਨੂੰ ਰੱਦ ਕਰਨ ਦੇ ਮੁੱਦੇ ’ਤੇ ਬੁੱਧਵਾਰ ਨੂੰ ਰਾਜਸਥਾਨ ਵਿਧਾਨ ਸਭਾ ਵਿੱਚ ਹੰਗਾਮਾ ਹੋਇਆ ਅਤੇ ਸਦਨ ਦੀ ਕਾਰਵਾਈ 15 ਮਿੰਟ ਲਈ ਮੁਲਤਵੀ ਕਰਨੀ ਪਈ। ਵਿਧਾਨ ਸਭਾ ਦੇ ਸਪੀਕਰ ਵਾਸੂਦੇਵ ਦੇਵਨਾਨੀ ਨੇ ਬਾਅਦ ਵਿੱਚ ਇੱਕ ਪ੍ਰਬੰਧ ਕੀਤਾ ਕਿ ਵੀਰਵਾਰ ਨੂੰ ਇਸ ਮੁੱਦੇ ’ਤੇ ਮੁਲਤਵੀ ਪ੍ਰਸਤਾਵ ਦੇਣ ਵਾਲੇ ਦੋ ਵਿਧਾਇਕਾਂ ਨੂੰ ਦੋ-ਦੋ ਮਿੰਟ ਬੋਲਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਸਰਕਾਰ ਵੱਲੋਂ ਇਸ ’ਤੇ ਇੱਕ ਸੰਖੇਪ ਬਿਆਨ ਦਿੱਤਾ ਜਾਵੇਗਾ। ਸਿਫ਼ਰ ਕਾਲ ਦੌਰਾਨ ਸਪੀਕਰ ਦੇਵਨਾਨੀ ਨੇ ਕਿਹਾ ਕਿ ਵਿਧਾਇਕ ਸੁਰੇਸ਼ ਮੋਦੀ ਅਤੇ 30 ਹੋਰ ਮੈਂਬਰਾਂ ਨੇ ਪਿਛਲੀ ਕਾਂਗਰਸ ਸਰਕਾਰ ਦੌਰਾਨ ਬਣਾਏ ਗਏ ਤਿੰਨ ਡਿਵੀਜ਼ਨਾਂ ਅਤੇ ਨੌਂ ਜ਼ਿਲ੍ਹਿਆਂ ਨੂੰ ਖ਼ਤਮ ਕਰਨ ਤੋਂ ਪੈਦਾ ਹੋਏ ਵਿਵਾਦ ਸੰਬੰਧੀ ਮੁਲਤਵੀ ਪ੍ਰਸਤਾਵ ਦਿੱਤੇ ਹਨ। ਉਨ੍ਹਾਂ ਕਿਹਾ ਕਿ ਵਿਧਾਇਕ ਸੁਰੇਸ਼ ਮੋਦੀ ਅਤੇ ਰਾਮਕੇਸ਼ ਨੂੰ ਉਨ੍ਹਾਂ ਦੇ ਪ੍ਰਸਤਾਵ ਦੇ ਵਿਸ਼ੇ ’ਤੇ ਦੋ-ਦੋ ਮਿੰਟ ਬੋਲਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਤੋਂ ਬਾਅਦ ਸੰਸਦੀ ਮਾਮਲਿਆਂ ਦੇ ਮੰਤਰੀ ਜੋਗਾਰਾਮ ਪਟੇਲ ਨੇ ਕਿਹਾ ਕਿ ਜ਼ਿਲ੍ਹਿਆਂ ਅਤੇ ਡਿਵੀਜ਼ਨਾਂ ਨੂੰ ਖ਼ਤਮ ਕਰਨ ਦਾ ਮੁੱਦਾ ਹਾਈ ਕੋਰਟ ਵਿੱਚ ਵਿਚਾਰ ਅਧੀਨ ਹੈ ਅਤੇ ਵਿਧਾਨ ਸਭਾ ਵਿੱਚ ਅਦਾਲਤ ਵਿੱਚ ਵਿਚਾਰ ਅਧੀਨ ਕਿਸੇ ਵੀ ਮੁੱਦੇ ’ਤੇ ਚਰਚਾ ਨਾ ਕਰਨ ਦੀ ਪਰੰਪਰਾ ਰਹੀ ਹੈ। ਉਨ੍ਹਾਂ ਨੇ ਚੇਅਰਪਰਸਨ ਨੂੰ ਬੇਨਤੀ ਕੀਤੀ ਕਿ ਇਸ ਮੁਲਤਵੀ ਪ੍ਰਸਤਾਵ ’ਤੇ ਚਰਚਾ ਨਾ ਕੀਤੀ ਜਾਵੇ। ਵਿਰੋਧੀ ਧਿਰ ਦੇ ਨੇਤਾ ਟੀਕਾਰਾਮ ਜੂਲੀ ਨੇ ਇਸ ’ਤੇ ਇਤਰਾਜ਼ ਜਤਾਇਆ ਅਤੇ ਕਿਹਾ ਕਿ ਸਿਰਫ਼ ਦੋ ਜ਼ਿਲ੍ਹਿਆਂ ਦੇ ਮਾਮਲੇ ਅਦਾਲਤ ਵਿੱਚ



ਹਨ, ਬਾਕੀ ਜ਼ਿਲ੍ਹਿਆਂ ਦੇ ਨਹੀਂ। ਉਨ੍ਹਾਂ ਕਿਹਾ, ਅਸੀਂ ਇੱਥੇ ਦੋ ਜ਼ਿਲ੍ਹਿਆਂ ਦਾ ਜ਼ਿਕਰ ਨਹੀਂ ਕਰਾਂਗੇ; ਬਾਕੀਆਂ ਬਾਰੇ ਚਰਚਾ ਕਰਨ ਵਿੱਚ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ। ਬਾਅਦ ਵਿੱਚ ਵਿਧਾਨ ਸਭਾ ਦੇ ਸਪੀਕਰ ਨੇ ਅੱਜ ਇਸ ਮੁੱਦੇ ’ਤੇ ਚਰਚਾ ਨਾ ਕਰਨ ਦਾ ਫ਼ੈਸਲਾ ਲਿਆ, ਜਿਸ ਤੋਂ ਬਾਅਦ ਵਿਰੋਧੀ ਧਿਰ ਨੇ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਹੰਗਾਮਾ ਕੀਤਾ। ਹੰਗਾਮੇ ਦੇ ਵਿਚਕਾਰ ਸਪੀਕਰ ਨੇ ਕਾਰਵਾਈ 15 ਮਿੰਟ ਲਈ ਮੁਲਤਵੀ ਕਰ ਦਿੱਤੀ। ਸਦਨ ਦੇ ਬੈਠਣ ਤੋਂ ਬਾਅਦ ਵੀ ਹੰਗਾਮਾ ਜਾਰੀ ਰਿਹਾ। ਦੁਪਹਿਰ ਦੇ ਖਾਣੇ ਦੀ ਬ੍ਰੇਕ ਤੋਂ ਬਾਅਦ, ਸਪੀਕਰ ਦੇਵਨਾਨੀ ਨੇ ਫ਼ੈਸਲਾ ਸੁਣਾਇਆ, ’’ਇਸ ਮੁਲਤਵੀ ਮਤੇ ’ਤੇ ਬੋਲਣ ਲਈ ਅੱਜ ਜਿਨ੍ਹਾਂ ਦੋ ਮੈਂਬਰਾਂ ਦੇ ਨਾਵਾਂ ਦਾ ਐਲਾਨ ਹੋਇਆ, ਉਹ ਬੋਲਣਗੇ। ਸਰਕਾਰ ਵੱਲੋਂ ਇੱਕ ਮੰਤਰੀ ਜਵਾਬ ਦੇਣਗੇ।’’ ਇਸ ਤੋਂ ਬਾਅਦ ਸਦਨ ਵਿੱਚ ਹੋਰ ਵਿਧਾਨਕ ਅਤੇ ਹੋਰ ਕੰਮ ਹੋਏ। ਰਾਜ ਦੀ ਪਿਛਲੀ ਗਹਿਲੋਤ ਸਰਕਾਰ ਨੇ 17 ਨਵੇਂ ਜ਼ਿਲ੍ਹੇ ਅਤੇ ਤਿੰਨ ਨਵੇਂ ਡਿਵੀਜ਼ਨ ਬਣਾਉਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਇਸ ਦੇ ਨਾਲ ਤਿੰਨ ਹੋਰ ਜ਼ਿਲ੍ਹਿਆਂ ਦਾ ਐਲਾਨ ਕੀਤਾ ਗਿਆ

## 10 ਕਿਲੋ ਹੈਰੋਇਨ ਸਣੇ ਸਮੱਗਲਰ ਗ੍ਰਿਫ਼ਤਾਰ

ਜਲੰਧਰ 8 ਫਰਵਰੀ। ਐਂਟੀ-ਨਾਰਕੋਟਿਕਸ ਟਾਸਕ ਫੋਰਸ ਜਲੰਧਰ ਰੇਂਜ ਨੇ ਵੱਡੀ ਸਫ਼ਲਤਾ ਹਾਸਲ ਕਰਦਿਆਂ 10 ਕਿਲੋ 163 ਗ੍ਰਾਮ ਹੈਰੋਇਨ ਨਾਲ ਸਮੱਗਲਰ ਨੂੰ ਗ੍ਰਿਫ਼ਤਾਰ ਕੀਤਾ ਹੈ। ਏ. ਐੱਨ. ਟੀ. ਐੱਫ਼. ਦੇ ਏ. ਆਈ. ਜੀ. ਜਗਜੀਤ ਸਿੰਘ ਸਰੋਆ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਕ ਨੌਜਵਾਨ ਬਿਨਾਂ ਨੰਬਰੀ ਪਲਸਰ ਮੋਟਰਸਾਈਕਲ ’ਤੇ ਭਾਰੀ ਮਾਤਰਾ ਵਿਚ ਕਿਸੇ ਨੂੰ ਹੈਰੋਇਨ ਸਪਲਾਈ ਕਰਨ ਜਾ ਰਿਹਾ ਹੈ। ਇਸ ’ਤੇ ਡੀ. ਐੱਸ. ਪੀ. ਇੰਦਰਜੀਤ ਸਿੰਘ ਦੀ ਅਗਵਾਈ ਵਿਚ ਐੱਸ. ਆਈ. ਸੰਜੀਵ ਕੁਮਾਰ ਵੱਲੋਂ ਅੱਡਾ ਸੋਹੀਆਂ ਕਲਾਂ ਨੇੜੇ ਵਿਸ਼ੇਸ਼ ਨਾਕਾਬੰਦੀ ਕਰਕੇ ਉਕਤ ਨੌਜਵਾਨ ਨੂੰ ਦਬੋਚ ਲਿਆ ਗਿਆ। ਉਸ ਨੇ ਆਪਣਾ ਨਾਂ ਗੁਰਦੇਵ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਧਾਰੀਵਾਲ ਬੱਗਾ ਥਾਣਾ ਰਾਜਾਸਾਂਸੀ ਜ਼ਿਲ੍ਹਾ ਅੰਮ੍ਰਿਤਸਰ, ਹਾਲ ਵਾਸੀ ਪਿੰਡ ਮੋਹਨ ਭੰਡਾਰੀਆਂ ਥਾਣਾ ਝੰਡੇਰ ਜ਼ਿਲ੍ਹਾ ਅੰਮ੍ਰਿਤਸਰ ਦੱਸਿਆ।

## ਬਾਬਾ ਬਗੇਸ਼ਵਰ ਦੀ ਕਮਾਈ ਸੁਣ ਉੱਡਣਗੇ ਹੋਸ਼ ! ਕੈਮਰੇ ਸਾਹਮਣੇ ਖੁਦ ਕੀਤੇ ਖੁਲਾਸੇ

ਨਵੀਂ ਦਿੱਲੀ 8 ਫਰਵਰੀ। ਬਾਗੇਸ਼ਵਰ ਧਾਮ ਦੇ ਨਾਮ ਨਾਲ ਮਸ਼ਹੂਰ ਹੋਏ ਧੀਰੇਂਦਰ ਸ਼ਾਸਤਰੀ ਹਰ ਰੋਜ਼ ਚਰਚਾ ਦਾ ਵਿਸ਼ਾ ਬਣੇ ਰਹਿੰਦੇ ਹਨ। ਉਹ ਅਕਸਰ ਵਿਵਾਦਪੂਰਨ ਬਿਆਨਾਂ ਕਾਰਨ ਸੁਰਖੀਆਂ ਵਿੱਚ ਆਉਂਦੇ ਰਹਿੰਦੇ ਹਨ। ਹੁਣ ਇਸ ਦੌਰਾਨ ਧੀਰੇਂਦਰ ਸ਼ਾਸਤਰੀ ਦਾ ਇੱਕ ਵੀਡੀਓ ਕਾਫ਼ੀ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਹ ਆਪਣੀ ਕਮਾਈ ਬਾਰੇ ਗੱਲ ਕਰਦੇ ਨਜ਼ਰ ਆ ਰਹੇ ਹਨ।



ਦਰਅਸਲ, ਧੀਰੇਂਦਰ ਸ਼ਾਸਤਰੀ ਦਾ ਇਹ ਵਾਇਰਲ ਵੀਡੀਓ ਇੰਡੀਆ ਟੀਵੀ ਦੇ ਸ਼ੋਅ ‘ਆਪ ਕੀ ਅਦਾਲਤ’ ਦਾ ਹੈ, ਜਿੱਥੇ ਰਜਤ ਸ਼ਰਮਾ ਨੇ ਖੁਦ ਧੀਰੇਂਦਰ ਸ਼ਾਸਤਰੀ ਤੋਂ ਉਨ੍ਹਾਂ ਦੀ ਕਮਾਈ ਬਾਰੇ ਸਵਾਲ ਕੀਤੇ ਸਨ। ਇਸ ਦਾ ਜਵਾਬ ਦਿੰਦੇ ਹੋਏ ਧੀਰੇਂਦਰ ਸ਼ਾਸਤਰੀ ਨੇ ਕਿਹਾ ਸੀ, ਸਾਡੀ ਕੋਈ ਨਿਸ਼ਚਿਤ ਆਮਦਨ ਨਹੀਂ ਹੈ ਕਿਉਂਕਿ ਸਾਡੀ ਕੋਈ ਕੰਪਨੀ ਜਾਂ ਕਾਰੋਬਾਰ ਨਹੀਂ ਹੈ। ਧੀਰੇਂਦਰ ਸ਼ਾਸਤਰੀ ਨੇ ਅੱਗੇ ਕਿਹਾ ਸੀ ਕਿ, ਸਾਡੇ ਕੋਲ ਕਰੋੜਾਂ ਸਨਾਤਨੀਆਂ ਦਾ ਪਿਆਰ ਅਤੇ ਲੱਖਾਂ-ਕਰੋੜਾਂ ਲੋਕਾਂ ਦਾ ਆਸ਼ੀਰਵਾਦ ਹੈ। ਸਾਡੇ ਕੋਲ ਹਜ਼ਾਰਾਂ ਸੰਤਾਂ ਦਾ ਵੀ ਆਸ਼ੀਰਵਾਦ ਹੈ ਅਤੇ ਇਹ ਸਾਡੀ ਆਮਦਨ ਹੈ। ਜਿੰਨੇ ਜ਼ਿਆਦਾ ਸਨਾਤਨੀਆਂ ਹਨ, ਅਸੀਂ ਓਨਾ ਹੀ ਜ਼ਿਆਦਾ ਕਮਾਉਂਦੇ ਹਾਂ, ਇਸ ਲਈ ਤੁਸੀਂ ਇਸ ਦਾ ਹਿਸਾਬ ਲਗਾ ਸਕਦੇ ਹੋ। ਦੱਸਣਯੋਗ ਹੈ ਕਿ ਧੀਰੇਂਦਰ ਸ਼ਾਸਤਰੀ ਦਾ ਇਹ ਵੀਡੀਓ ਲਗਾਤਾਰ ਵਾਇਰਲ ਹੋ ਰਿਹਾ ਹੈ ਅਤੇ ਲੋਕ ਇਸ ’ਤੇ ਟਿੱਪਣੀਆਂ ਕਰਦੇ ਵੀ ਦੇਖੇ ਜਾ ਸਕਦੇ ਹਨ। ਬਹੁਤ ਸਾਰੇ ਲੋਕ ਧੀਰੇਂਦਰ ਸ਼ਾਸਤਰੀ ਦੀ ਪ੍ਰਸ਼ੰਸਾ ਕਰ ਰਹੇ ਹਨ ਪਰ ਜੇਕਰ ਅਸੀਂ ਧੀਰੇਂਦਰ ਸ਼ਾਸਤਰੀ ਦੀ ਗੱਲ ਕਰੀਏ ਤਾਂ ਤੁਹਾਨੂੰ ਦੱਸ ਦੇਈਏ ਕਿ ਸ਼੍ਰੀ ਰਾਮ ਕਥਾ ਦੇ ਨਾਲ-ਨਾਲ ਉਹ ਆਪਣਾ ਬ੍ਰਹਮ ਚਮਤਕਾਰੀ ਦਰਬਾਰ ਵੀ ਸਥਾਪਤ ਕਰਦੇ ਹਨ। ਜਦੋਂ ਉਹ ਸੁਰਖੀਆਂ ਵਿੱਚ ਆਏ ਤਾਂ ਬਹੁਤ ਸਾਰੇ ਲੋਕਾਂ ਨੇ ਇਹ ਸਵਾਲ ਉਠਾਇਆ ਕਿ ਧੀਰੇਂਦਰ ਸ਼ਾਸਤਰੀ ਅੰਧਵਿਸ਼ਵਾਸ ਫੈਲਾ ਰਹੇ ਹਨ, ਹਾਲਾਂਕਿ ਬਾਅਦ ਵਿੱਚ ਉਨ੍ਹਾਂ ਨੇ ਖੁਦ ਇਸ ਗੱਲ ਦੀ ਪੁਸ਼ਟੀ ਕੀਤੀ। ਧੀਰੇਂਦਰ ਸ਼ਾਸਤਰੀ ’ਤੇ ਵੀ ਕਈ ਦੋਸ਼ ਲਗਾਏ ਗਏ ਸਨ।

## ਕੇਰਲ ਦੇ ਕੈਫੇ ’ਚ ‘ਕੁਕਿੰਗ ਸਟੀਮਰ’ ’ਚ ਧਮਾਕਾ

ਕੋਚੀ, 8 ਫਰਵਰੀ। ਕੇਰਲ ਦੇ ਕਲੂਰ ਵਿਚ ਇਕ ਕੈਫੇ ਵਿਚ ਵੀਰਵਾਰ ਨੂੰ ‘ਕੁਕਿੰਗ ਸਟੀਮਰ’ ਵਿਚ ਧਮਾਕਾ ਹੋਣ ਨਾਲ ਇਕ ਮਜ਼ਦੂਰ ਦੀ ਮੌਤ ਹੋ ਗਈ ਅਤੇ ਉਸਦੇ ਤਿੰਨ ਸਾਥੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਅੱਗ ਬੁਝਾਊ ਅਤੇ ਬਚਾਅ ਸੇਵਾ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਪੱਛਮੀ ਬੰਗਾਲ ਦੇ ਰਹਿਣ ਵਾਲੇ ਸੁਮਿਤ ਵਜੋਂ ਹੋਈ ਹੈ। ਜ਼ਖਮੀਆਂ (ਅਲੀ, ਲੂਲੂ ਅਤੇ ਕਿਰਨ) ਨੂੰ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਇਸ ਦੌਰਾਨ ਬਾਹਰ ਬੈਠੇ ਕੁਝ ਗਾਹਕ ਸੁਰੱਖਿਅਤ ਬਾਹਰ ਨਿਕਲਣ ਵਿਚ ਕਾਮਯਾਬ ਹੋ ਗਏ। ਪੁਲਸ ਨੇ ਕਿਹਾ ਕਿ ਮਾਮਲਾ ਦਰਜ ਕੀਤਾ ਜਾਵੇਗਾ ਅਤੇ ਅਗਲੇਰੀ ਜਾਂਚ ਜਾਰੀ ਹੈ।

## ਚੀਜ਼ ਦਿਵਾਉਣ ਬਹਾਨੇ ਨਾਲ ਲਿਜਾ ਕੇ ਫੁੱਫੜ ਨੇ ਮਾਸੂਮ ਨਾਲ ਕਰ’ਤਾ ਗੰਦਾ ਕੰਮ

ਜੈਪੁਰ 8 ਫਰਵਰੀ। ਰਾਜਧਾਨੀ ਜੈਪੁਰ ਦੇ ਟਰਾਂਸਪੋਰਟ ਨਗਰ ਥਾਣੇ ਦੇ ਇਲਾਕੇ ਵਿਚ 14 ਮਹੀਨਿਆਂ ਦੀ ਮਾਸੂਮ ਬੱਚੀ ਨਾਲ ਜਬਰ-ਜ਼ਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਬੱਚੀ ਦੇ ਫੁੱਫੜ ’ਤੇ ਜਬਰ-ਜ਼ਨਾਹ ਦਾ ਦੋਸ਼ ਹੈ। ਮੁਲਜ਼ਮ ਬੱਚੀ ਨੂੰ ਚੀਜ਼ ਦਿਵਾਉਣ ਅਤੇ ਖੁਆਉਣ ਦੇ ਬਹਾਨੇ ਆਪਣੇ ਨਾਲ ਲੈ ਗਿਆ, ਫਿਰ ਜਬਰ-ਜ਼ਨਾਹ ਦੀ ਵਾਰਦਾਤ ਨੂੰ ਅੰਜਾਮ ਦੇ ਕੇ ਲਹੂ-ਲੁਹਾਨ ਹਾਲਤ ਵਿਚ ਉਸਨੂੰ ਛੱਡ ਕੇ ਫਰਾਰ ਹੋ ਗਿਆ। ਡੀ.ਸੀ.ਪੀ. ਈਸਟ ਤੇਜਸਵਨੀ ਗੌਤਮ ਦੇ ਅਨੁਸਾਰ ਮੁਲਜ਼ਮ ਤੋਂ ਪੁੱਛਗਿੱਛ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮ ਨੇ ਸ਼ਰਾਬ ਦੇ ਨਸ਼ੇ ਵਿਚ ਲੜਕੀ ਨਾਲ ਗਲਤ ਹਰਕਤ ਕੀਤੀ ਸੀ।

# ਸ਼ਰਾਬ ਦੀ ਬੋਤਲਾਂ ਨੂੰ ਲੈ ਕੇ ਸਰਕਾਰ ਨੇ ਲਿਆ ਇਹ ਫ਼ੈਸਲਾ

**ਏਜੰਸੀਆਂ**

ਨਵੀਂ ਦਿੱਲੀ 8 ਫਰਵਰੀ। ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ਼ ਇੰਡੀਆ ਸ਼ਰਾਬ ਦੀਆਂ ਬੋਤਲਾਂ ’ਤੇ ਨਵੇਂ ਅਤੇ ਵਧੇਰੇ ਪ੍ਰਮੁੱਖ ਚੇਤਾਵਨੀ ਲੇਬਲ ਲਗਾਉਣ ਦੇ ਪ੍ਰਸਤਾਵ ’ਤੇ ਚਰਚਾ ਕਰ ਰਹੀ ਹੈ। ਇੱਕ ਅਧਿਕਾਰੀ ਨੇ ਕਿਹਾ ਕਿ ਇਹ ਵਿਚਾਰ-ਵਟਾਂਦਰਾ ਅਜੇ ਸ਼ੁਰੂਆਤੀ ਪੜਾਅ ’ਤੇ ਹੈ ਅਤੇ ਇਹ ਫ਼ੈਸਲਾ ਨਹੀਂ ਕੀਤਾ ਗਿਆ ਕਿ ਨਵੇਂ ਲੇਬਲ ਕਿਹੜੇ ਸੰਦੇਸ਼ ਲੈ ਕੇ ਜਾਣਗੇ ਜਾਂ ਕੀ ਉਹ ਚਿੱਤਰਕਾਰੀ ਹੋਣਗੇ ਜਾਂ ਨਹੀਂ। ਵਿਸ਼ਵ ਸਿਹਤ ਸੰਗਠਨ ਦੇ ਮੌਜੂਦਾ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸ਼ਰਾਬ ਦਾ ਕੋਈ ਸੁਰੱਖਿਅਤ ਪੱਧਰ ਨਹੀਂ ਹੁੰਦਾ, ਜੋ ਸਿਹਤ ਨੂੰ ਪ੍ਰਭਾਵਤ ਨਾ ਕਰੇ। ਪਿਛਲੇ ਹਫ਼ਤੇ, ਬੰਬੇ ਹਾਈ ਕੋਰਟ ਨੇ ਇਸੇ ਮੁੱਦੇ ’ਤੇ ਅਤੇ ਮਹਾਰਾਸ਼ਟਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ, ਜਿਸ ਵਿੱਚ ਮੰਗ ਕੀਤੀ ਗਈ ਸੀ ਕਿ ਸ਼ਰਾਬ ਦੀਆਂ ਬੋਤਲਾਂ ’ਤੇ ਕੈਂਸਰ ਨਾਲ ਸਬੰਧਤ ਚੇਤਾਵਨੀਆਂ ਉਸੇ ਤਰ੍ਹਾਂ ਲਿਖੀਆਂ ਜਾਣ ਜਿਵੇਂ ਸਿਗਰਟ ਦੇ ਪੈਕਾਂ ’ਤੇ ਦਿੱਤੀਆਂ ਜਾਂਦੀਆਂ ਹਨ। ਸ਼ਰਾਬ ਉਦਯੋਗ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਮੌਜੂਦਾ ਚੇਤਾਵਨੀ ਸੰਕੇਤ ਕਾਫ਼ੀ ਹਨ ਅਤੇ ਵਾਧੂ ਚੇਤਾਵਨੀਆਂ ਦੀ ਲੋੜ ਨਹੀਂ ਹੈ। ਬਰੂਅਰਜ਼ ਐਸੋਸੀਏਸ਼ਨ ਆਫ਼ ਇੰਡੀਆ (219) ਦੇ ਡਾਇਰੈਕਟਰ ਜਨਰਲ ਵਿਨੋਦ ਗਿਰੀ ਨੇ ਕਿਹਾ, ਭਾਰਤ ਵਿੱਚ ਸ਼ਰਾਬ ਦੀਆਂ ਬੋਤਲਾਂ ’ਤੇ ਪਹਿਲਾਂ ਹੀ ਕਾਫ਼ੀ ਸਿਹਤ ਚੇਤਾਵਨੀਆਂ ਲਿਖੀਆਂ ਹੋਈਆਂ ਹਨ। ਠੋਸ ਸਬੂਤਾਂ ਤੋਂ ਬਿਨਾਂ ਹੋਰ ਚੇਤਾਵਨੀਆਂ ਜੋੜਨ ਦੀ ਕੋਈ ਲੋੜ ਨਹੀਂ ਹੈ। ਸਾਨੂੰ ਭਰੋਸਾ ਹੈ ਕਿ ਇੱਕ ਵਿਗਿਆਨਕ ਸੰਸਥਾ ਹੋਣ ਦੇ ਨਾਤੇ, ਇਸ ਮੁੱਦੇ ’ਤੇ ਸੰਤੁਲਿਤ ਫ਼ੈਸਲਾ ਲਵੇਗੀ। ਭਾਰਤ ਵਿੱਚ 1 ਅਪ੍ਰੈਲ,



2019 ਤੋਂ ਲਾਗੂ ਹੋਏ ਨਿਯਮਾਂ ਤਹਿਤ ਸ਼ਰਾਬ ਦੀਆਂ ਬੋਤਲਾਂ ’ਤੇ ਦੋ ਲਾਜ਼ਮੀ ਚੇਤਾਵਨੀਆਂ ਲਿਖੀਆਂ ਗਈਆਂ ਹਨ: ਸ਼ਰਾਬ ਦਾ ਸੇਵਨ ਸਿਹਤ ਲਈ ਹਾਨੀਕਾਰਕ ਹੈ। ਸੁਰੱਖਿਅਤ ਰਹੋ, ਸ਼ਰਾਬ ਪੀ ਕੇ ਗੱਡੀ ਨਾ ਚਲਾਓ। ਨਿਯਮਾਂ ਅਨੁਸਾਰ 200 ਮਿ.ਲੀ. ਤੱਕ ਦੀਆਂ ਬੋਤਲਾਂ ’ਤੇ ਚੇਤਾਵਨੀ ਅੱਖਰਾਂ ਦੀ ਉਚਾਈ ਘੱਟੋ-ਘੱਟ 1.5 ਮਿਲੀਮੀਟਰ ਹੋਣੀ ਚਾਹੀਦੀ ਹੈ, ਜਦੋਂ ਕਿ 200 ਮਿ.ਲੀ. ਤੋਂ ਵੱਡੀਆਂ ਬੋਤਲਾਂ ’ਤੇ ਇਹ 3 ਮਿਲੀਮੀਟਰ ਹੋਣੀ ਚਾਹੀਦੀ ਹੈ। ਇਹ ਚੇਤਾਵਨੀਆਂ ਅੰਗਰੇਜ਼ੀ ਜਾਂ ਕਿਸੇ ਵੀ ਸਥਾਨਕ ਭਾਸ਼ਾ ਵਿੱਚ ਹੋ ਸਕਦੀਆਂ ਹਨ। ਇੰਟਰਨੈਸ਼ਨਲ ਸਪਿਰਿਟਸ ਐਂਡ ਵਾਈਨ ਐਸੋਸੀਏਸ਼ਨ ਆਫ ਇੰਡੀਆ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਦਾ ਵਾਈਨ ਬਾਜ਼ਾਰ 52.4 ਅਰਬ ਡਾਲਰ ਦਾ ਹੈ ਅਤੇ 2030 ਤੱਕ ਇਸਦੇ 64 ਅਰਬ ਡਾਲਰ ਤੱਕ ਪਹੁੰਚਣ ਦੀ ਉਮੀਦ ਹੈ। ਅਨੁਸਾਰ ਸ਼ਰਾਬ ਦਾ ਜ਼ਿਆਦਾ ਸੇਵਨ ਕੈਂਸਰ ਦਾ ਕਾਰਨ ਬਣ ਸਕਦਾ ਹੈ ਪਰ ਉਦਯੋਗ ਮਾਹਿਰਾਂ ਦਾ ਮੰਨਣਾ ਹੈ ਕਿ ਸ਼ਰਾਬ ਦਾ ਦਰਮਿਆਨਾ ਸੇਵਨ ਸਿਹਤ ਲਈ ਓਨਾ ਨੁਕਸਾਨਦੇਹ ਨਹੀਂ ਹੈ। ਕੁਝ ਰਿਪੋਰਟਾਂ ਇਹ ਵੀ ਕਹਿੰਦੀਆਂ ਹਨ ਕਿ ਅਮਰੀਕਨ ਅਕੈਡਮੀਆਂ ਆਫ਼ ਸਾਇੰਸਜ਼, ਇੰਜੀਨੀਅਰਿੰਗ ਅਤੇ ਮੈਡੀਸਨ ਦੇ ਇੱਕ ਅਧਿਐਨ ਵਿੱਚ ਦਰਮਿਆਨੀ ਸ਼ਰਾਬ ਦੀ ਖਪਤ ਅਤੇ ਕੈਂਸਰ ਵਿਚਕਾਰ ਕੋਈ ਸਿੱਧਾ ਸਬੰਧ ਨਹੀਂ ਮਿਲਿਆ। ਸ਼ਰਾਬ ਕੰਪਨੀਆਂ ਅਤੇ ਸਿਹਤ ਮਾਹਿਰਾਂ ਨਾਲ ਪ੍ਰਸਤਾਵ ’ਤੇ ਚਰਚਾ ਕਰ ਰਿਹਾ ਹੈ। ਹਾਲਾਂਕਿ, ਇਹ ਅਜੇ ਤੈਅ ਨਹੀਂ ਹੈ ਕਿ ਨਵੇਂ ਲੇਬਲ ਕਦੋਂ ਲਾਗੂ ਹੋਣਗੇ ਅਤੇ ਉਹ ਕਿੰਨੇ ਸਖ਼ਤ ਹੋਣਗੇ।

# ਆਯੁਸ਼ਮਾਨ ਕਾਰਡ ਬਣਾਉਣ ਵਾਲਿਆਂ ਲਈ ਅਹਿਮ ਖ਼ਬਰ

**ਏਜੰਸੀਆਂ**

ਖਮਾਣੋਂ 8 ਫਰਵਰੀ। ਜ਼ਿਲ੍ਹੇ ਦੇ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਵੱਖ-ਵੱਖ ਪੈਨਸ਼ਨ ਸਕੀਮਾਂ ਦੇ 70 ਹਜ਼ਾਰ 27 ਲਾਭਪਾਤਰੀਆਂ ਨੂੰ 10 ਕਰੋੜ 50 ਲੱਖ 40 ਹਜ਼ਾਰ 500 ਰੁਪਏ ਦੀ ਪੈਨਸ਼ਨ ਦਿੱਤੀ ਗਈ ਹੈ। ਇਸ ’ਚੋਂ 45198 ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਸਕੀਮ ਅਧੀਨ 6 ਕਰੋੜ 77 ਲੱਖ 97 ਹਜ਼ਾਰ ਰੁਪਏ ਦੀ ਵਿੱਤੀ ਮਦਦ ਦਿੱਤੀ ਗਈ ਹੈ। ਇਹ ਜਾਣਕਾਰੀ ਡੀ. ਸੀ. ਡਾ. ਸੋਨਾ ਥਿੰਦ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬਜ਼ੁਰਗਾਂ ਤੇ ਦਿਵਿਆਂਗਜਨਾਂ ਦੀ ਭਲਾਈ ਲਈ ਬਣਾਈਆਂ ਕਮੇਟੀਆਂ ਦੀ ਮੀਟਿੰਗ ਦੀ ਅਗਵਾਈ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਸਾਡੇ ਬਜ਼ੁਰਗ ਸਾਡਾ ਮਾਣ ਪ੍ਰੋਗਰਾਮ ਅਧੀਨ ਜ਼ਿਲ੍ਹੇ ’ਚ ਬਜ਼ੁਰਗ ਨਾਗਰਿਕਾਂ ਸਬੰਧੀ ਸਰਵੇ ਵੀ ਕਰਵਾਇਆ ਜਾ ਰਿਹਾ ਹੈ। ਡੀ. ਸੀ. ਨੇ ਕਿਹਾ ਕਿ ਸਰਕਾਰ ਵੱਲੋਂ ਸੀਨੀਅਰ ਸਿਟੀਜ਼ਨਾਂ ਨੂੰ ਆਯੁਸ਼ਮਾਨ ਸਿਹਤ ਬੀਮਾ ਸਕੀਮ ਦਾ ਲਾਭ ਦੇਣ ਦੇ ਫ਼ੈਸਲੇ ਅਧੀਨ ਜ਼ਿਲ੍ਹੇ ਦੇ ਬਜ਼ੁਰਗਾਂ ਦੇ ਆਯੁਸ਼ਮਾਨ ਕਾਰਡ ਬਣਾਉਣ ਲਈ ਕੈਂਪ ਲਾਏ ਜਾਣ ਤਾਂ ਜੋ ਜ਼ਿਲ੍ਹੇ ਦੇ ਸਾਰੇ ਬਜ਼ੁਰਗਾਂ ਨੂੰ ਸਕੀਮ ਦਾ ਲਾਭ ਮਿਲ ਸਕੇ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਆਯੁਸ਼ਮਾਨ ਸਕੀਮ ਅਧੀਨ ਇੰਮਪੈਨਲਡ ਹਸਪਤਾਲਾਂ ਦੀ ਸੂਚੀ ਬਜ਼ੁਰਗਾਂ ਨੂੰ ਮੁਹੱਈਆ ਕਰਵਾਈ ਜਾਵੇ ਤਾਂ ਜੋ ਲੋੜ ਪੈਣ ’ਤੇ ਉਨ੍ਹਾਂ ਕੋਈ ਖੱਜਲ-ਖੁਆਰੀ ਨਾ ਝੱਲਣੀ ਪਵੇ। ਉਨ੍ਹਾਂ ਨਗਰ ਕੌਂਸਲ ਸਰਹਿੰਦ ਦੇ ਈ. ਓ. ਸੰਗੀਤ ਕੁਮਾਰ ਨੂੰ ਕਿਹਾ ਕਿ ਸਰਹਿੰਦ ਵਿਖੇ ਬਣੇ ਸੀਨੀਅਰ ਸਿਟੀਜ਼ਨ ਹੋਮ ’ਚ ਏ. ਸੀ. ਲਗਵਾਉਣ ਸਬੰਧੀ ਤੁਰੰਤ ਕਾਰਵਾਈ ਕੀਤੀ ਜਾਵੇ ਤਾਂ ਜੋ ਬਜ਼ੁਰਗਾਂ ਨੂੰ ਗਰਮੀਆਂ ਦੌਰਾਨ ਪਰੇਸ਼ਾਨੀ ਨਾ ਆਵੇ। ਡੀ. ਸੀ. ਨੇ ਦਿਵਿਆਂਗਜਨਾਂ ਦੀ ਭਲਾਈ ਲਈ ਬਣਾਈ ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰਦਿਆਂ ਦੱਸਿਆ ਕਿ ਜ਼ਿਲ੍ਹੇ ’ਚ ਦਿਵਿਆਂਗਜਨਾਂ ਦੇ ਹੁਣ ਤੱਕ 9466 ਯੂ. ਡੀ. ਆਈ. ਡੀ. ਕਾਰਡ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਸਮੱਗਰ ਸਿੱਖਿਆ ਅਭਿਆਨ ਤਹਿਤ ਜ਼ਿਲ੍ਹੇ ਦੇ ਸਮੂਹ ਸਰਕਾਰੀ ਸਕੂਲਾਂ ’ਚ ਵਿਸ਼ੇਸ਼ ਲੋੜਾਂ ਵਾਲੇ



ਬੱਚਿਆਂ ਦਾ ਆਮ ਬੱਚਿਆਂ ਨਾਲ ਸਾਂਝੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ। ਇਨ੍ਹਾਂ ਬੱਚਿਆਂ ਲਈ ਸਕੂਲਾਂ ’ਚ ਰਿਸੋਰਮ ਰੂਮਾਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ, ਜਿੱਥੇ ਵਿਸ਼ੇਸ਼ ਸਿਖਲਾਈ ਪ੍ਰਾਪਤ ਰਿਸੋਰਸ ਅਧਿਆਪਕਾਂ ਵੱਲੋਂ ਸਿੱਖਿਆ ਦਿੱਤੀ ਜਾ ਰਹੀ ਹੈ। ਰਿਸੋਰਸ ਰੂਮਾਂ ’ਚ ਆਉਣ ਵਾਲੇ ਬੱਚਿਆਂ ਦੇ ਕਿਰਾਏ ਦਾ ਪ੍ਰਬੰਧ, ਮੁਫ਼ਤ ਕਿਤਾਬਾਂ, ਵਰਦੀਆਂ, ਭੋਜਨ ਤੇ ਸਿਖਣ ਸਮੱਗਰੀ ਵੀ ਦਿੱਤੀ ਜਾ ਰਹੀ ਹੈ। ਮੀਟਿੰਗ ’ਚ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਸਿੰਘ ਟਿਵਾਣਾ, ਸਹਾਇਕ ਸਿਵਲ ਸਰਜਨ ਡਾ. ਅਮਰੀਕ ਸਿੰਘ, ਕਨਫੈਡਰੇਸ਼ਨ ਫਾਰਮ ਚੈਲੇਂਜਡ ਬਸੀ ਪਠਾਣਾ ਦੇ ਸਕੱਤਰ ਜਨਰਲ ਮਨਮੋਹਨ ਜਰਗਰ, ਸਰਬੱਤ ਦਾ ਭਲਾ ਹੈਂਡੀਕੈਪਡ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਗੁਰਵਿੰਦਰ ਸਿੰਘ ਸੋਨੀ, ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਦੇ ਪ੍ਰਧਾਨ ਰਾਮ ਨਾਥ ਸ਼ਰਮਾ, ਅਸ਼ੋਕ ਸੂਦ, ਕੇ.ਕੇ. ਵਰਮਾ, ਓਲਡਏਜ਼ ਹੋਮ ਬਸੀ ਪਠਾਣਾ ਦੇ ਸੁਨੀਲ ਰੈਨਾ, ਨਗਰ ਕੌਂਸਲ ਬਸੀ ਪਠਾਣਾ ਦੇ ਈ.ਓ. ਸੁਖਦੇਵ ਸਿੰਘ, ਡੀ. ਡੀ. ਐੱਫ. ਇਕਰਾਮ ਖਾਨ, ਕੇ. ਕੇ. ਵਰਮਾ ਵੀ ਹਾਜ਼ਰ ਸਨ।

## ਸੁਰੱਖਿਆ ਫ਼ੋਰਸਾਂ ਨੇ ਭਾਰੀ ਮਾਤਰਾ ’ਚ ਜੰਗੀ ਸਮੱਗਰੀ ਨਾਲ ਵਿਅਕਤੀ ਕੀਤਾ ਗ੍ਰਿਫ਼ਤਾਰ

ਸ਼ਰੀਨਗਰ 8 ਫਰਵਰੀ। ਜੰਮੂ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ’ਚ ਸੁਰੱਖਿਆ ਫ਼ੋਰਸਾਂ ਨੇ ਭਾਰੀ ਮਾਤਰਾ ’ਚ ਜੰਗੀ ਸਮੱਗਰੀ ਨਾਲ ਇਕ ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਫ਼ੌਜ ਨੇ ਦੱਸਿਆ ਕਿ ਸ਼ੱਕੀ ਨੂੰ ਮੰਗਲਵਾਰ ਨੂੰ ਸੰਯੁਕਤ ਮੋਬਾਇਲ ਵਾਹਨ ਚੈੱਕ ਪੋਸਟ ’ਤੇ ਗ੍ਰਿਫ਼ਤਾਰ ਕੀਤਾ ਗਿਆ। ਇਸ ਚੈੱਕ ਪੋਸਟ ਨੂੰ ਸ਼ਾਹਬਾਦ, ਪੁਲਵਾਮਾ ’ਚ ਜੰਮੂ ਕਸ਼ਮੀਰ ਪੁਲਸ ਦੇ ਸਹਿਯੋਗ ਨਾਲ ਸਥਾਪਤ ਕੀਤਾ ਗਿਆ ਸੀ। ਫ਼ੌਜ ਦੀ ਚਿਨਾਰ ਕੋਰ ਨੇ ‘ਐਕਸ’ ’ਤੇ ਇਕ ਪੋਸਟ ’ਚ ਕਿਹਾ,’’ਚਾਰ ਫਰਵਰੀ 2025 ਨੂੰ ਵਿਸ਼ੇਸ਼ ਖੁਫੀਆ ਇਨਪੁਟ ਦੇ ਆਧਾਰ ’ਤੇ ਭਾਰਤੀ ਫ਼ੌਜ ਅਤੇ ਜੰਮੂ ਕਸ਼ਮੀਰ ਪੁਲਸ ਨੇ ਸ਼ਾਹਬਾਦ, ਪੁਲਵਾਮਾ ’ਚ ਇਕ ਸੰਯੁਕਤ ਮੋਬਾਇਲ ਵਾਹਨ ਚੈੱਕ ਪੋਸਟ ਸਥਾਪਤ ਕੀਤਾ ਸੀ। ਇਕ ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਕੇ ਉਸ ਕੋਲੋਂ ਜੰਗੀ ਸਮੱਗਰੀ ਬਰਾਮਦ ਕੀਤੀ ਗਈ ਹੈ।’’ ਫ਼ੌਜ ਨੇ ਕਿਹਾ ਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਨਵੀਂ ਵਿਆਹੀ ਔਰਤ ਨੇ ਫਾਹਾ ਲਾ ਕੀਤੀ ਖੁਦਕੁਸ਼ੀ, ਢਾਈ ਮਹੀਨੇ ਪਹਿਲਾਂ ਹੋਇਆ ਸੀ ਵਿਆਹ

ਜਲੰਧਰ 8 ਫਰਵਰੀ। ਜਲੰਧਰ ਦੇ ਬਸਤੀ ਬਾਵਾ ਖੇਲ ’ਚ ਕੱਚਾ ਕੋਟ ’ਚ ਨਵ-ਵਿਆਹੁਤਾ ਔਰਤ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਮ੍ਰਿਤਕਾ ਦੀ ਪਛਾਣ 25 ਸਾਲਾ ਹਰਜੋਤ ਕੌਰ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਹਰਜੋਤ ਕੌਰ ਦਾ ਵਿਆਹ ਢਾਈ ਮਹੀਨੇ ਪਹਿਲਾਂ ਅਮਰੀਕਾ ਦੇ ਰਹਿਣ ਵਾਲੇ ਵਿਅਕਤੀ ਨਾਲ ਹੋਇਆ ਸੀ। ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਘਟਨਾ ਦੀ ਸੂਚਨਾ ਮਿਲਣ ’ਤੇ ਲੈਦਰ ਕੰਪਲੈਕਸ ਦੇ ਸਟੇਸ਼ਨ ਇੰਚਾਰਜ ਵਿਕਟਰ ਮਸੀਹ ਨੇ ਮੌਕੇ ’ਤੇ ਪਹੁੰਚ ਕੇ ਪਰਿਵਾਰ ਦੇ ਬਿਆਨ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕਾ ਦੇ ਪਿਤਾ ਦਿਲੇਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਲੜਕੀ ਦਾ ਵਿਆਹ 3 ਮਹੀਨੇ ਪਹਿਲਾਂ ਹੀ ਹੋਇਆ ਸੀ। ਵਿਆਹ ਤੋਂ ਬਾਅਦ ਉਨ੍ਹਾਂ ਦਾ ਜਵਾਈ ਵਿਦੇਸ਼ ਚਲਾ ਗਿਆ ਸੀ ਪਰ ਕੋਈ ਵੀ ਉੱਥੇ ਜਾ ਕੇ ਆਪਣੀ ਧੀ ਨਾਲ ਚੰਗੀ ਤਰ੍ਹਾਂ ਗੱਲ ਨਹੀਂ ਕਰਦਾ ਸੀ। ਉਨ੍ਹਾਂ ਦੱਸਿਆ ਕਿ ਉਹ ਆਟੋ ਰਿਕਸ਼ਾ ਚਲਾ ਕੇ ਆਪਣਾ ਗੁਜ਼ਾਰਾ ਕਰਦਾ ਹੈ। ਪਰ ਫਿਰ ਵੀ ਵਿਚੋਲੇ ਦੇ ਕਹਿਣ ’ਤੇ ਉਨ੍ਹਾਂ ਨੇ ਲਾੜਾ ਪਰਿਵਾਰ ਦੀਆਂ ਸਾਰੀਆਂ ਮੰਗਾਂ ਪੂਰੀਆਂ ਕੀਤੀਆਂ। ਪਰ ਫਿਰ ਵੀ ਜਵਾਈ ਉਸ ਨੂੰ ਝਿੜਕਦਾ ਰਿਹਾ। ਜਿਸ ਕਾਰਨ ਉਸ ਨੇ ਪਰੇਸ਼ਾਨ ਹੋ ਕੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਏ.ਐਸ.ਆਈ. ਜੁਗਲ ਕਿਸ਼ੋਰ ਨੇ ਦੱਸਿਆ ਕਿ ਉਨ੍ਹਾਂ ਨੂੰ ਲੜਕੀ ਵੱਲੋਂ ਖੁਦਕੁਸ਼ੀ ਕਰਨ ਦੀ ਸੂਚਨਾ ਮਿਲੀ ਸੀ। ਮੌਕੇ ’ਤੇ ਪਹੁੰਚ ਕੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ’ਚ ਰਖਵਾਇਆ ਗਿਆ।